ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 60 | 1 to 7 March, 2023 | Ph.: (510) 240-5949 | Email: asrtimes@gmail.com

# ਅਜਨਾਲਾ ਹਿੰਸਾ ਬਾਰੇ ਕੇਂਦਰ ਵੱਲੋਂ ਪੰਜਾਬ ਪੁਲਿਸ ਤੇ ਆਈ.ਬੀ. ਤੋਂ ਰਿਪੋਰਟ ਤਲਬ

## ਅਜਨਾਲਾ ਕਾਂਡ ਬਾਰੇ ਪੰਜਾਬ ਸਰਕਾਰ ਵੱਲੋਂ ਕਾਰਵਾਈ 'ਤੇ ਚੁੱਪੀ, ਸਵਾਲਾਂ ਦੇ ਘੇਰੇ 'ਚ !

### ➤ ਹਥਿਆਰਬੰਦ ਵਿਅਕਤੀਆਂ ਦੇ ਲਾਇਸੈਂਸ ਦੀ ਹੋਵੇਗੀ ਜਾਂਚ ➤ ਗੋਦੀ ਮੀਡੀਆ ਪੰਜਾਬ ਨੂੰ ਹਿੰਸਕ ਸਟੇਟ ਦਰਸਾਉਣ ਲੱਗਾ







ਚੰਡੀਗੜ੍ਹ/ਏ.ਟੀ.ਨਿਊਜ਼ :- ਅਜਨਾਲਾ ਹਿੰਸਾ ਬਾਰੇ ਅਜੇ ਤਕ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ। ਐੱਸ.ਪੀ. ਤੇਜਬੀਰ ਸਿੰਘ ਦਾ ਇਸ ਬਾਰੇ ਕਹਿਣਾ ਸੀ ਕਿ ਹਾਲੇ ਇਸ ਮਾਮਲੇ 'ਤੇ ਜਾਂਚ ਅੱਗੇ ਨਹੀਂ ਵਧਾਈ ਗਈ ।ਅਜਨਾਲਾ ਥਾਣੇ ਵਿੱਚ ਹਮਲੇ ਬਾਰੇ ਪੁਲਿਸ ਹਾਲੇ ਤੱਕ 120 ਤੋਂ ਵੱਧ ਵੀਡੀਓ ਫੁਟੇਜ ਦੇਖ ਚੁੱਕੀ ਹੈ। ਪਰ ਪੁਲਿਸ ਅਧਿਕਾਰੀ ਇਸ ਮਾਮਲੇ ਵਿੱਚ ਹਾਲੇ ਕੁਝ ਵੀ ਕਹਿਣ ਲਈ ਤਿਆਰ ਨਹੀਂ ਹਨ। ਜਦੋਂ ਡੀ.ਜੀ.ਪੀ. ਨੇ ਅਜਨਾਲਾ ਘਟਨਾ ਮਾਮਲੇ ਦੀ ਜਾਂਚ ਕਰਵਾ ਕੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦਾ ਬਿਆਨ ਦਿੱਤਾ ਸੀ ਤਾਂ ਦੂਜੇ ਪਾਸਿਉਂ ਅੰਮ੍ਰਿਤਪਾਲ ਸਿੰਘ ਵਲੋਂ ਮੁੜ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਜੇਕਰ ਪਰਚੇ ਦਰਜ ਕੀਤੇ ਤਾਂ ਪਹਿਲਾਂ ਵਾਂਗ ਹੀ ਰੋਸ ਮੁਜ਼ਾਹਰਾ ਹੋ ਸਕਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਅਤੇ ਸਰਕਾਰ ਦੇ ਕਿਸੇ ਵੀ ਅਹੁਦੇਦਾਰ ਵਲੋਂ ਇਸ ਘਟਨਾ ਤੋਂ ਬਾਅਦ ਕੋਈ ਵੀ ਕਾਰਵਾਈ ਹੋਣ ਦੇ ਸੰਕੇਤ ਨਹੀਂ ਮਿਲੇ ਹਨ। ਭਗਵੰਤ ਮਾਨ ਸਰਕਾਰ ਇਸ ਮਾਮਲੇ ਨੂੰ ਹੁਣ ਰਫ਼ਾ ਦਫਾ ਕਰਨ ਦੇ ਰੌਂਅ ਵਿੱਚ ਜਾਪਦੀ ਹੈ ।

ਯਾਦ ਰਹੇ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਅਜਨਾਲਾ ਵਿੱਚ ਅੰਮ੍ਰਿਤਪਾਲ ਸਿੰਘ ਵਲੋਂ ਆਪਣੇ ਸਾਥੀ ਦੀ ਰਿਹਾਈ ਲਈ ਕੀਤੇ ਗਏ ਪ੍ਰਦਰਸ਼ਨ ਦਾ ਗੰਭੀਰ ਨੋਟਿਸ ਲਿਆ ਸੀ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵਲੋਂ ਅਜਨਾਲਾ ਥਾਣੇ ਵਿੱਚ ਹਥਿਆਰਾਂ ਨਾਲ ਜਾਣ ਅਤੇ ਪੁਲਿਸ ਅਧਿਕਾਰੀਆਂ 'ਤੇ ਹਮਲਾ ਕਰਨ ਦੇ ਮਾਮਲੇ 'ਚ ਸੂਬਾ ਪੁਲਿਸ ਅਤੇ ਕੇਂਦਰੀ ਖ਼ੁਫ਼ੀਆ ਏਜੰਸੀ (ਆਈ.ਬੀ.) ਤੋਂ ਹੁਣ ਤੱਕ ਦੀ ਸਾਰੀ ਘਟਨਾ, ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਪਛਾਣ ਅਤੇ ਕਾਰਵਾਈ ਬਾਰੇ ਰਿਪੋਰਟ ਤਲਬ ਕੀਤੀ ਸੀ। ਇਸ ਤੋਂ ਇਲਾਵਾ ਕੇਂਦਰ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਦਾ ਮੋਹਾਲੀ ਵਿੱਚ ਜੋ ਧਰਨਾ ਲੱਗਿਆ ਹੈ ਉਸ ਬਾਰੇ ਵੀ ਰਿਪੋਰਟ ਮੰਗੀ ਹੈ, ਜਿਸ ਪੁੱਛਿਆ ਗਿਆ ਹੈ ਕਿ ਹੁਣ ਇਸ ਦੀ ਸਥਿਤੀ ਕੀ ਹੈ ਅਤੇ ਹਾਲਾਤ ਹਿੰਸਕ ਹੋਣ 'ਤੇ ਇਸ ਨੂੰ ਰੋਕਣ ਲਈ ਪੰਜਾਬ ਪੁਲਿਸ ਵਲੋਂ ਕੀ ਪ੍ਰਬੰਧ ਕੀਤੇ ਗਏ ਹਨ।

ਜਾਣਕਾਰੀ ਅਨੁਸਾਰ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਦੇ ਨਾਲ ਆਏ ਹਥਿਆਰਬੰਦ ਵਿਅਕਤੀਆਂ ਦੇ ਅਸਲਾ ਲਾਇਸੈਂਸਾਂ ਦੀ ਜਾਂਚ ਕਰਨ ਦਾ ਫ਼ੈਸਲਾ ਕੀਤਾ ਹੈ। ਪੰਜਾਬ ਪੁਲਿਸ ਨੇ ਇਹ ਫ਼ੈਸਲਾ ਲਿਆ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤੀ ਨਾਲ ਕਦਮ ਚੁੱਕੇ ਜਾਣ ਅਤੇ ਅਜਿਹੇ ਗਰਮ ਖਿਆਲੀ ਲੋਕਾਂ ਦੇ ਰੋਸ ਪ੍ਰਦਰਸ਼ਨਾਂ ਨੂੰ ਉੱਚ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਾਅਦ ਹੀ ਮਨਜ਼ੂਰੀ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਅਗਵਾ ਤੇ ਕੁੱਟਮਾਰ ਦੇ ਦੋਸ਼ ਵਿੱਚ ਅਜਨਾਲਾ ਥਾਣੇ 'ਚ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਕੇਸ ਦਰਜ ਕਰਨ ਤੋਂ ਬਾਅਦ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਦੇ ਸਾਥੀ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ

(ਬਾਕੀ ਸਫ਼ਾ 31 'ਤੇ)

## ਮਾਨ ਸਰਕਾਰ ਤੋਂ ਅਸਤੀਫ਼ੇ ਦੀ ਮੰਗ

ਸਿਆਸੀ ਪਾਰਟੀਆਂ ਦੇ ਆਗੂਆਂ ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ, ਰਾਜਾ ਅਰਮਿੰਦਰ ਸਿੰਘ ਵੜਿੰਗ, ਰਵਨੀਤ ਬਿੱਟੂ ਵਲੋਂ ਅਜਨਾਲਾ ਘਟਨਾ ਲਈ ਮੁੱਖ ਮੰਤਰੀ ਨੂੰ ਜਿੰਮੇਵਾਰ ਕਰਾਰ ਦਿੰਦਿਆਂ ਅਸਤੀਫ਼ੇ ਦੀ ਮੰਗ ਕੀਤੀ ਗਈ ਹੈ। ਕਾਂਗਰਸ ਦਾ ਕਹਿਣਾ ਹੈ ਕਿ ਜੇ ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਖ਼ਿਲਾਫ਼ ਕਾਰਵਾਈ ਨਾ ਕੀਤੀ ਤਾਂ ਕਾਂਗਰਸ ਵਲੋਂ ਅੰਦੋਲਨ ਕਰਨ ਦਾ ਐਲਾਨ ਕਰ ਦਿੱਤਾ ਜਾਵੇਗਾ। ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਜਲਦ ਤੋਂ ਜਲਦ ਕਾਰਵਾਈ ਦੀ ਮੰਗ ਕਰਦਿਆਂ ਕਾਂਗਰਸੀ ਆਗੂ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਪਰਚਾ ਦਰਜ ਨਾ ਕੀਤਾ ਗਿਆ ਤਾਂ ਉਹ ਪੰਜਾਬ ਦੇ ਮੁੱਖ ਮੰਤਰੀ ਦੀ ਚੰਡੀਗੜ੍ਹ ਰਿਹਾਇਸ਼ ਬਾਹਰ ਬੈਠ ਵਿਰੋਧ ਪ੍ਰਦਰਸ਼ਨ ਕਰਨਗੇ।

ਦੂਜੇ ਪਾਸੇ ਅਕਾਲੀ ਦਲ ਨੇ ਵੀ ਖੁੱਲ੍ਹ ਕੇ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਗੋਡੇ ਟੇਕਣ ਵਾਲੀ ਕਰਾਰ ਦਿੱਤਾ।

ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਜਨਰਲ ਸਕੱਤਰ ਸੁਭਾਸ਼ ਸ਼ਰਮਾ, ਕੈਪਟਨ ਅਮਰਿੰਦਰ ਸਿੰਘ ਅਤੇ ਫਤਿਹਜੰਗ ਬਾਜਵਾ ਨੇ ਕਿਹਾ ਕਿ ਅਜਨਾਲਾ 'ਚ ਵਾਪਰੀ ਘਟਨਾ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਢਾਹ ਲੱਗੀ ਹੈ। ਭਗਵੰਤ ਮਾਨ ਤੋਂ ਸੂਬਾ ਨਹੀਂ ਸੰਭਲ ਰਿਹਾ, ਇਸ ਲਈ ਕੇਂਦਰ ਨੂੰ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੀਦਾ ਹੈ।

ਆਮ ਆਦਮੀ ਪਾਰਟੀ ਅਤੇ ਪੰਜਾਬ ਦੀ ਸਰਕਾਰ ਇਹ ਮੰਨਣ ਲਈ ਤਿਆਰ ਨਹੀ ਹੈ ਕਿ ਸੂਬੇ ਵਿੱਚ ਕਿਸੇ ਕਿਸਮ ਦੀ ਅਮਨ ਕਾਨੂੰਨ ਦੀ ਹਾਲਤ ਨੂੰ ਖਤਰਾ ਹੈ। ਮੁੱਖ ਮੰਤਰੀ ਅਜਨਾਲਾ ਦੀ ਘਟਨਾ ਨੂੰ ਮੁੱਠੀ ਭਰ ਲੋਕਾਂ ਦੀ ਕਾਰਵਾਈ ਦੱਸ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਬਣਾ ਕੇ ਥਾਣਿਆਂ ਤੱਕ ਲੈ ਜਾਣ ਵਾਲੇ ਕਿਸੇ ਵੀ ਪੱਖ ਤੋਂ ਪੰਜਾਬ ਤੇ ਪੰਜਾਬੀਆਂ ਦੇ ਵਾਰਿਸ ਅਖਵਾਉਣ ਦੇ ਕਾਬਲ ਨਹੀਂ ਹੋ ਸਕਦੇ।

## ਜਥੇਦਾਰ ਅਕਾਲ ਤਖ਼ਤ ਨੇ ਬਣਾਈ ਕਮੇਟੀ

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਜਨਾਲਾ ਘਟਨਾ ਤੋਂ ਬਾਅਦ ਰੋਸ ਮੁਜਹਾਰਿਆਂ, ਧਰਨਿਆਂ ਅਤੇ ਕਬਜੇ ਵਾਲੇ ਅਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਸਰੂਪ ਲਿਜਾਣ ਦੇ ਮਾਮਲੇ ਨੂੰ ਵਿਚਾਰਨ ਲਈ ਇੱਕ ਸਬ-ਕਮੇਟੀ ਦਾ ਗਠਨ ਕੀਤਾ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਕਮੇਟੀ ਰੋਸ ਪ੍ਰਦਰਸ਼ਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸਬੰਧੀ ਵਿਚਾਰ ਕਰੇਗੀ ਅਤੇ 15 ਦਿਨਾਂ ਵਿੱਚ ਅਕਾਲ ਤਖ਼ਤ ਸਾਹਿਬ ਨੂੰ ਰਿਪੋਰਟ ਭੇਜੇਗੀ। ਇਸ ਉਪਰ ਅੰਤਮ ਫੈਸਲਾ ਪੰਜ ਸਿੰਘ ਸਾਹਿਬਾਨ ਵੱਲੋਂ ਲਿਆ ਜਾਵੇਗਾ।

# ਰੋਬੋਟਿਕ ਨੀਅ ਰਿਪਲੇਸਮੈਂਟ ਦੀ ਸਿਖਲਾਈ ਪ੍ਰਦਾਨ ਕਰਨ ਵਾਲੇ ਪਹਿਲੇ ਸਿੱਖ ਸਰਜਨ ਬਣੇ ਡਾ. ਅਵਤਾਰ ਸਿੰਘ

## ਏਸ਼ੀਆ ਦੇ ਸਰਜਨਾਂ ਨੂੰ ਉੱਨਤ ਰੋਬੋਟਿਕ ਸਰਜਰੀ ਤਕਨੀਕ ਸਿਖਾਉਣ ਲਈ ਮਿਲਿਆ ਸੱਦਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਅਮਨਦੀਪ ਹਸਪਤਾਲ ਅੰਮ੍ਰਿਤਸਰ ਦੇ ਆਰਥੋਪੀਡਿਕ ਸਰਜਨ ਡਾ. ਅਵਤਾਰ ਸਿੰਘ, ਜਿਨ੍ਹਾਂ ਨੂੰ ਸਿੰਗਾਪੁਰ ਸਥਿਤ ਇਕ ਅਮਰੀਕਨ ਅਕੈਡਮੀ ਵੱਲੋਂ ਏਸ਼ੀਆ ਭਰ ਦੇ ਆਰਥੋਪੈਡਿਕ ਸਰਜਨਾਂ ਨੂੰ ਰੋਬੋਟਿਕ ਨੀਅ ਰਿਪਲੇਸਮੈਂਟ ਦੀਆਂ ਅਤਿ ਆਧੁਨਿਕ ਤਕਨੀਕਾਂ ਦੀ ਸਿਖਲਾਈ ਦੇਣ ਲਈ ਸੱਦਾ ਦਿੱਤਾ ਗਿਆ ਸੀ, ਇਸ ਸਿਖਲਾਈ ਦਾ ਸੰਚਾਲਨ ਕਰਨ ਤੋਂ ਬਾਅਦ ਦੂਜੇ ਦੇਸ਼ਾਂ ਦੇ ਆਰਥੋਪੀਡਿਕ ਸਰਜਨਾਂ ਨੂੰ ਰੋਬੋਟਿਕ ਨੀ ਰਿਪਲੇਸਮੈਂਟ ਦੀ ਸਿਖਲਾਈ ਪ੍ਰਦਾਨ ਕਰਨ ਵਾਲੇ ਇਤਿਹਾਸ ਦੇ ਪਹਿਲੇ ਸਿੱਖ ਸਰਜਨ ਬਣ ਗਏ ਹਨ। ਉਨ੍ਹਾਂ ਦੇ ਇਸ ਉਪਰਾਲੇ ਨਾਲ ਮੈਡੀਕਲ ਟੂਰਿਜ਼ਮ ਨੂੰ ਭਰਵਾਂ ਹੁੰਗਾਰਾ ਮਿਲਣ ਦੀ ਪੂਰੀ ਸੰਭਾਵਨਾ ਹੈ। ਇਸ ਸਿਖਲਾਈ ਪ੍ਰੋਗਰਾਮ ਵਿਚ ਯੋਗਦਾਨ ਪਾਉਣ ਲਈ ਡਾ. ਅਵਤਾਰ ਸਿੰਘ ਸਿੰਗਾਪੁਰ ਲਈ ਰਵਾਨਾ ਹੋ ਗਏ ਹਨ।

ਡਾ. ਅਵਤਾਰ ਸਿੰਘ ਜਿਨ੍ਹਾਂ ਪਿਛਲੇ ਚਾਰ ਸਾਲਾਂ ਵਿਚ 2200 ਤੋਂ ਵੱਧ ਰੋਬੋਟਿਕ ਗੋਡੇ ਬਦਲਣ ਦੀਆਂ ਸਫਲ ਸਰਜਰੀਆਂ ਕਰਨ ਦਾ ਮੁਕਾਮ ਮਿਲਦਾ ਹੈ, ਨੇ ਦੱਸਿਆ ਕਿ ਇਸ ਦੋ ਦਿਨਾਂ ਸਿਖਲਾਈ ਕੋਰਸ ਵਿਚ ਸ੍ਰੀਲੰਕਾ,



ਇੰਡੋਨੇਸ਼ੀਆ, ਨੇਪਾਲ, ਬੰਗਲਾਦੇਸ਼, ਮਲੇਸ਼ੀਆ, ਆਦਿ, ਵਰਗੇ ਦੇਸ਼ਾਂ ਦੇ ਆਰਥੋਪੈਡਿਕ ਸਰਜਨਾਂ ਦੀ ਸ਼ਮੂਲੀਅਤ ਦੇਖਣ ਨੂੰ ਮਿਲੀ। ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਰੋਬੋਟਿਕ ਗੋਡਿਆਂ ਦੀ ਸਰਜਰੀ ਨੂੰ ਪੂਰੀ ਦੁਨੀਆ ਵਿਚ ਇਸ ਲਈ ਪ੍ਰਵਾਨ ਕੀਤਾ ਜਾ ਰਿਹਾ ਹੈ ਕਿਉਂਕਿ ਮੈਨੂਅਲ ਤਕਨੀਕ ਨਾਲ ਸਿਰਫ 80 ਪ੍ਰਤੀਸ਼ਤ ਮਰੀਜ਼ ਸੰਤੁਸ਼ਟ ਸਨ, ਪਰ ਉਨਤ ਰੋਬੋਟਿਕ ਨੀ ਰਿਪਲੇਸਮੈਂਟ ਸਰਜਰੀ ਨਾਲ ਇਹ ਅੰਕੜਾ ਲਗਭਗ 100 ਫ਼ੀਸਦੀ ਹੈ। ਉਤਰੀ ਭਾਰਤ ਵਿੱਚ ਰੋਬੋਟਿਕ ਗੋਡੇ ਬਦਲਣ ਦੀ ਸਰਜਰੀ ਸ਼ੁਰੂ ਕਰਣ ਦਾ ਦਾਅਵਾ ਕਰਨ ਵਾਲੇ ਡਾ. ਅਵਤਾਰ ਸਿੰਘ ਨੇ ਕਿਹਾ ਕਿ ਇਹ ਕੋਰਸ ਆਰਥਰੋਪਲਾਸਟੀ ਸਰਜਨਾਂ ਨੂੰ ਰੋਬੋਟਿਕ ਅਸਿਸਟੇਡ ਪਾਰਸ਼ਿਅਲ ਅਤੇ ਟੋਟਲ ਨੀ ਰਿਪਲੇਸਮੈਂਟ ਪ੍ਰਕਿਰਿਆਵਾਂ ਲਈ ਸਿਖਲਾਈ ਦੇਣ ਲਈ ਤਿਆਰ ਕੀਤਾ ਗਿਆ ਸੀ। ਕੋਰਸ ਕੈਡੇਵਰ ਅਧਾਰਤ ਹੈ ਅਤੇ ਸਰਜਨਾਂ ਦੁਆਰਾ ਉਨਤ ਤਕਨਾਲੋਜੀ ਪ੍ਰਕਿਰਿਆਵਾਂ ਦੀ ਸਹੀ ਤੇ ਪ੍ਰਭਾਵਸ਼ਾਲੀ ਵਰਤੋਂ ਸਿੱਖਣ ਦੀ ਪ੍ਰਕਿਰਿਆ ਵਿੱਚ ਮਦਦ ਕਰੇਗਾ।

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ



ਹਰਪ੍ਰੀਤ ਸਿੰਘ ਬੈਂਸ
Harpreet Singh Bains



ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal



ਸੁਰਿੰਦਰਜੀਤ ਕੌਰ
Surinderjit Kaur



ਰਜਿੰਦਰ ਸਿੰਘ ਰਾਜਾ
Rajinder Singh Raja



ਜਸਵੰਤ ਸਿੰਘ
Jaswant Singh

## ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ। 1992 ਤੋਂ ਮੈਂ ਬੇ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ। ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। 2015 ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ। ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦੁਆਰਾ ਸਾਹਿਬ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ। ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਹੈ।

## ਡਾਕਟਰ ਜਸਪ੍ਰੀਤ ਸਿੰਘ ਅਟਵਾਲ

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਅਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸੈਨ ਫਰਾਂਸਿਸਕੋ ਦੇ Glide Memorial Church ਵਿਚ ਲੋੜਵੰਦਾ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨਬੱਧ ਹਾਂ।

## ਸੁਰਿੰਦਰਜੀਤ ਕੌਰ

ਮੈਂ ਸੁਰਿੰਦਰਜੀਤ ਕੌਰ ਪਿਛਲੇ 30 ਸਾਲਾਂ ਤੋਂ ਬੇਅ ਏਰੀਏ ਦੀ ਵਸਨੀਕ ਹਾਂ। ਸੈਨਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਪਿਛਲੇ 24 ਸਾਲਾਂ ਤੋਂ ਪਬਲਿਕ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਸੇਵਾ ਨਿਭਾ ਰਹੀ ਹਾਂ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਲਈ ਕੰਮ ਕਰਨ ਦੀ ਲਗਨ ਹੈ। ਸੁਪਰੀਮ ਕੌਂਸਲ ਵਿੱਚ ਚੁਣੇ ਜਾਣ ਮਗਰੋਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਉਹਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਔਰਤਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਕੇ ਕਮਿਊਨਿਟੀ ਅਤੇ ਕੌਮੀ ਕਾਰਜਾਂ ਲਈ ਪ੍ਰੇਰਿਤ ਕਰਨਾ ਮੇਰਾ ਮੁੱਖ ਉਦੇਸ਼ ਹੋਵੇਗਾ।

## ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਅਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ।

## ਜਸਵੰਤ ਸਿੰਘ

ਦਾਸ ਜਸਵੰਤ ਸਿੰਘ ਪਿਛਲੇ 25 ਸਾਲਾਂ ਤੋਂ ਬੇਅ ਏਰੀਏ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ ਇਕਨਾਓਮਿਕਸ ਦੀ ਬੈਚੂਲਰ ਡਿਗਰੀ ਕੀਤੀ ਹੋਈ ਹੈ ਆਪਣਾ ਕਾਰੋਬਾਰ ਕਰਦਾ ਹੋਇਆ ਅਕਾਲ ਪੁਰਖ ਦੀ ਰਹਿਮਤ ਸਦਕਾ ਪੰਥਕ ਕਾਰਜਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਂਦਾ ਰਿਹਾ ਹਾਂ ਪਿਛਲੇ ਅਰਸੇ ਤੋ ਗੁਰਦੁਆਰਾ ਸਾਹਿਬ ਦੀ ਫਾਈਨੈਂਸ ਕਮੇਟੀ ਵਿੱਚ ਸੇਵਾ ਕਰਦਿਆ ਹੋਇਆ ਬੱਚਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਹੋਇਆ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਤੇ ਉਨ੍ਹਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ ਸੁਪਰੀਮ ਕੌਂਸਲ ਲਈ ਚੁਣੇ ਜਾਣ ਮਗਰੋ ਦਿੱਲੀ ਇੱਛਾ ਹੈ ਕਿ ਕੌਮ ਦੇ ਸੁਨਿਹਿਰੀ ਭਵਿੱਖ ਲਈ ਆਪਣੇ ਇਸੇ ਮਿਸ਼ਨ ਤੇ ਹੋਰ ਦ੍ਰਿੜਤਾ ਨਾਲ ਕੰਮ ਕਰਦਾ ਰਹਾਂ।

**ਯਾਦ ਰੱਖਣਾ 12 ਮਾਰਚ 2023 ਨੂੰ ਆਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 12, 2023**

ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ

# ਸਿੱਖ ਪੰਚਾਇਤ ਵੱਲੋਂ ਕੀਤੇ ਕੰਮਾਂ ਦੇ ਆਧਾਰ ’ਤੇ ਵੋਟ ਪਾਉਣ ਦੀ ਅਪੀਲ



## 12 ਮਾਰਚ ਨੂੰ ਹੋ ਰਹੀਆਂ ਹਨ ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ








ਫਰੀਮਾਂਟ/ਏ.ਟੀ.ਨਿਊਜ਼ :- ਸਿੱਖ ਕੌਮ ਇਕ ਅਜਿਹੀ ਕੌਮ ਹੈ ਜੋ ਆਪ ਕਿਸੇ ਵੀ ਸਥਿਤੀ ਵਿੱਚ ਹੋਵੇ ਪਰ ਉਸ ਦੇ ਅੰਦਰ ਸੇਵਾ ਦੀ ਭਾਵਨਾ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀ ਹੈ। ਸੋ ਸਿੱਖ ਪੰਚਾਇਤ ਸੰਗਤਾਂ ਵਲੋਂ ਚੁਣੀ ਗਈ ਉਨ੍ਹਾਂ ਦੀ ਆਪਣੀ ਪ੍ਰਬੰਧਕ ਕਮੇਟੀ ਹੈ, ਜਿਸ ਨੇ ਸਮੇਂ ਸਮੇਂ ਤੇ ਸੰਗਤਾਂ ਦੇ ਸਹਿਯੋਗ ਨਾਲ ਸੇਵਾ ਦੇ ਅਨੇਕਾਂ ਕਾਰਜ ਕੀਤੇ ਹਨ ਤੇ ਇਨ੍ਹਾਂ ਕਾਰਜਾਂ ਨੂੰ ਅੱਗੇ ਵੀ ਇਸੇ ਤਰਾਂ ਕਰਨ ਲਈ ਵਚਨਬੱਧ ਹੈ। ਸਿੱਖ ਪੰਚਾਇਤ ਵਲੋਂ ਸੰਗਤ ਦੇ ਸਹਿਯੋਗ ਨਾਲ ਕੀਤੇ ਕੁੱਝ ਮਹੱਤਵਪੂਰਨ ਕਾਰਜ ਜੋ ਸੰਗਤ ਦੀ ਕਚਹਿਰੀ ਵਿੱਚ ਹਨ।

ਜਿਵੇਂਕਿ ਆਪ ਸਭ ਨੂੰ ਪਤਾ ਹੀ ਹੈ ਕਿ ਕੋਰੋਨਾ ਕਾਲ ਦੇ ਸ਼ੁਰੂ ਵਿੱਚ ਬਹੁਤ ਡਰ ਵਾਲੀ ਸਥਿਤੀ ਬਣ ਗਈ ਸੀ ਅਤੇ ਉਸ ਵੇਲੇ ਗੁਰਦੁਆਰਾ ਸਾਹਿਬ ਨੇ ਆਪਣਾ ਰੋਲ ਬਾਖੂਬੀ ਨਾਲ ਨਿਭਾਇਆ। ਹੋਰਨਾਂ ਦਫ਼ਤਰਾਂ ਅਤੇ ਸੰਸਥਾਵਾਂ ਵਾਂਗ ਗੁਰਦੁਆਰਾ ਸਾਹਿਬ ਨੂੰ ਵੀ ਤਾਲੇ ਲਾਉਣ ਦੀ ਗੱਲ ਚੱਲੀ ਪਰ ਪ੍ਰਬੰਧਕਾਂ ਨੇ ਸਰਕਾਰੀ ਤੌਰ ਤੇ ਇਜਾਜ਼ਤ ਲੈ ਕੇ ਸੇਵਾ ਦਾ ਕੰਮ ਵਿੱਢਿਆ। ਸਿੱਖਾਂ ਅਤੇ ਹੋਰਨਾਂ ਭਾਈਚਾਰਿਆਂ ਲਈ ਸੇਵਾਦਾਰਾਂ ਵਲੋਂ ਆਪਣੀ ਜਾਨ ਖਤਰੇ ਵਿੱਚ ਪਾ ਕੇ ਹਸਪਤਾਲਾਂ ਅਤੇ ਘਰਾਂ ਵਿੱਚ ਲੰਗਰ ਪਹੁੰਚਾਉਣਾ, ਰਾਸ਼ਨ ਪਹੁੰਚਾਉਣ ਅਤੇ 12000 ਤੋਂ ਉੱਪਰ ਲੋਕਾਂ ਦੇ ਵਿਸ਼ੇਸ਼ ਪ੍ਰਬੰਧ ਕਰਕੇ ਵੈਕਸੀਨ ਲੁਆਈ। ਇਸ ਪ੍ਰਬੰਧ ਨੇ ਸਿੱਖ ਕੌਮ ਦਾ ਅਮਰੀਕਨ ਭਾਈਚਾਰੇ ਵਿੱਚ ਨਾਮ ਉੱਚਾ ਕੀਤਾ।

ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਅਤੇ ਬਾਹਰੀ ਸੁੰਦਰਤਾ ਲਈ ਵਿਸ਼ੇਸ਼ ਉਪਰਾਲੇ : ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਸੁੰਦਰ ਸਟੇਜ ਬਣਾਉਣ ਦੇ ਨਾਲ਼ ਨਾਲ ਦੀਵਾਨ ਹਾਲ ਵਿੱਚ ਸੰਗਤ ਵੱਲੋ ਦਿੱਤੇ ਕੀਮਤੀ ਸੁਝਾਵਾਂ ਅਨੁਸਾਰ ਦੀਵਾਨ ਹਾਲ ਵਿੱਚ ਸੁੰਦਰ ਕਾਰਪੇਟ ਵਿਛਾਇਆ ਗਿਆ। ਦੀਵਾਨ ਹਾਲ ਨੂੰ ਸੁੰਦਰ ਬਣਾਉਣ ਵਾਸਤੇ ਨਵੇਂ ਦਰਵਾਜ਼ੇ ਲਾਏ ਗਏ ਦਰਸ਼ਣੀ ਡਿਊਢੀ ਅਤੇ ਬਾਹਰ ਵਰਾਂਡਿਆਂ ਵਿੱਚ ਵਧੀਆ ਟਾਇਲਾਂ ਲਗਾਉਣ ਦੇ ਨਾਲ ਬਾਥਰੂਮਾਂ ਦੀ ਮੁਰੰਮਤ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਆਫ਼ਿਸ ਅਤੇ ਲਾਇਬ੍ਰੇਰੀ ਉੱਪਰ ਨਵਾਂ ਏਅਰਕੰਡੀਸ਼ਨਰ ਲਵਾਇਆ ਗਿਆ । ਦੋਨੋ ਪਾਸੇ ਸੰਗਤ ਦੀ ਵਰਤੋਂ ਵਾਸਤੇ ਖੁੱਲ੍ਹੇ ਕਮਰੇ ਬਣਾਏ ਗਏ।

ਸਿੱਖ ਪੰਚਾਇਤ ਵੱਲੋ ਉੱਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਬੱਚਿਆਂ ਨੂੰ ਵਜ਼ੀਫ਼ੇ ਵੰਡੇ ਗਏ :-

ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਿੱਖ ਪੰਚਾਇਤ ਵੱਲੋਂ ਚੰਗੀ ਮਿਹਨਤ ਅਤੇ ਉਚੇਰੀ ਸਿੱਖਿਆ ਲਈ ਹੋਣਹਾਰ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਦਿਆਂ ਵਿਸ਼ੇਸ਼ ਵਜ਼ੀਫ਼ੇ ਦਿੱਤੇ ਗਏ । ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਬਹੁਤ ਹੀ ਵਧੀਆ ਚੱਲ ਰਹੇ ਖ਼ਾਲਸਾ ਸਕੂਲ ਦੇ ਅਧਿਆਪਕਾਂ ਵੱਲੋਂ ਵਿਸ਼ੇਸ਼ ਉਪਰਾਲਾ ਕੀਤਾ ਗਿਆ ਜਿਸ ਵਿੱਚ 25 ਦੇ ਕਰੀਬ ਹੋਣਹਾਰ ਬੱਚਿਆਂ ਨੂੰ ਵਜ਼ੀਫ਼ੇ ਦਿੱਤੇ ਗਏ। ਪ੍ਰੋਗਰਾਮ ਦੀ ਸ਼ੁਰੂਆਤ ਡਾਕਟਰ ਮਨਚਿੰਤਰਜਨ ਸਿੰਘ ਵੱਲੋਂ ਆਏ ਹੋਏ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਜੀ ਆਇਆਂ ਆਖਦਿਆਂ ਕੀਤੀ, ਉਪਰੰਤ ਖ਼ਾਲਸਾ ਸਕੂਲ ਤੋਂ ਸੰਗੀਤ ਦੀ ਵਿਦਿਆ ਪ੍ਰਾਪਤ ਕਰ ਰਹੇ ਬੱਚਿਆਂ ਵੱਲੋਂ ਤਬਲਾ ਵਜਾਕੇ ਨਿਹਾਲ ਕੀਤਾ ਗਿਆ। ਮੌਜੂਦਾ ਸੁਪਰੀਮ ਕੌਸਲ ਮੈਂਬਰ ਭਾਈ ਹਰਪ੍ਰੀਤ ਸਿੰਘ ਬੈਸ ਵੱਲੋਂ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕੀਤਾ ਗਿਆ। ਸਿੱਖ ਪੰਚਾਇਤ ਵੱਲੋਂ ਆਏ ਹੋਏ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਹੋਇਆ ਭਵਿੱਖ ਵਿੱਚ ਬੱਚਿਆਂ ਨੂੰ ਉਚੇਰੀ ਵਿੱਦਿਆ ਪ੍ਰਾਪਤੀ ਲਈ ਹੋਰ ਉਤਸ਼ਾਹਤ ਕੀਤਾ ਜਾਂਦਾ ਰਹੇਗਾ।

ਖ਼ੂਨਦਾਨ ਕੈਂਪ ਅਤੇ ਦਰੱਖਤ ਲਗਾਉਣ ਦੀ ਸੇਵਾ

ਗੁਰੂ ਨਾਨਕ ਪਾਤਸ਼ਾਹ ਦੀ ਸਿੱਖ ਫੁਲਵਾੜੀ ਉਸ ਗੁਰੂ ਸਿਧਾਂਤ ਦੀ ਪਹਿਰੇਦਾਰ ਹੈ ਜਿਸ ਸਿਧਾਂਤ ਨੇ ਸਿੱਖ ਨੂੰ ਇਹ ਸਬਕ ਸਿਖਾਇਆ ਕਿ ਸਿੱਖਾਂ ਜਿੱਥੇ ਤੂੰ ਲੰਗਰ ਵਰਤਾ ਰਿਹਾਂ ਏਂ, ਆਪਣੀ ਕਿਰਤ ਵਿੱਚੋਂ ਲੋੜਵੰਦਾਂ ਦੀ ਮਦਦ ਕਰ ਰਿਹਾ ਹੈਂ, ਉੱਥੇ ਹੀ ਜੇ ਕਿਤੇ ਤੇਰੇ ਖ਼ੂਨ ਨਾਲ ਕਿਸੇ ਦੀ ਜਾਨ ਬਚਦੀ ਹੋਵੇ ਤਾਂ ਬਹੁਤ ਵੱਡਾ ਪੁੰਨ ਹੈ। ਖ਼ੂਨਦਾਨ ਮਹਾਂ ਦਾਨ ਹੈ। ਸਿੱਖ ਪੰਚਾਇਤ ਦੇ ਸੇਵਾਦਾਰਾਂ ਵੱਲੋਂ ਆਪਣੇ ਸ਼ਹੀਦਾਂ ਦੀ ਪਵਿੱਤਰ ਯਾਦ ਮਨਾਉਂਦਿਆਂ ਸਮੇਂ-ਸਮੇਂ ਤੇ ਖ਼ੂਨ ਦਾਨ ਕੈਂਪ ਲਗਾਏ ਗਏ।

ਸਿੱਖ ਪੰਚਾਇਤ ਵੱਲੋਂ ਸਮੇਂ-ਸਮੇਂ ਤੇ ਉਨ੍ਹਾਂ ਲੋਕਾਂ ਲਈ ਲੰਗਰ, ਸੁੱਕੀਆਂ ਰਸਦਾਂ, ਕੰਬਲ ਅਤੇ ਹੋਰ ਸਮੱਗਰੀ ਵੰਡੀ ਜਾਂਦੀ ਰਹੀ ਹੈ, ਜਿਹੜੇ ਲੋਕ ਬਾਹਰ ਖੁੱਲ੍ਹੇ ਅਸਮਾਨ ਥੱਲੇ ਆਪਣੀਆਂ ਜ਼ਿੰਦਗੀਆਂ ਬਸਰ ਕਰ ਰਹੇ ਹਨ।

ਵਾਤਾਵਰਣ ਦੀ ਸ਼ੁਧਤਾ ਲਈ ਯੂਨੀਅਨ ਸਿਟੀ, ਫਰੀਮਾਂਟ ਸ਼ਹਿਰ ਦੇ ਪਾਰਕਾਂ ਵਿੱਚ ਸਿਟੀ ਦੇ ਸਹਿਯੋਗ ਨਾਲ ਸਿੱਖ ਪੰਚਾਇਤ ਨੇ ਛਾਂ-ਦਾਰ ਬੂਟੇ ਲਗਾਏ ਗਏ, ਜੋ ਪਾਰਕਾਂ ਵਿੱਚ ਆਉਣ ਜਾਣ ਵਾਲੇ, ਬੈਠਣ ਵਾਲਿਆਂ ਨੂੰ ਲੰਮੇ ਸਮੇਂ ਤੱਕ ਸੁਨੇਹਾ ਦਿੰਦੇ ਰਹਿਣਗੇ ਕਿ ਸਿੱਖ ਕੌਮ ਦੇ ਵਾਰਸਾਂ ਨੇ ਇਹ ਬੂਟੇ ਲਾਏ ਸੀ।

# ਅ.ਫਗਾਨੀ ਸਿੱਖ ਕਰਨਜੀ ਸਿੰਘ ਗਾਬਾ ਬਣਿਆ ਵਿਟੌਨ ਦਾ ਪਹਿਲਾ ਦਸਤਾਰਧਾਰੀ ਮਾਡਲ



ਕਾਬੁਲ/ਏ.ਟੀ.ਨਿਊਜ਼ :- 2022 ’ਚ ਲਗਜ਼ਰੀ ਫੈਸ਼ਨ ਹਾਊਸ ਲੂਈ ਵਿਟੌਨ ਦਾ ਪਹਿਲਾ ਅਫਗਾਨ ਸਿੱਖ ਦਸਤਾਰਧਾਰੀ ਮਾਡਲ ਕਰਨਜੀ ਸਿੰਘ ਗਾਬਾ ਬਣਿਆ। ਕਰਨਜੀ ਮਾਡਲਿੰਗ ਰਾਹੀਂ ਆਪਣੇ ਧਰਮ ਅਤੇ ਸੱਭਿਆਚਾਰ ਨੂੰ ਦੂਰ-ਦੂਰ ਤੱਕ ਲਿਜਾਣਾ ਚਾਹੁੰਦਾ ਹੈ। ਮਾਡਲਿੰਗ ਤੋਂ ਪਹਿਲਾਂ ਉਹ ਫਿਲਮ ਮੇਕਰ ਸੀ। ਕਰਨਜੀ ਆਪਣੇ-ਆਪ ਨੂੰ ਇਕ ਕਹਾਣੀਕਾਰ ਵਜੋਂ ਦੇਖਦਾ ਹੈ ਕਿਉਂਕਿ ਉਹ ਲੋਕਾਂ ਨੂੰ ਸਿੱਖ ਧਰਮ ਬਾਰੇ ਕਹਾਣੀਆਂ ਸੁਣਾਉਣਾ ਪਸੰਦ ਕਰਦਾ ਹੈ।

ਮਾਣ ਵਾਲੀ ਗੱਲ ਇਹ ਹੈ ਕਿ ਰਫਿਊਜੀ ਦਾ ਦਰਜਾ ਪ੍ਰਾਪਤ ਹੋਣ ਕਰਕੇ ਉਹ ਸਿਰਫ਼ ਇਕ ਸਿੱਖ ਵਜੋਂ ਨਹੀਂ ਸਗੋਂ ਰਫਿਊਜੀ ਸਿੱਖ ਵਜੋਂ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ। ਅਫਗਾਨਿਸਤਾਨ ਦੇ ਜਿਹਾਦੀ ਹਿੰਸਕ ਖੇਤਰ ਤੋਂ ਆਉਣਾ ਅਤੇ ਕੈਮਰੇ ਦੇ ਸਾਹਮਣੇ ਆਪਣੀ ਕਹਾਣੀ ਨੂੰ ਸਾਂਝਾ ਕਰਨ ਦੇ ਯੋਗ ਹੋਣਾ, ਸਿਰਫ਼ ਉਸ ਦੇ ਲਈ ਨਹੀਂ ਬਲਕਿ ਪੂਰੇ ਸਿੱਖ ਭਾਈਚਾਰੇ ਲਈ ਵੱਡੀ ਗੱਲ ਹੈ।

ਲੂਈ ਵਿਟੌਨ ਦਾ ਕੈਂਪੇਨ, ਕਰਨਜੀ ਲਈ ਇਕ ਮਹੱਤਵਪੂਰਨ ਪ੍ਰਾਪਤੀ ਸਾਬਤ ਹੋਈ। ਕਰਨਜੀ ਪਹਿਲਾਂ ਕਈ ਮੈਗਜ਼ੀਨਾਂ ਦੀ ਸੰਪਾਦਕੀ ਵਿੱਚ ਪ੍ਰਦਰਸ਼ਿਤ ਹੋ ਚੁੱਕਾ ਸੀ। ਪਹਿਲੀ ਵਾਰ ਉਹ 2022 ਵਿੱਚ ਇਕ ਫੈਸ਼ਨ ਕੈਂਪੇਨ ਵਿੱਚ ਦਿਖਾਈ ਦਿੱਤਾ। ਇਕ ਇੰਟਰਵਿਊ ਵਿੱਚ ਉਸ ਨੇ ਕਿਹਾ ਕਿ ਇਸ ਬ੍ਰੈਂਡ ਦਾ ਪਹਿਲਾ ਸਿੱਖ ਮਾਡਲ ਹੋਣ ਕਰਕੇ ਮੈਨੂੰ ਕੁਝ ਅਜੀਬ ਅਹਿਸਾਸ ਹੋਇਆ।

ਉਸ ਨੂੰ ਨਹੀਂ ਪਤਾ ਸੀ ਕਿ ਟੀਮ ਕਿਵੇਂ ਪ੍ਰਤੀਕਿਰਿਆ ਕਰੇਗੀ ਕਿਉਂਕਿ ਕਈ ਕੈਂਪੇਨਸ ਵਿੱਚ ਸਿੱਖਾਂ ਨੂੰ ਆਪਣੀ ਦਾੜ੍ਹੀ ਕੱਟਣ ਜਾਂ ਫਿੱਟ ਹੋਣ ਲਈ ਆਪਣੇ-ਆਪ ਨੂੰ ਕਿਸੇ ਪੱਖੋਂ ਬਦਲਣ ਲਈ ਕਿਹਾ ਜਾਂਦਾ ਹੈ ਪਰ ਕਰਨਜੀ ਨੇ ਪਹਿਲੇ ਦਿਨ ਤੋਂ ਹੀ ਸਪੱਸ਼ਟ ਕਰ ਦਿੱਤਾ ਸੀ ਉਹ ਕਿਸੇ ਨੂੰ ਵੀ ਆਪਣੇ-ਆਪ ਨੂੰ ਸੋਧਣ ਦੀ ਇਜਾਜ਼ਤ ਨਹੀਂ ਦੇਵੇਗਾ। ਉਸ ਪਲ ਨੂੰ ਯਾਦ ਕਰਕੇ ਉਹ ਮਾਣ ਮਹਿਸੂਸ ਕਰਦਾ ਹੈ ਕਿ ਉਸ ਨੂੰ ਅਜਿਹੀ ਵਿਭਿੰਨਤਾ ਵਾਲੇ ਕੈਂਪੇਨ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ।

# ਨਿਊਜ਼ੀਲੈਂਡ ’ਚ ਤੂਫ਼ਾਨ ਦੇ ਕਹਿਰ ਦੇ ਸ਼ਿਕਾਰ ਲੋਕਾਂ ਲਈ ਸਿੱਖ ਭਾਈਚਾਰਾ ਅੱਗੇ ਆਇਆ, ਸ਼ੁਰੂ ਕੀਤੀ ਲੰਗਰ ਸੇਵਾ

## 7,000 ਤੋਂ ਵੱਧ ਲੋੜਵੰਦਾਂ ਤੱਕ ਖਾਣਾ ਪਹੁੰਚਾਇਆ



ਵੈਲਿੰਗਟਨ/ਏ.ਟੀ.ਨਿਊਜ਼ :- ਨਿਊਜ਼ੀਲੈਂਡ ਵਿੱਚ ਚੱਕਰਵਾਤੀ ਤੂਫਾਨ ਗੈਬਰੀਏਲ ਕਾਰਨ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਤੂਫਾਨ ਕਾਰਨ ਹੋਈ ਤਬਾਹੀ ਮਗਰੋਂ ਹਜ਼ਾਰਾਂ ਲੋਕ ਬੁਨਿਆਦੀ ਸਹੂਲਤਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਇਸ ਦੌਰਾਨ ਸਿੱਖ ਭਾਈਚਾਰਾ ਮਦਦ ਲਈ ਅੱਗੇ ਆਇਆ ਅਤੇ ਉਸ ਨੇ ਹੁਣ ਤੱਕ 7,000 ਤੋਂ ਵੱਧ ਲੋੜਵੰਦਾਂ ਤੱਕ ਖਾਣਾ ਪਹੁੰਚਾਇਆ ਹੈ। ਸਿੱਖ ਭਾਈਚਾਰੇ ਦੇ ਮੈਂਬਰ ਨਿਊਜ਼ੀਲੈਂਡ ਦੇ ਵੱਖ-ਵੱਖ ਇਲਾਕਿਆਂ ਵਿਚ ਲੋੜਵੰਦ ਲੋਕਾਂ ਤੱਕ ਭੋਜਨ ਅਤੇ ਹੋਰ ਮਦਦ ਪਹੁੰਚਾ ਰਹੇ ਹਨ।

ਜਦੋਂ 12 ਫਰਵਰੀ ਨੂੰ ਗੈਬਰੀਏਲ ਨੇ ਟਾਪੂ ਦੇ ਉੱਤਰੀ ਖੇਤਰ ਨੂੰ ਪ੍ਰਭਾਵਿਤ ਕੀਤਾ ਤਾਂ ਬਿਜਲੀ ਸਪਲਾਈ ਠੱਪ ਹੋ ਗਈ। ਹੇਸਟਿੰਗਜ਼ ਵਿੱਚ ਸਿੱਖ ਭਾਈਚਾਰਾ ਇਹ ਜਾਣ ਕੇ ਹਰਕਤ ਵਿੱਚ ਆ ਗਿਆ ਕਿ ਇੱਥੇ ਬਹੁਤ ਸਾਰੇ ਲੋਕ ਭੋਜਨ ਤੋਂ ਬਿਨਾਂ ਰਹਿ ਰਹੇ ਹਨ। ਇੱਕ ਵਲੰਟੀਅਰ ਸੁਖਦੀਪ ਸਿੰਘ ਨੇ ਨਿਊਜ਼ੀਲੈਂਡ ਹੇਰਾਲਡ ਨੂੰ ਦੱਸਿਆ ਕਿ ‘ਮੇਰਾ ਪਹਿਲਾ ਵਿਚਾਰ ਇਹ ਸੀ ਕਿ ਲੋਕਾਂ ਨੂੰ ਭੋਜਨ ਦੀ ਲੋੜ ਹੈ ਤਾਂ ਕਿਉਂ ਨਾ ਵੱਡੀ ਮਾਤਰਾ ਵਿੱਚ ਖਾਣਾ ਪਕਾਇਆ ਜਾਵੇ।’ ਫਿਰ ਉਹ ਹੇਸਟਿੰਗਜ਼ ਦੇ ਈਸਟਬੋਰਨ ਸੇਂਟ ਗੁਰਦੁਆਰਾ ਸਾਹਿਬ ਗਿਆ ਅਤੇ ਉੱਥੇ ਉਸਨੇ ਨੌਜਵਾਨ ਵਲੰਟੀਅਰਾਂ ਅਤੇ ਗ੍ਰੰਥੀਆਂ ਦੀ ਇੱਕ ਟੀਮ ਨਾਲ ਖਾਣਾ ਬਣਾਇਆ। ਟੀਮ ਨੇ ਉਸ ਦਿਨ 600 ਤੋਂ ਵੱਧ ਲੋਕਾਂ ਲਈ ਖਾਣਾ ਪਕਾਇਆ ਅਤੇ ਡਿਲੀਵਰ ਕੀਤਾ।

ਉਨ੍ਹਾਂ ਨੇ ਦੱਸਿਆ ਕਿ ‘ਸਾਡਾ ਮੁੱਖ ਫੋਕਸ ਪਹਿਲੇ ਤਿੰਨ ਤੋਂ ਚਾਰ ਦਿਨਾਂ ਲਈ ਨਿਕਾਸੀ ਕੇਂਦਰਾਂ ਤੱਕ ਭੋਜਨ ਪਹੁੰਚਾਉਣਾ ਸੀ, ਫਿਰ ਅਸੀਂ ਹਾਕਸ ਬੇ ਦੇ ਬਾਕੀ ਹਿੱਸੇ ਵਿਚ ਸੇਵਾ ਸ਼ੁਰੂ ਕੀਤੀ।’ ਅਗਲੇ ਤਿੰਨ ਦਿਨਾਂ ਤੱਕ ਭਾਈਚਾਰੇ ਨੇ ਪ੍ਰਭਾਵਿਤ ਲੋਕਾਂ ਨੂੰ ਗਰਮ ਭੋਜਨ ਮੁਫਤ ਵੰਡਣ ਲਈ ਸਥਾਨਾਂ ਦੀ ਪਛਾਣ ਕਰਨ ’ਤੇ ਕੰਮ ਕੀਤਾ। ਸੁਖਦੀਪ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਚੌਲ, ਦਾਲ ਅਤੇ ਭੋਜਨ ਦੇ ਡੱਬਿਆਂ ਵਰਗੀਆਂ ਸਪਲਾਈਆਂ ਵਿੱਚ ਸਹਾਇਤਾ ਲਈ ਸਿਵਲ ਡਿਫੈਂਸ ਕੇਂਦਰਾਂ ਨਾਲ ਤਾਲਮੇਲ ਕਰਨ ਵਿੱਚ ਕਾਫ਼ੀ ਸਮਾਂ ਬਿਤਾਇਆ। ਉੱਧਰ ਹੈਵਲਾਕ ਦੇ ਗੁਰੂ ਰਵਿਦਾਸ ਮੰਦਰ ਨਾਲ ਹੇਸਟਿੰਗਜ਼ ਮੰਦਰ ਭੋਜਨ ਦੀ ਉੱਚ ਮੰਗ ਨੂੰ ਪੂਰਾ ਕਰਨ ਲਈ ਹਰ ਰੋਜ਼ 1,000 ਲੋਕਾਂ ਲਈ ਭੋਜਨ ਇਕੱਠੇ ਕਰਨ ਵਿੱਚ ਕਾਮਯਾਬ ਰਿਹਾ।

ਸੁਖਦੀਪ ਸਿੰਘ ਨੇ ਹੇਰਾਲਡ ਨੂੰ ਦੱਸਿਆ ਕਿ ‘ਦੋਵੇਂ ਮੰਦਰ ਇਨ੍ਹਾਂ ਚੁਣੌਤੀਪੂਰਨ ਸਮਿਆਂ ਦੌਰਾਨ ਭਾਈਚਾਰੇ ਦੀ ਸੇਵਾ ਕਰ ਰਹੇ ਹਨ। ਅਸੀਂ ਆਪਣੇ ਭਾਈਚਾਰਿਆਂ ਦੀ ਸੇਵਾ ਕਰਨ ਦਾ ਮੌਕਾ ਪ੍ਰਾਪਤ ਕਰਕੇ ਧੰਨ ਅਤੇ ਸ਼ੁਕਰਗੁਜ਼ਾਰ ਹਾਂ।’ ਅਧਿਕਾਰੀਆਂ ਅਨੁਸਾਰ ਆਫ਼ਤ ਕਾਰਨ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।

# ਆਨੰਦ ਮੈਰਿਜ ਐਕਟ ਬਾਰੇ ਸੁਪਰੀਮ ਕੋਰਟ ਦਾ ਅਹਿਮ ਫ਼ੈਸਲਾ

## ➢ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਲਈ ਨਿਰਦੇਸ਼ਾਂ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ ਦੀ ਸੁਣਵਾਈ ਲਈ ਸੂਚੀਬੱਧ ਕਰਨ ਲਈ ਦਿੱਤੀ ਸਹਿਮਤੀ

ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਬੀਤੇ ਦਿਨੀਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਅਨੰਦ ਮੈਰਿਜ ਐਕਟ, 1909 ਦੇ ਤਹਿਤ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਲਈ ਨਿਰਦੇਸ਼ਾਂ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ ਦੀ ਸੁਣਵਾਈ ਲਈ ਸੂਚੀਬੱਧ ਕਰਨ ਲਈ ਸਹਿਮਤੀ ਦਿੱਤੀ ਹੈ।ਦੱਸ ਦਈਏ ਕਿ ਸੀਜੇਆਈ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਪਟੀਸ਼ਨਕਰਤਾ ਦੇ ਵਕੀਲ ਵਲੋਂ ਸੁਣਵਾਈ ਲਈ ਸੂਚੀਬੱਧ ਕਰਨ ਦੀ ਬੇਨਤੀ ਦੇ ਨਾਲ ਇਸ ਦਾ ਜ਼ਿਕਰ ਕਰਨ ਤੋਂ ਬਾਅਦ ਕਿਹਾ, 'ਹਾਂ, ਅਸੀਂ



ਇਸ ਨੂੰ ਸੂਚੀਬੱਧ ਕਰਾਂਗੇ।' ਪਟੀਸ਼ਨਕਰਤਾ ਦੇ ਵਕੀਲ ਨੇ ਅਨੰਦ ਮੈਰਿਜ ਐਕਟ, 1909 ਦਾ ਹਵਾਲਾ ਦਿੰਦੇ ਹੋਏ ਬੈਂਚ ਨੂੰ ਦੱਸਿਆ, 'ਇਹ ਐਕਟ ਇੱਕ ਸਦੀ ਪੁਰਾਣੇ ਕਾਨੂੰਨ ਨਾਲ ਸਬੰਧਤ ਹੈ।' ਸੁਪਰੀਮ ਕੋਰਟ ਨੇ ਪਿਛਲੇ ਸਾਲ ਨਵੰਬਰ ਵਿੱਚ ਕੇਂਦਰ, ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇੱਕ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਸੀ। ਐਡਵੋਕੇਟ ਅਮਨਜੋਤ ਸਿੰਘ ਚੱਢਾ 1909 ਦਾ ਐਕਟ ਆਨੰਦ ਕਾਰਜ - ਸਿੱਖਾਂ ਦੇ ਵਿਆਹ ਸਮਾਰੋਹ ਨੂੰ ਕਾਨੂੰਨੀ ਪ੍ਰਵਾਨਗੀ ਦੇਣ ਅਤੇ ਇਸ ਦੀ ਵੈਧਤਾ ਬਾਰੇ ਕਿਸੇ ਵੀ ਸ਼ੰਕੇ ਨੂੰ ਦੂਰ ਕਰਨ ਲਈ ਬਣਾਇਆ ਗਿਆ ਸੀ।ਇਸ ਐਕਟ ਵਿੱਚ 2012 ਵਿੱਚ ਸੋਧ ਕੀਤੀ ਗਈ ਸੀ ਤਾਂ ਜੋ ਸਿੱਖ ਜੋੜਿਆਂ ਨੂੰ ਇਸ ਤਹਿਤ ਆਪਣੇ ਵਿਆਹ ਰਜਿਸਟਰ ਕਰਾਉਣ ਦਾ ਵਿਕਲਪ ਦਿੱਤਾ ਜਾ ਸਕੇ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਸੋਧ ਦੇ ਅਨੁਸਾਰ, ਰਾਜ ਸਰਕਾਰਾਂ ਨੂੰ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਦੀ ਸਹੂਲਤ ਲਈ ਨਿਯਮ ਬਣਾਉਣੇ ਚਾਹੀਦੇ ਸੀ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਇਸ ਐਕਟ ਤਹਿਤ ਲਾਜ਼ਮੀ ਨਿਯਮਾਂ ਨੂੰ ਬਣਾਉਣ ਅਤੇ ਸੂਚਿਤ ਕਰਨ ਵਿੱਚ ਅਸਫਲ ਹੋ ਕੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ।

### ਮਾਮਲਾ ਕੋਟਕਪੂਰਾ ਗੋਲੀਕਾਂਡ ਦਾ

## ਐਸ.ਆਈ.ਟੀ. ਵੱਲੋਂ ਬਾਦਲ ਅਤੇ ਸੁਖਬੀਰ ਸਮੇਤ 8 ਬੰਦਿਆਂ ਖ਼ਿਲਾਫ਼ ਅਦਾਲਤ 'ਚ ਚਲਾਨ ਪੇਸ਼

### ਅਗਲੀ ਸੁਣਵਾਈ 6 ਮਾਰਚ ਨੂੰ ਹੋਵੇਗੀ





ਫ਼ਰੀਦਕੋਟ/ਏ.ਟੀ.ਨਿਊਜ਼ :- ਪੰਜਾਬ ਦੇ ਕੋਟਕਪੂਰਾ ਗੋਲੀਕਾਂਡ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਚਾਰਜਸ਼ੀਟ ਪੇਸ਼ ਕਰ ਦਿੱਤੀ ਹੈ, ਜਿਸ 'ਚ ਸਾਬਕਾ ਉਪ ਮੁੱਖ ਮੰਤਰੀ ਅਤੇ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਮੁੱਖ ਸਾਜਿਸ਼ਕਰਤਾ ਬਣਾਇਆ ਗਿਆ ਹੈ। ਏ. ਡੀ. ਜੀ. ਪੀ. ਐਲ.ਕੇ.ਯਾਦਵ ਦੀ ਅਗਵਾਈ ਵਾਲੀ ਐਸ.ਆਈ.ਟੀ. ਨੇ 7 ਹਜ਼ਾਰ ਪੰਨਿਆਂ ਦਾ ਚਲਾਨ ਪੇਸ਼ ਕੀਤਾ ਹੈ। ਚਲਾਨ ਅਨੁਸਾਰ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਡੀ.ਜੀ.ਪੀ. ਸੁਮੇਧ ਸੈਣੀ ਨੇ ਪਿੰਡ ਬੁਰਜ ਜਵਾਹਰ ਸਿੰਘਵਾਲਾ ਅਤੇ ਗੁਰਦੁਆਰਾ ਬਰਗਾੜੀ ਸਾਹਿਬ 'ਚ ਬੇਅਦਬੀ ਕੀਤੀ। ਲੜੀਵਾਰ ਹੋਈਆਂ ਤਿੰਨ ਘਟਨਾਵਾਂ 'ਚ ਲਾਪ੍ਰਵਾਹੀ ਨੂੰ ਲੁਕਾਉਣ ਲਈ ਗੈਰਕਾਨੂੰਨੀ ਤਾਕਤ ਦੀ ਵਰਤੋਂ ਕਰਨ ਦੀ ਸਾਜਿਸ਼ ਘੜੀ ਗਈ। ਉਕਤ ਦੋਵੇਂ (ਸੁਖਬੀਰ ਅਤੇ ਸੁਮੇਧ ਸੈਣੀ) ਗੋਲੀਕਾਂਡ ਦੇ ਮੁੱਖ ਸਾਜਿਸ਼ਕਰਤਾ ਹਨ। ਇਸ ਤੋਂ ਇਲਾਵਾ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਇਸ ਸਾਜਿਸ਼ 'ਚ ਮਦਦ ਕਰਨ ਦੇ ਦੋਸ਼ੀ ਬਣਾਇਆ ਗਿਆ ਹੈ। ਚਲਾਨ ਅਨੁਸਾਰ ਤਤਕਾਲੀ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਡੀ.ਆਈ.ਜੀ. ਅਮਰ ਸਿੰਘ ਚਾਹਲ, ਐਸ. ਐਸ. ਪੀ. ਚਰਨਜੀਤ ਸ਼ਰਮਾ ਨੂੰ ਦੋਸ਼ੀ ਬਣਾਇਆ ਗਿਆ ਹੈ। ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ ਨੂੰ ਸਾਜਿਸ਼ ਨੂੰ ਲੁਕਾਉਣ ਦੇ ਨਾਲ-ਨਾਲ ਤੱਥਾਂ ਨੂੰ ਲੁਕਾਉਣ ਦਾ ਦੋਸ਼ੀ ਬਣਾਇਆ ਗਿਆ ਹੈ।ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਨੂੰ ਵੀ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼ੀ ਬਣਾਇਆ ਗਿਆ ਹੈ। ਅਦਾਲਤ ਵਲੋਂ ਇਨ੍ਹਾਂ ਦੋਸ਼ ਪੱਤਰਾਂ ਨੂੰ ਪ੍ਰਾਪਤ ਕਰਨ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ 6 ਮਾਰਚ ਨੂੰ ਹੋਵੇਗੀ। ਉਦੋਂ ਤੱਕ ਅਦਾਲਤ ਜਾਂਚ ਟੀਮ ਵਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਘੋਖ ਪੜਤਾਲ ਕਰੇਗੀ।

ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਏ.ਡੀ.ਜੀ.ਪੀ. ਐਲ.ਕੇ. ਯਾਦਵ, ਰਾਕੇਸ਼ ਕੁਮਾਰ ਅਗਰਵਾਲ ਅਤੇ ਗੁਲਨੀਤ ਸਿੰਘ ਖੁਰਾਣਾ ਚਲਾਨ ਪੇਸ਼ ਕਰਨ ਲਈ ਆਏ। ਜਾਂਚ ਟੀਮ ਦੇ ਮੈਂਬਰਾਂ ਵਲੋਂ ਮੀਡੀਆ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਰੱਖੀ ਅਤੇ ਕੋਈ ਵੀ ਬਿਆਨ ਮੀਡੀਆ ਨੂੰ ਨਹੀਂ ਦਿੱਤਾ। ਦੱਸਣਯੋਗ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ ਤੋਂ ਇਲਾਵਾ ਬਾਕੀ ਸਾਰੇ ਮੁਲਜ਼ਮਾਂ ਨੂੰ ਇਸ ਮੁਕੱਦਮੇ 'ਚ ਹਾਈਕੋਰਟ ਤੋਂ ਜ਼ਮਾਨਤ ਮਿਲੀ ਹੋਈ ਹੈ। ਇਸ ਤੋਂ ਪਹਿਲਾਂ ਇਸ ਕਾਂਡ ਦੀ ਜਾਂਚ ਸਾਬਕਾ ਆਈ.ਜੀ. ਕੁੰਵਰਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਸਿੱਟ ਵਲੋਂ ਕੀਤੀ ਗਈ ਸੀ। ਹਾਈਕੋਰਟ ਨੇ 2021 ਵਿਚ ਕੁੰਵਰਵਿਜੇ ਪ੍ਰਤਾਪ ਦੀ ਰਿਪੋਰਟ ਨੂੰ ਆਧਾਰਹੀਣ ਮੰਨਦਿਆਂ ਰੱਦ ਕਰ ਦਿੱਤਾ ਸੀ ਅਤੇ ਪੰਜਾਬ ਸਰਕਾਰ ਨੂੰ ਇਸ ਮਾਮਲੇ 'ਚ ਨਵੀਂ ਪੜਤਾਲ ਟੀਮ ਬਣਾਉਣ ਦੇ ਆਦੇਸ਼ ਦਿੱਤੇ ਸਨ। ਪੰਜਾਬ ਸਰਕਾਰ ਨੇ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਏ.ਡੀ.ਜੀ.ਪੀ. ਐਲ.ਕੇ. ਯਾਦਵ ਦੀ ਅਗਵਾਈ ਵਿੱਚ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਨਵੀਂ ਟੀਮ ਦਾ ਗਠਨ ਕੀਤਾ ਸੀ।ਫ਼ਰੀਦਕੋਟ ਦੇ (ਬਾਕੀ ਸਫ਼ਾ 30 'ਤੇ)

### ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

## ਬਰਗਾੜੀ ਬੇਅਦਬੀ ਮਾਮਲੇ ਦੀ ਸੁਣਵਾਈ ਹੁਣ ਚੰਡੀਗੜ੍ਹ ਹੋਵੇਗੀ : ਸੁਪਰੀਮ ਕੋਰਟ



ਨਵੀਂ ਦਿੱਲੀ/ਏ.ਟੀ.ਨਿਊਜ਼ :- ਬਰਗਾੜੀ ਬੇਅਦਬੀ ਮਾਮਲੇ ਦੀ ਸੁਣਵਾਈ ਹੁਣ ਪੰਜਾਬ ਤੋਂ ਬਾਹਰ ਹੋਵੇਗੀ। ਸੁਪਰੀਮ ਕੋਰਟ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ 7 ਹੋਰ ਡੇਰਾ ਸਮਰਥਕਾਂ ਤੇ 2015 'ਚ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਚਾਰੋਂ ਮਾਮਲਿਆਂ ਦੀ ਸੁਣਵਾਈ ਫ਼ਰੀਦਕੋਟ ਦੀ ਥਾਂ ਚੰਡੀਗੜ੍ਹ ਕੀਤੇ ਜਾਣ ਦਾ ਆਦੇਸ਼ ਦਿੱਤਾ ਹੈ। ਇਨ੍ਹਾਂ ਵਿਚ ਬਰਗਾੜੀ ਬੇਅਦਬੀ ਨਾਲ ਜੁੜੇ ਤਿੰਨ ਅਤੇ ਮੋਗਾ ਦਾ 2010 ਦਾ ਇਕ ਤੋੜ-ਫੋੜ ਨਾਲ ਜੁੜਿਆ ਕੇਸ ਸ਼ਾਮਿਲ ਹੈ। ਸੁਪਰੀਮ ਕੋਰਟ ਵਲੋਂ ਇਹ ਫ਼ੈਸਲਾ ਬਰਗਾੜੀ ਕੇਸ ਦੇ ਦੋਸ਼ੀ ਸ਼ਕਤੀ ਸਿੰਘ ਅਤੇ ਹੋਰਨਾਂ ਦੀ ਪਟੀਸ਼ਨ 'ਤੇ ਦਿੱਤਾ ਗਿਆ, ਜਿਨ੍ਹਾਂ ਨੇ ਬੇਅਦਬੀ ਕੇਸ ਦੇ ਦੋਸ਼ੀ ਪ੍ਰਦੀਪ ਕਟਾਰੀਆ ਅਤੇ ਮਹਿੰਦਰਪਾਲ ਬਿੱਟੂ ਦੀ ਹੱਤਿਆ ਤੋਂ ਬਾਅਦ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਜ਼ਿਕਰਯੋਗ ਹੈ ਕਿ ਡੇਰਾ ਪ੍ਰੇਮੀ ਪ੍ਰਦੀਪ ਦੀ 6 ਲੋਕਾਂ ਵਲੋਂ 10 ਨਵੰਬਰ ਨੂੰ ਕੋਟਕਪੂਰਾ ਦੇ (ਬਾਕੀ ਸਫ਼ਾ 31 'ਤੇ)

## ਜਲੰਧਰ ਵਿਖੇ ਗ੍ਰੰਥੀ ਸਿੰਘ ਦੀ ਸਾਵਧਾਨੀ ਨਾਲ ਟਲਿਆ ਬੇਅਦਬੀ ਕਾਂਡ, ਸ਼ਰਾਰਤੀ ਅਨਸਰ ਦਬੋਚਿਆ

ਜਲੰਧਰ/ਏ.ਟੀ.ਨਿਊਜ਼ :- ਸ਼ਰਾਰਤੀ ਅਨਸਰਾਂ ਵੱਲੋਂ ਪੰਜਾਬ ਦੀ ਠੰਡ ਨੂੰ ਅੱਗ ਵਿੱਚ ਬਦਲਣ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਅਜਿਹਾ ਹੀ ਇਕ ਯਤਨ ਜਲੰਧਰ ਵਿਖੇ ਗ੍ਰੰਥੀ ਸਿੰਘ ਦੀ ਮੁਸਤੈਦੀ ਨਾਲ ਉਸ ਸਮੇਂ ਟਲ ਗਿਆ, ਜਦੋਂ ਬੇਅਦਬੀ ਦਾ ਯਤਨ ਕਰਨ ਆਏ ਸ਼ਰਾਰਤੀ ਅਨਸਰ ਨੂੰ ਗ੍ਰੰਥੀ ਸਿੰਘ ਨੇ ਕਾਬੂ ਕਰਕੇ ਸੰਗਤਾਂ ਦੀ ਮਦਦ ਨਾਲ ਪੁਲਿਸ ਦੇ ਹਵਾਲੇ ਕਰ ਦਿੱਤਾ। ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਿੰਡ ਨੰਦਨਪੁਰ ਨਜ਼ਦੀਕ ਮਕਸੂਦਾਂ ਵਿਖੇ ਸ਼ਨੀਵਾਰ ਸਵੇਰੇ ਲਗਭਗ 5.10 ਵਜੇ ਭਾਈ ਕਿਹਰ ਸਿੰਘ ਗ੍ਰੰਥੀ ਸਿੰਘ ਪ੍ਰਕਾਸ਼ ਦੀ ਸੇਵਾ ਕਰਨ ਉਪਰੰਤ ਗੁਰੂ ਸਾਹਿਬ ਦੀ ਹਜ਼ੂਰੀ ਪਾਠ ਕਰ ਰਹੇ ਸਨ ਤਾਂ ਅਚਾਨਕ ਉਨ੍ਹਾਂ ਵੇਖਿਆ ਕਿ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ 'ਤੇ ਇਕ ਅਰਧਨਗਨ ਵਿਅਕਤੀ ਸੰਗਤਾਂ ਦੇ ਪੈਰ ਧੋਣ ਵਾਲੇ ਖੁਰੇ ਨੂੰ ਟੱਪ ਕੇ ਮੂੰਹ ਵਿੱਚ ਬੀੜੀ ਪਾਈ ਬੇਅਦਬੀ ਦੇ ਇਰਾਦੇ ਨਾਲ ਦਰਬਾਰ ਹਾਲ ਵੱਲ ਵਧ ਰਿਹਾ ਸੀ। ਗ੍ਰੰਥੀ ਨੇ ਤੁਰੰਤ ਪਾਠ ਰੋਕ ਕੇ ਗੁਰੂ ਚਰਨਾਂ ਵਿੱਚ ਮੁਆਫ਼ੀ ਦੀ ਸੂਖਮ ਬੇਨਤੀ ਕਰਕੇ ਦਰਬਾਰ ਹਾਲ ਦੇ ਬਾਹਰ ਹੀ ਸ਼ਰਾਰਤੀ ਨੂੰ ਕਾਬੂ ਕਰ ਲਿਆ। ਹਾਲਾਂਕਿ ਮੁਲਜ਼ਮ ਨੇ ਜ਼ੋਰ-ਜ਼ਬਰਦਸਤੀ ਕਰਨ ਦਾ ਯਤਨ ਵੀ ਕੀਤਾ ਪਰ ਗ੍ਰੰਥੀ ਸਿੰਘ ਨੇ ਉਸ ਦੀ ਕੋਈ ਪੇਸ਼ ਨਾ ਜਾਣ ਦਿੱਤੀ ਅਤੇ ਮੌਕੇ 'ਤੇ ਮੌਜੂਦ ਸੰਗਤ ਦੀ ਮਦਦ ਨਾਲ ਉਸ ਨੂੰ ਕਾਬੂ ਕਰ ਲਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਮੂਸੇਵਾਲਾ ਕਤਲ ਕਾਂਡ 'ਚ ਸ਼ਾਮਲ 2 ਗੈਂਗਸਟਰਾਂ ਦਾ ਗੋਇੰਦਵਾਲ ਜੇਲ੍ਹ 'ਚ ਕਤਲ

## ਜੱਗੂ ਤੇ ਲਾਰੈਂਸ ਬਿਸ਼ਨੋਈ ਧੜੇ ਦੇ ਗੈਂਗਸਟਰਾਂ ਦੀ ਆਪਸੀ ਭਿੜੰਤ ਕਾਰਨ ਵਾਪਰਿਆ ਕਾਂਡ, ਤਿੰਨ ਜ਼ਖ਼ਮੀ

### ਗੋਲਡੀ ਬਰਾੜ ਨੇ ਪੋਸਟ ਪਾ ਕੇ ਲਈ ਸੀ ਜ਼ਿੰਮੇਵਾਰੀ



ਤਰਨ ਤਾਰਨ/ਏ.ਟੀ.ਨਿਊਜ਼ :- ਬੀਤੇ ਦਿਨੀਂ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਨਾਮਜ਼ਦ 20 ਦੇ ਕਰੀਬ ਗੈਂਗਸਟਰਾਂ ਵਿਚਕਾਰ ਹੋਈ ਗੈਂਗਵਾਰ ਦੌਰਾਨ ਦੋ ਗੈਂਗਸਟਰਾਂ ਮਨਦੀਪ ਸਿੰਘ ਤੂਫ਼ਾਨ ਬਟਾਲਾ ਤੇ ਮਨਮੋਹਨ ਸਿੰਘ ਮੋਹਣਾ ਬੁਢਲਾਡਾ ਦੀ ਮੌਤ ਹੋ ਗਈ ਸੀ, ਜਦਕਿ ਤਿੰਨ ਗੈਂਗਸਟਰ ਗੈਂਗਸਟਰ ਕੇਸ਼ਵ ਬਠਿੰਡਾ, ਅਰਸ਼ਦ ਖ਼ਾਨ ਰਾਜਸਥਾਨ ਅਤੇ ਮਨਪ੍ਰੀਤ ਸਿੰਘ ਭਾਊ ਢਪੱਈ ਫ਼ਰੀਦਕੋਟ ਗੰਭੀਰ ਜ਼ਖ਼ਮੀ ਹੋ ਗਏ ਸਨ। ਮਨਦੀਪ ਸਿੰਘ ਤੂਫਾਨ 'ਤੇ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਸ਼ੂਟਰਾਂ ਨੂੰ ਗੱਡੀ ਸਪਲਾਈ ਅਤੇ ਮਾਰੇ ਗਏ ਦੋ ਸ਼ੂਟਰਾਂ ਨੂੰ ਪਨਾਹ ਦੇਣ ਦਾ ਦੋਸ਼ ਹੈ, ਜਦ ਕਿ ਦੂਸਰੇ ਮਾਰੇ ਗੈਂਗਸਟਰ ਮਨਮੋਹਨ ਸਿੰਘ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਰੇਕੀ ਕਰਨ ਦੇ ਨਾਲ-ਨਾਲ ਗੱਡੀ ਤੇ ਹਥਿਆਰ ਸਪਲਾਈ ਕੀਤੇ ਸਨ। ਗੋਇੰਦਵਾਲ ਸਾਹਿਬ ਦੀ ਹਾਈ ਸਕਿਓਰਿਟੀ ਜੇਲ੍ਹ ਵਿੱਚ ਇਸ ਸਮੇਂ ਸਿੱਧੂ ਮੂਸੇਵਾਲਾ ਕਤਲ ਕਾਂਡ ਨਾਲ ਸਬੰਧਤ 21 ਦੇ ਕਰੀਬ ਖ਼ਤਰਨਾਕ ਗੈਂਗਸਟਰ ਕੇਸ਼ਵ ਕੁਮਾਰ ਬਠਿੰਡਾ, ਮਨਮੋਹਨ ਸਿੰਘ ਮੋਹਣਾ ਮਾਨਸਾ, ਬਲਦੇਵ ਸਿੰਘ ਨਿੱਕਾ ਹਰਿਆਣਾ, ਪ੍ਰਭਦੀਪ ਸਿੰਘ ਬੱਬੀ ਸਿਰਸਾ, ਚਰਨਜੀਤ ਸਿੰਘ ਚੇਤਨ ਬਠਿੰਡਾ, ਅੰਕਿਤ ਜਾਟੀ ਸਿਰਸਾ, ਸੰਦੀਪ ਕੇਕੜਾ ਹਰਿਆਣਾ, ਮਨਦੀਪ ਸਿੰਘ ਭਾਊ ਫ਼ਰੀਦਕੋਟ, ਅਰਸ਼ਦ ਖਾਨ ਰਾਜਸਥਾਨ, ਕਸ਼ਿਸ਼ ਕੁਲਦੀਪ ਸਿੰਘ ਕਾਦੀਆਂ, ਦੀਪਕ ਟੀਨੂੰ ਭਵਾਨੀ, ਹਰਦੀਪ ਸਿੰਘ ਪੰਮਾ, ਮਲਕੀਤ ਸਿੰਘ ਕੀਤਾ, ਕਪਿਲ ਪੰਡਿਤ ਰਾਜਸਥਾਨ, ਜਗਤਾਰ ਸਿੰਘ, ਦੀਪਕ ਮੁੰਡੀ ਵਾਸੀ ਪਿੰਡ ਊਣ ਹਰਿਆਣਾ, ਮਨਪ੍ਰੀਤ ਸਿੰਘ ਮਨੀ ਰਈਆ ਬੰਦ ਹਨ। ਰਜਿੰਦਰ ਹਰਿਆਣਾ, ਬਿੱਟੂ ਸਿੰਘ, ਜੇਲ੍ਹ ਦੇ ਹਾਈ ਸਕਿਓਰਿਟੀ ਸੈੱਲ ਵਿੱਚ ਤੇਜ਼ਧਾਰ ਹਥਿਆਰ ਇਨ੍ਹਾਂ ਖ਼ਤਰਨਾਕ ਗੈਂਗਸਟਰਾਂ ਕੋਲ ਕਿਵੇਂ ਪਹੁੰਚੇ ਅਤੇ ਇਨ੍ਹਾਂ ਗੈਂਗਸਟਰਾਂ ਵਿਚ ਹੋਈ ਗੈਂਗਵਾਰ ਦੇ ਕਾਰਨ ਬਾਰੇ ਜੇਲ੍ਹ ਦੇ ਅਧਿਕਾਰੀ ਲੁਕੋ ਰਹੇ ਹਨ। ਇਹ ਜੇਲ੍ਹ ਦੀ ਸੁਰੱਖਿਆ ਉਪਰ ਸਵਾਲੀਆ ਨਿਸ਼ਾਨ ਹੈ ਕਿ (**ਬਾਕੀ ਸਫ਼ਾ 31 'ਤੇ**)

### ਜੇਲ੍ਹ 'ਚ ਖੁੱਲ੍ਹ ਕੇ ਹੁੰਦੀ ਹੈ ਫੋਨਾਂ ਦੀ ਵਰਤੋਂ

ਸ੍ਰੀ ਗੋਇੰਦਵਾਲ ਸਾਹਿਬ ਦੀ ਜੇਲ੍ਹ 'ਚ ਮੋਬਾਈਲ ਫੋਨਾਂ ਦੀ ਵਰਤੋਂ ਆਮ ਹੁੰਦੀ ਹੈ। ਸਿੱਧੂ ਮੂਸੇਵਾਲਾ ਕਤਲ ਵਿਚ ਇੱਥੇ ਬੰਦ ਦੀਪਕ ਟੀਨੂੰ, ਪ੍ਰੀਆਵਰਤ ਫ਼ੌਜੀ, ਕਸ਼ਿਮ, ਅੰਕਿਤ ਲਾਟੀ, ਕੇਸ਼ਵ ਕੁਮਾਰ, ਸਚਿਨ ਭਿਵਾਨੀ ਕੋਲੋਂ ਲੰਘੇ ਸਾਲ 12 ਸਤੰਬਰ ਨੂੰ ਵੱਖ-ਵੱਖ ਕੰਪਨੀਆਂ ਦੇ ਸਿੰਮ ਤੇ ਮੋਬਾਈਲ ਫੋਨ ਬਰਾਮਦ ਕੀਤੇ ਗਏ ਸਨ। ਐਤਵਾਰ ਦੇ ਝਗੜੇ ਵਿਚ ਵੀ ਤੇਜ਼ਧਾਰ ਹਥਿਆਰਾਂ ਦੇ ਇਸਤੇਮਾਲ ਦੀ ਗੱਲ ਕਹੀ ਜਾ ਰਹੀ ਹੈ। ਇਹ ਹਥਿਆਰ ਕਿੱਥੋਂ ਆਏ ਇਹ ਵੀ ਜਾਂਚ ਦਾ ਵਿਸ਼ਾ ਹੈ।

### ਜੱਗੂ ਭਗਵਾਨਪੁਰੀਆ ਨੇ ਵੀ ਕਿਹਾ ਲਵਾਂਗੇ ਬਦਲਾ

ਗੈਂਗਸਟਰ ਮਨਦੀਪ ਤੂਫਾਨ ਅਤੇ ਮਨਮੋਹਨ ਮੋਹਨਾ ਦੇ ਕਤਲ ਤੋਂ ਬਾਅਦ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਵੀ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਪੋਸਟ ਸਾਂਝੀ ਕਰਦਿਆਂ ਧਮਕੀ ਹੈ। ਇਸ ਪੋਸਟ ਵਿਚ ਭਗਵਾਨਪੁਰੀਆ ਨੇ ਕਿਹਾ ਕਿ ਮਨਦੀਪ ਤੂਫਾਨ ਦੇ ਕਤਲ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ। ਜਿਸ ਨੇ ਵੀ ਇਹ ਗ਼ਲਤੀ ਕੀਤੀ ਹੈ, ਉਸ ਨੂੰ ਜਲਦੀ ਹੀ ਇਸ ਦਾ ਹਰਜਾਨਾ ਭਰਨਾ ਪਵੇਗਾ। ਜਿਸ ਨੇ ਵੀ ਰਲ ਕੇ ਸਾਡੇ ਭਰਾ ਦਾ ਕਤਲ ਕੀਤਾ ਹੈ, ਉਹ ਚਾਹੇ ਸਾਡਾ ਆਪਣਾ ਬੰਦਾ ਹੋਵੇ ਚਾਹੇ ਬੇਗਾਨਾ ਹੋਵੇ। ਅਸੀਂ ਆਪਣੇ ਭਰਾ ਦੇ ਕਤਲ ਦਾ ਬਦਲਾ ਕਤਲ ਦੇ ਨਾਲ ਹੀ ਲਵਾਂਗੇ। ਪੋਸਟ ਵਿਚ ਅੱਗੇ ਲਿਖਿਆ ਗਿਆ ਕਿ ਮੈਂ ਇਹ ਵੀ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਰੂਪਾ ਤੇ ਮੰਨੂ ਸਾਡਾ ਭਰਾ ਸੀ ਤੇ ਅਸੀਂ ਜਿਸ ਨੂੰ ਇਕ ਵਾਰ ਭਰਾ ਕਹਿ ਦੇਈਏ ਉਸ ਦੇ ਨਾਲ ਯਾਰ ਮਾਰ ਨਹੀਂ ਕਰਦੇ। ਜਿਹੜੇ ਕਹਿ ਰਹੇ ਹਨ ਜੱਗੂ ਨੇ ਇਨ੍ਹਾਂ ਦੀ ਮੁਖਬਰੀ ਕਰਕੇ ਇਨ੍ਹਾਂ ਦਾ ਘਾਟਾ ਕਰਵਾਇਆ, ਉਹ ਇਸ ਗੱਲ ਦਾ ਇਕ ਵੀ ਸਬੂਤ ਦੇ ਦੇਣ। ਇਹੋ ਜਿਹਾ ਘਟੀਆ ਕੰਮ ਨਾ ਹੀ ਕਦੀ ਕੀਤਾ ਨਾ ਹੀ ਕਰਾਂਗੇ, ਨਾ ਹੀ ਵਾਹਿਗੁਰੂ ਸਾਡੇ ਕੋਲੋਂ ਆਉਣ ਵਾਲੇ ਟਾਈਮ ਵਿਚ ਕਰਾਵੇ।

### ਲਾਰੈਂਸ ਤੇ ਭਗਵਾਨਪੁਰੀਆ ਗੈਂਗ ਦੀ ਤਕਰਾਰ ਵਿੱਚ ਬੰਬੀਹਾ ਗਰੁੱਪ ਨੇ ਦਿੱਤੀ ਧਮਕੀ

ਚੰਡੀਗੜ੍ਹ : ਲਾਰੈਂਸ ਗੈਂਗ ਨੂੰ ਵਿਦੇਸ਼ ਵਿੱਚੋਂ ਬੈਠ ਕੇ ਚਲਾਉਣ ਵਾਲੇ ਗੋਲਡੀ ਬਰਾੜ ਵਲੋਂ ਫੇਸਬੁਕ 'ਤੇ ਜ਼ਿੰਮੇਵਾਰੀ ਲੈਣ ਤੋਂ ਬਾਅਦ ਹੁਣ ਦਵਿੰਦਰ ਬੰਬੀਹਾ ਗੈਂਗ ਨੇ ਵੀ ਇਸ ਤਕਰਾਰ ਦੌਰਾਨ ਬੰਬੀਹਾ ਗੈਂਗ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਗੋਲਡੀ ਬਰਾੜ ਨੂੰ ਨਿਸ਼ਾਨੇ 'ਤੇ ਲਿਆ ਹੈ। ਬੰਬੀਹਾ ਗੈਂਗ ਨੇ ਫੇਸਬੁੱਕ 'ਤੇ ਲਿਖਿਆ ਕਿ ਗੋਲਡੀ ਬਰਾੜ ਜਿਨ੍ਹਾਂ ਲੋਕਾਂ ਤੋਂ ਕੰਮ ਲੈਂਦਾ ਹੈ, ਉਨ੍ਹਾਂ ਨਾਲ ਹੀ ਬੁਰਾ ਕਰਦਾ ਹੈ, ਇਹ ਸਭ ਨੂੰ ਪਤਾ ਹੈ। ਗੋਲਡੀ ਬਰਾੜ ਅਤੇ ਉਸ ਦਾ ਸਾਰਾ ਗਰੁੱਪ ਅਤੇ ਤੇਰਾ ਲਾਰੈਂਸ ਜੱਗੂ ਦੀਆਂ ਜੁੱਤੀਆਂ ਚੱਟਦੇ ਰਹੇ ਹਨ। ਪੰਜਾਬ ਵਿੱਚ ਸਟੈਂਡ ਹੋਣ ਲਈ ਜੱਗੂ ਦਾ ਇਸਤੇਮਾਲ ਕੀਤਾ ਸੀ। ਹੁਣ ਜਦੋਂ ਸਿੱਧੂ ਮੂਸੇਵਾਲਾ ਨੂੰ ਮਾਰ ਕੇ 4 ਪੈਸੇ ਇਕੱਠੇ ਕਰਨ ਦੀ ਵਾਰੀ ਆਈ ਤਾਂ ਜੱਗੂ ਨੂੰ ਪਿੱਛੇ ਛੱਡ ਦਿੱਤਾ। ਰਹੀ ਗੱਲ ਸੰਦੀਪ ਨੰਗਲ ਅੰਬੀਆ ਦੀ ਤਾਂ ਉਸ ਵਿੱਚ ਜੱਗੂ ਨੇ ਕੋਈ ਮਦਦ ਨਹੀਂ ਕੀਤੀ। ਸੰਦੀਪ ਤਾਂ ਹੀ ਮਾਰਿਆ ਗਿਆ ਸੀ ਕਿਉਂਕਿ ਉਹ ਜੱਗੂ ਦਾ ਦੋ ਨੰਬਰ ਦਾ ਸਾਰਾ ਕੰਮ ਹੈਂਡਲ ਕਰਦਾ ਸੀ। ਗੋਲਡੀ ਬਰਾੜ ਨੂੰ ਉਸ ਦੇ ਕੰਮ ਲਈ ਜੱਗੂ ਨੇ ਜੋ ਵੀ ਆਦਮੀ ਦਿੱਤੇ, ਉਹ ਸਭ ਮਰਵਾ ਦਿੱਤੇ। ਸਮਾਂ ਆਉਣ ਦੇ ਤੇਰੇ ਨਾਲ ਵੀ ਬਹੁਤ ਬੁਰਾ ਹੋਵੇਗਾ।

**ਮਾਮਲਾ ਜੁਨੈਦ ਤੇ ਨਾਸਿਰ ਦੇ ਕਤਲ ਦਾ**

# ਹਰਿਆਣੇ 'ਚ ਮਹਾਂਪੰਚਾਇਤਾਂ ਭਗਵੇਂ ਦੋਸ਼ੀਆਂ ਦੇ ਹੱਕ 'ਚ ਕਾਨੂੰਨ ਲਈ ਅੜਿੱਕਾ ਬਣੀਆਂ

## ਰਾਜਸਥਾਨ ਪੁਲਿਸ ਨੂੰ ਦਿੱਤੀ ਚੁਣੌਤੀ ਕਿ ਜੇ ਉਨ੍ਹਾਂ ਨੇ 'ਦੋਸ਼ੀਆਂ ਨੂੰ ਫੜਨ' ਦੀ ਕੋਸ਼ਿਸ਼ ਕੀਤੀ ਤਾਂ 'ਗੰਭੀਰ ਨਤੀਜੇ' ਭੁਗਤਣੇ ਪੈਣਗੇ

### ਮਹਾਂਪੰਚਾਇਤਾਂ ਵੱਲੋਂ ਮੁਸਲਿਮਾਂ ਵਿਰੁੱਧ ਹਿੰਸਾ ਕਰਨ ਦਾ ਸੱਦਾ



ਨੂਹ/ਏ.ਟੀ.ਨਿਊਜ਼ :- ਕੁਝ ਦਿਨ ਪਹਿਲਾਂ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਗੋਪਾਲਗੜ੍ਹ ਪਿੰਡ ਦੇ ਦੋ ਵਿਅਕਤੀਆਂ ਜੁਨੈਦ ਅਤੇ ਨਾਸਿਰ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਗਈ ਅਤੇ ਬਾਅਦ ਵਿਚ ਹਰਿਆਣੇ ਦੇ ਭਿਵਾਨੀ ਜ਼ਿਲ੍ਹੇ ਵਿਚ ਅੱਗ ਨਾਲ ਸੜੀ ਜੀਪ ਵਿੱਚ ਉਨ੍ਹਾਂ ਦੇ ਝੁਲਸੇ ਸਰੀਰ ਮਿਲੇ ਸਨ। ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੇ ਦੋਸ਼ ਲਗਾਇਆ ਸੀ ਕਿ ਆਪਣੇ ਆਪ ਨੂੰ ਗਊ ਰੱਖਿਅਕਾਂ ਵਜੋਂ ਪੇਸ਼ ਕਰ ਰਹੇ ਅਪਰਾਧੀਆਂ ਨੇ ਜੁਨੈਦ ਤੇ ਨਾਸਿਰ ਦੀ ਹੱਤਿਆ ਕੀਤੀ। ਇਸ ਸਬੰਧ ਵਿੱਚ ਬਜਰੰਗ ਦਲ ਦੇ ਆਗੂ ਮੋਨੂੰ ਮਨੇਸਰ ਦਾ ਨਾਂ ਉੱਭਰਿਆ। ਇਸ ਤੋਂ ਪਹਿਲਾਂ ਉਸ ਦਾ ਨਾਂ ਹਰਿਆਣੇ ਦੇ ਨੂਹ ਜ਼ਿਲ੍ਹੇ ਵਿੱਚ ਜਨਵਰੀ ਦੇ ਆਖ਼ਰੀ ਹਫ਼ਤੇ ਹੋਈ ਮਾਰਕੁੱਟ ਦੇ ਮਾਮਲੇ 'ਚ ਵੀ ਉੱਭਰਿਆ ਸੀ ਜਿਸ ਵਿੱਚ ਵਾਰਿਸ ਨਾਂ ਦੇ ਵਿਅਕਤੀ ਦੀ ਮੌਤ ਹੋ ਗਈ ਸੀ। ਭਿਵਾਨੀ ਵਾਲੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਇਕ ਵਿਅਕਤੀ ਨੇ ਦੋਸ਼ ਲਗਾਇਆ ਸੀ ਕਿ ਬਜਰੰਗ ਦਲ ਦੇ ਕਾਰਕੁਨਾਂ ਨੇ ਜੁਨੈਦ ਅਤੇ ਨਾਸਿਰ ਨੂੰ ਪੁਲਿਸ ਨੂੰ ਸੌਂਪ ਦਿੱਤਾ ਸੀ ਭਾਵੇਂ ਪੁਲਿਸ ਨੇ ਇਸ ਦੋਸ਼ ਨੂੰ ਗ਼ਲਤ ਤੇ ਬੇਬੁਨਿਆਦ ਦੱਸਿਆ ਹੈ।

ਹੁਣ ਹਰਿਆਣੇ ਵਿੱਚ ਹੋਈਆਂ ਮਹਾਂਪੰਚਾਇਤਾਂ 'ਚ ਰਾਜਸਥਾਨ ਪੁਲਿਸ ਨੂੰ ਚੁਣੌਤੀ ਦਿੱਤੀ ਗਈ ਹੈ ਕਿ ਜੇ ਉਨ੍ਹਾਂ ਨੇ ਜੁਨੈਦ ਤੇ ਨਾਸਿਰ ਦੇ 'ਹਤਿਆਰਿਆਂ ਨੂੰ ਫੜਨ' ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ 'ਗੰਭੀਰ ਨਤੀਜੇ' ਭੁਗਤਣੇ ਪੈਣਗੇ। ਇਨ੍ਹਾਂ ਮਹਾਂਪੰਚਾਇਤਾਂ ਵਿੱਚ ਮੁਸਲਿਮ ਭਾਈਚਾਰੇ ਦੇ ਲੋਕਾਂ ਵਿਰੁੱਧ ਹਿੰਸਾ ਕਰਨ ਦਾ ਸੱਦਾ ਵੀ ਦਿੱਤਾ ਗਿਆ। ਇਸ ਕਾਰਨ ਮੁਸਲਿਮ ਭਾਈਚਾਰੇ ਵਿੱਚ ਸਖਤ ਗੁੱਸਾ ਪਾਇਆ ਜਾ ਰਿਹਾ ਹੈ। ਨਤੀਜੇ ਵਜੋਂ ਫਿਰਕੂ ਹਿੰਸਾ ਵਾਪਰਨ ਦੀ ਸੰਭਾਵਨਾ ਬਣੀ ਹੋਈ ਹੈ।

ਯਾਦ ਰਹੇ ਕਿ ਕੇਂਦਰ ਅਤੇ ਹਰਿਆਣੇ ਵਿਚ ਸੱਤਾਧਾਰੀ ਪਾਰਟੀ ਕਈ ਸਾਲਾਂ ਤੋਂ ਭਾਈਚਾਰਕ ਦੁਫੇੜ ਨੂੰ ਵਧਾਉਣ ਦੀ ਸਿਆਸਤ ਕਰ ਕੇ ਵੋਟਾਂ ਲੈਂਦੀ ਰਹੀ ਹੈ। ਲੋਕਾਂ ਵਿੱਚ ਇਹ ਪ੍ਰਭਾਵ ਹੈ ਕਿ ਸੱਤਾਧਾਰੀ ਧਿਰ ਆਪਣੇ ਆਪ ਨੂੰ ਗਊ ਰੱਖਿਅਕਾਂ ਵਜੋਂ ਪੇਸ਼ ਕਰਨ ਵਾਲੇ ਕੱਟੜਪੰਥੀ ਤੱਤਾਂ ਨੂੰ ਸਿੱਧੇ-ਅਸਿੱਧੇ ਰੂਪ ਵਿਚ ਉਤਸ਼ਾਹਿਤ ਕਰਦੀ ਹੈ। ਧਰਮ ਆਧਾਰਿਤ ਇਹ ਸਿਆਸਤ ਦੇਸ਼ ਦੇ ਜਮਹੂਰੀ ਢਾਂਚੇ ਨੂੰ ਖੇਰੂੰ ਖੇਰੂੰ ਕਰ ਸਕਦੀ ਹੈ। ਮੁਸਲਿਮ ਵਿਰੋਧੀ ਮਹਾਂਪੰਚਾਇਤਾਂ ਵਿਚ ਮੋਨੂੰ ਮਨੇਸਰ ਜਿਹੇ ਤੱਤਾਂ ਦਾ ਗੁਣਗਾਣ ਕੀਤਾ ਜਾ ਰਿਹਾ ਹੈ। ਪਲਵਲ ਜ਼ਿਲ੍ਹੇ ਵਿਚ ਹੋਈ ਮਹਾਂਪੰਚਾਇਤ ਵਿੱਚ ਕਿਹਾ ਗਿਆ ਕਿ ਉਸ ਨੇ ਗਊਆਂ ਦੀ ਰੱਖਿਆ ਕਰਨ ਲਈ ਜੇਹਾਦੀਆਂ ਦੀਆਂ ਗੋਲੀਆਂ ਦਾ ਸਾਹਮਣਾ ਕੀਤਾ। ਇਸ ਤਰ੍ਹਾਂ ਫ਼ਿਰਕੂ ਤੱਤਾਂ ਨੂੰ ਨਾ ਸਿਰਫ਼ ਫਰਜ਼ੀ ਘਟਨਾਵਾਂ ਘੜ ਕੇ ਨਾਇਕ ਬਣਾਇਆ ਜਾ (**ਬਾਕੀ ਸਫ਼ਾ 31 'ਤੇ**)

### ਰਾਜਸਥਾਨ ਪੁਲਿਸ ਵੱਲੋਂ ਹਰਿਆਣਾ ਵਿੱਚ ਛਾਪੇਮਾਰੀ

ਨੂਹ : ਜੁਨੈਦ-ਨਸੀਰ ਕਤਲ ਕਾਂਡ ਦੇ ਦੋਸ਼ੀਆਂ ਨੂੰ ਫੜਨ ਲਈ ਰਾਜਸਥਾਨ ਪੁਲਿਸ ਲਗਾਤਾਰ ਹਰਿਆਣਾ 'ਚ ਛਾਪੇਮਾਰੀ ਕਰ ਰਹੀ ਹੈ। ਪੁਲਿਸ ਹੁਣ ਤੱਕ ਇਸ ਕਤਲ ਕਾਂਡ ਦੇ ਇੱਕ ਦੋਸ਼ੀ ਰਿੰਕੂ ਸੈਣੀ ਨੂੰ ਫੜਨ ਵਿੱਚ ਕਾਮਯਾਬ ਰਹੀ ਹੈ। ਬੀਤੇ ਦਿਨੀਂ ਰਾਜਸਥਾਨ ਪੁਲਿਸ ਨੇ ਕਤਲ ਦੇ ਦੋਸ਼ੀ ਕਾਲੂ ਨੂੰ ਫੜਨ ਲਈ ਹਰਿਆਣਾ ਦੇ ਕੈਥਲ ਜ਼ਿਲ੍ਹੇ ਵਿੱਚ ਸਥਿਤ ਬਾਬਾ ਲਡਾਣਾ ਦੇ ਉਸ ਦੇ ਪਿੰਡ ਵਿੱਚ ਛਾਪੇਮਾਰੀ ਕੀਤੀ ਤਾਂ ਪੁਲਿਸ ਨੇ ਉਸ ਦੇ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਕੀਤੀ ਪਰ ਉਸ ਨੂੰ ਖਾਲੀ ਹੱਥ ਪਰਤਣਾ ਪਿਆ।

ਇਸ ਤੋਂ ਬਾਅਦ ਕਾਲੂ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਜਦੋਂ ਪੁਲਿਸ ਉਨ੍ਹਾਂ ਦੇ ਘਰ ਆਈ ਤਾਂ ਘਰ ਵਿੱਚ ਸਿਰਫ ਕਾਲੂ ਦੀ ਭਰਜਾਈ ਮੌਜੂਦ ਸੀ, ਰਾਜਸਥਾਨ ਪੁਲਿਸ ਨੇ ਕਾਲੂ ਦੀ ਭਰਜਾਈ ਨਾਲ ਦੁਰਵਿਵਹਾਰ ਕੀਤਾ। ਇਸ ਤੋਂ ਨਾਰਾਜ਼ ਹੋ ਕੇ ਪਿੰਡ ਬਾਬਾ ਲਡਾਣਾ ਦੇ ਲੋਕਾਂ ਨੇ ਗਊ ਰਕਸ਼ਕ ਦਲ ਅਤੇ ਬਜਰੰਗ ਦਲ ਦੇ ਮੈਂਬਰਾਂ ਨਾਲ ਮਿਲ ਕੇ ਪੰਚਾਇਤ ਕੀਤੀ ਅਤੇ ਫੈਸਲਾ ਕੀਤਾ ਕਿ ਰਾਜਸਥਾਨ ਪੁਲਿਸ ਨੂੰ ਹੁਣ ਪਿੰਡ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਪਿੰਡ ਵਾਸੀਆਂ ਦੀ ਮੰਗ ਹੈ ਕਿ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ। ਦੋਸ਼ੀ ਕਾਲੂ ਦੇ ਪਿੰਡ ਬਾਬਾ ਲਡਾਣਾ ਦੇ ਸਰਪੰਚ ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਰਾਜਸਥਾਨ ਪੁਲਿਸ ਨੇ ਜੋ ਵੀ ਪੁੱਛਗਿੱਛ ਕਰਨੀ ਹੈ, ਉਹ ਪੰਚਾਇਤ ਦੇ ਸਾਹਮਣੇ ਹੀ ਕਰਨੀ ਹੋਵੇਗੀ।



# ਪੰਜਾਬ ਦੇ ਖੇਤ ਮਜ਼ਦੂਰ ਦੀ ਮੰਦਹਾਲੀ ਹਾਲਤ, ਜੱਟ ਤੇ ਸੀਰੀ ਦੀ ਸਾਂਝ ਟੁੱਟੀ

- ਅਸੀਂ ਤਿੰਨ ਪੀੜ੍ਹੀਆਂ ਤੋਂ ਗ਼ੁਲਾਮ ਹਾਂ : ਮਾਲਕ ਕਹਿੰਦਾ ਸੀ ਤੂੰ ਭਰਾ ਵਰਗਾ, ਉਹਦੇ ਬੱਚੇ ਵਪਾਰੀ ਬਣ ਗਏ ਪਰ ਸਾਡੇ ਬੱਚੇ ਦਿਹਾੜੀਦਾਰ ਮਜ਼ਦੂਰ ਨੇ
- ਪ੍ਰਵਾਸੀ ਮਜ਼ਦੂਰਾਂ ਦੇ ਆਉਣ ਕਾਰਨ ਅਪਰਾਧ ਦੀਆਂ ਕਈ ਘਟਨਾਵਾਂ ਵਾਪਰ ਰਹੀਆਂ ਨੇ : ਜ਼ਿਮੀਦਾਰ ਭਾਈ ਬੀਰ ਸਿੰਘ
- ਪੇਂਡੂ ਮਜ਼ਦੂਰਾਂ ਨੂੰ ਪਿੰਡਾਂ ਵਿੱਚ ਰੁਜ਼ਗਾਰ, ਸਿੱਖਿਆ, ਸਿਹਤ ਸਹੂਲਤਾਂ ਦੀ ਤੁਰੰਤ ਲੋੜ : ਖੇਤ ਮਜ਼ਦੂਰ ਯੂਨੀਅਨ

ਕਿਸੇ ਸਮੇਂ ਜਦੋਂ ਖੇਤੀ ਦਾ ਜ਼ਿਕਰ ਹੁੰਦਾ ਸੀ ਤਾਂ ਨਾਲ ਹੀ ਜੱਟ ਤੇ ਸੀਰੀ ਦਾ ਜ਼ਿਕਰ ਵੀ ਹੁੰਦਾ ਸੀ। ਇਕ ਕਹਾਵਤ ਹੈ, ਜਦੋਂ ਜੱਟ ਤੇ ਸੀਰੀ, ਸਿਰ ਜੋੜਦੇ ਹਨ, ਉਦੋਂ ਹੀ ਪੰਡ ਦੀ ਗੰਢ ਬੱਝਦੀ ਹੈ। ਹੁਣ ਸਮੇਂ ਦੀ ਤੇਜ਼ ਰਫ਼ਤਾਰ ਤੇ ਉਦਯੋਗੀਕਰਨ ਨੇ ਇਸ ਰਿਸ਼ਤੇ ਨੂੰ ਖ਼ਤਮ ਕਰ ਦਿੱਤਾ ਹੈ, ਜਿਸ ਕਰਕੇ ਜੱਟ ਤਾਂ ਭਾਵੇਂ ਆਪਣੀ ਮਾੜੀ ਮੋਟੀ ਹੋਂਦ ਬਚਾਈ ਬੈਠਾ ਹੈ ਪਰ ਸੀਰੀ ਭਾਵ ਖੇਤ ਮਜ਼ਦੂਰ ਅਸਲੋਂ ਹੀ ਕੱਖੋਂ ਹੌਲ਼ਾ ਹੋ ਗਿਆ ਹੈ। 60ਵਿਆਂ ਤੱਕ ਸੀਰੀ ਪ੍ਰਥਾ ਪ੍ਰਚੱਲਤ ਸੀ। ਸੀਰ ਦਾ 11ਵਾਂ ਜਾਂ ਵੱਧ-ਘੱਟ ਹਿੱਸਾ ਹੁੰਦਾ ਸੀ। ਜ਼ਮੀਨ ਸਾਂਭਣ ਲਈ ਖੇਤ ਮਜ਼ਦੂਰ ਤੇ ਉਨ੍ਹਾਂ ਦੇ ਸਾਰੇ ਪਰਿਵਾਰ ਕੋਲ ਰੁਜ਼ਗਾਰ ਹੁੰਦਾ ਸੀ। ਖਾਣ ਲਈ ਦਾਣੇ, ਪਸ਼ੂਆਂ ਲਈ ਪੱਠਾ-ਨੀਰਾ ਵੀ ਮਿਲ ਜਾਂਦਾ ਸੀ। ਫਿਰ ਖੇਤ ਮਜ਼ਦੂਰ ਨੂੰ ਠੇਕੇ 'ਤੇ ਰੱਖਿਆ ਜਾਣ ਲੱਗ ਪਿਆ। ਸੀਰੀ ਨੂੰ 50 ਤੋਂ 80 ਹਜ਼ਾਰ ਰੁਪਏ ਤੱਕ ਸਾਲ ਦਾ ਉੱਕਾ-ਪੁੱਕਾ ਠੇਕਾ ਦੇਣ ਲੱਗੇ ਪਰ ਹੁਣ ਸੀਰ ਵੀ ਖ਼ਤਮ ਹੋ ਗਿਆ ਤੇ ਠੇਕਾ ਵੀ। ਹੁਣ ਮਸ਼ੀਨੀਕਰਨ ਦੇ ਵਧੇ ਪ੍ਰਭਾਵ ਨੇ ਹੱਥੀਂ ਖੇਤੀ ਦਾ ਰੁਝਾਨ ਖ਼ਤਮ ਕਰ ਦਿੱਤਾ। ਹੁਣ ਬਹੁਤੇ ਜ਼ਿਮੀਦਾਰ ਜ਼ਮੀਨਾਂ ਠੇਕੇ 'ਤੇ ਦਿੰਦੇ ਹਨ। ਲੋੜ ਵੇਲੇ ਦਿਹਾੜੀਦਾਰ ਭਈਏ ਰੱਖੇ ਜਾਂਦੇ ਹਨ। ਹੁਣ ਸਪਰੇਅ ਵਾਲਾ ਜਹਾਜ਼ ਆ ਗਿਆ। ਸੌ ਰੁਪਏ ਕਿੱਲੇ ਦਾ ਲੈਂਦੇ ਹਨ। ਕਣਕ ਤੇ ਝੋਨੇ ਦੀ ਵਾਢੀ ਲਈ ਕੰਬਾਈਨਾਂ ਆ ਗਈਆਂ ਹਨ। ਮਹਿਜ਼ ਝੋਨੇ ਦੀ ਲੁਆਈ ਦਾ ਕੰਮ ਹੱਥੀਂ ਰਹਿ ਗਿਆ। ਉਹ ਵੀ ਦਸ ਕੁ ਦਿਨ ਦਾ ਚੱਲਦਾ ਹੈ। ਖੇਤੀ ਪ੍ਰਧਾਨ ਸੂਬੇ ਵਿੱਚ ਖੇਤੀ, ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਵਿਚ ਫੇਲ੍ਹ ਹੋ ਗਈ ਹੈ।

ਸੀਰੀ ਗੁਰਮੇਲ ਸਿੰਘ ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਚਹੇੜੀ ਦਾ ਵਸਨੀਕ ਹੈ। ਉਹ ਭਾਵੁਕ ਹੋ ਕੇ ਆਖਦਾ ਹੈ ਕਿ ਅਸੀਂ ਤਿੰਨ ਪੀੜ੍ਹੀਆਂ ਤੋਂ ਗੁਲਾਮ ਹਾਂ, ਪਰ ਮਜ਼ਬੂਰੀ ਅਜਿਹੀ ਹੈ ਕਿ ਅਸੀਂ ਮਾਲਕ ਦਾ ਘਰ ਨਹੀਂ ਛੱਡ ਸਕਦੇ। ਮਾਲਕ ਕਹਿੰਦਾ ਸੀ ਕਿ ਤੁਸੀਂ ਘਰ ਦੇ ਮੈਂਬਰ



ਹੋ, ਤੁਸੀਂ ਪਰਿਵਾਰ ਹੋ, ਤੁਹਾਡਾ ਵੀ ਹਿੱਸਾ ਹੈ। ਮਾਲਕਾਂ ਦੇ ਬੱਚੇ ਵਪਾਰੀ ਬਣ ਗਏ, ਵਿਦੇਸ਼ ਚਲੇ ਗਏ ਪਰ ਸਾਡੇ ਬੱਚਿਆਂ ਨੂੰ ਦਿਹਾੜੀ ਵੀ ਨਹੀਂ ਮਿਲ ਰਹੀ। ਉਹ ਕਹਿੰਦਾ ਹੈ ਕਿ ਤਿੰਨ ਪੀੜ੍ਹੀਆਂ ਤੋਂ ਸਾਡਾ ਹਾਲ ਕਿਸੇ ਨੇ ਨਹੀਂ ਪੁੱਛਿਆ। ਸਾਡੀ ਹਾਲਤ ਭੁੱਖੇ ਮਰਨ ਵਰਗੀ ਹੈ। ਉਹ ਆਖਦਾ ਹੈ ਕਿ ਕਿਸੇ ਵੇਲੇ ਉਨ੍ਹਾਂ ਨੂੰ ਗੁਜ਼ਾਰਾ ਕਰਨ ਲਈ ਉਤਪਾਦਨ ਵਿਚੋਂ ਹਿੱਸਾ ਮਿਲਦਾ ਸੀ, ਪਰ ਅੱਜ ਉਨ੍ਹਾਂ ਨੂੰ ਨਾ ਤਾਂ ਪੈਦਾਵਾਰ ਦਾ ਹਿੱਸਾ ਮਿਲਦਾ ਹੈ ਅਤੇ ਨਾ ਹੀ ਰਹਿਣ ਲਈ ਛੱਤ ਮਿਲਦੀ ਹੈ।

ਗੁਰਮੇਲ ਸਿੰਘ ਆਪਣੇ ਸਰਦਾਰ ਬਖਸ਼ੀਸ਼ ਸਿੰਘ ਨਾਲ ਤੀਜੀ ਪੀੜ੍ਹੀ ਦੀ ਸਿਰੀ-ਸਾਂਝ ਹੈ। ਉਸ ਦੇ ਬੱਚੇ ਦਿਹਾੜੀਦਾਰ ਮਜ਼ਦੂਰ ਹਨ। ਜਦੋਂ ਕਿ ਗੁਰਮੇਲ ਸਿੰਘ ਦੇ ਸਰਦਾਰ ਕੋਲ ਵੱਡੀਆਂ ਕੋਠੀਆਂ ਹਨ, ਲਗਜ਼ਰੀ ਕਾਰਾਂ ਹਨ।

ਗੁਰਮੇਲ ਸਿੰਘ ਕਹਿੰਦਾ, 'ਮੇਰੇ ਕੋਲ ਕਹਿਣ ਨੂੰ ਦੋ ਏਕੜ ਜ਼ਮੀਨ ਹੈ, ਪਰ ਜ਼ਮੀਨ ਬੰਜਰ ਹੈ। ਦੋ ਪੁੱਤਰ ਹਨ, ਜੋ ਮਜ਼ਦੂਰੀ ਕਰਦੇ ਹਨ, ਪਰ ਹੁਣ ਦੂਜੇ ਰਾਜਾਂ ਤੋਂ ਮਜ਼ਦੂਰ ਆਉਣ ਕਾਰਨ ਉਨ੍ਹਾਂ ਨੂੰ ਕੰਮ ਵੀ ਨਹੀਂ ਮਿਲਦਾ। ਅਸੀਂ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰ ਰਹੇ ਹਾਂ। ਉਹ ਆਖਦਾ ਹੈ ਕਿ ਅਸੀਂ ਸਰਦਾਰਾਂ ਦੇ ਖੇਤ ਵਾਹੇ, ਪਸੀਨਾ ਵਹਾਇਆ। ਹਰ ਸਾਲ ਫ਼ਸਲ ਦਾ ਸੱਤਵਾਂ ਜਾਂ ਅੱਠਵਾਂ ਹਿੱਸਾ ਪ੍ਰਾਪਤ ਹੁੰਦਾ ਸੀ। ਪਹਿਲਾਂ ਤਾਂ ਉਹ ਬਹੁਤ ਖੁਸ਼ ਰਹਿੰਦਾ ਸੀ, ਪਰ ਹੁਣ ਸਰੀਰ ਉਸ ਦਾ ਸਾਥ ਨਹੀਂ ਦਿੰਦਾ।

ਦੂਸਰੇ ਪਾਸੇ ਸਰਦਾਰ ਬਖਸ਼ੀਸ਼ ਸਿੰਘ ਕਹਿੰਦਾ ਹੈ, 'ਇਹ ਸੱਚ ਹੈ ਕਿ ਸੀਰੀ ਨੇ ਜ਼ਿਮੀਂਦਾਰ ਵਾਂਗ ਤਰੱਕੀ ਨਹੀਂ ਕੀਤੀ। ਉਨ੍ਹਾਂ ਦੀ ਹਾਲਤ ਦਿਹਾੜੀਦਾਰ ਮਜ਼ਦੂਰਾਂ ਨਾਲੋਂ ਵੀ ਮਾੜੀ ਹੋ ਗਈ ਹੈ ਪਰ ਇਸ ਲਈ ਸਰਕਾਰ ਜ਼ਿੰਮੇਵਾਰ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀ ਤੋਂ ਹੋਣ ਵਾਲੀ ਆਮਦਨ ਘਟ ਗਈ ਹੈ। ਇਸ ਨਾਲ ਸੀਰੀ ਲੋਕਾਂ ਦੀ ਜ਼ਿੰਦਗੀ ਪ੍ਰਭਾਵਿਤ ਹੋਈ ਹੈ। ਸਰਕਾਰ ਨੇ ਪੰਜ ਲੱਖ ਰੁਪਏ ਤੱਕ ਦਾ ਬੀਮਾ ਬੰਦ ਕਰ ਦਿੱਤਾ ਹੈ। ਸਹਿਕਾਰੀ ਸਭਾਵਾਂ ਨੇ ਸੀਰੀਆਂ ਨੂੰ ਕਰਜ਼ਾ ਦੇਣਾ ਬੰਦ ਕਰ ਦਿੱਤਾ ਹੈ। ਅਸੀਂ ਕੀ ਕਰ ਸਕਦੇ ਹਾਂ ?

ਸੀਰੀ ਗੁਰਮੇਲ ਸਿੰਘ ਕਹਿੰਦਾ ਹੈ, 'ਅਸੀਂ ਆਪਣੀ ਸਾਰੀ ਜ਼ਿੰਦਗੀ ਸਰਦਾਰ ਨੂੰ ਦੇ ਦਿੱਤੀ ਹੈ। ਉਨ੍ਹਾਂ ਨੇ ਸਾਨੂੰ ਮਾੜੀ ਹਾਲਤ ਵਿੱਚ ਰੱਖਿਆ ਹੈ ਕਿ ਜੇਕਰ ਅਸੀਂ ਚੁੱਪ ਰਹੇ ਤਾਂ ਸਾਡਾ ਸ਼ੋਸ਼ਣ ਹੋਵੇਗਾ ਅਤੇ ਜੇਕਰ ਅਸੀਂ ਬੋਲੇ ਤਾਂ ਸਾਨੂੰ ਕੋਈ ਕੰਮ ਨਹੀਂ ਮਿਲੇਗਾ। ਇਸ ਲਈ ਚੁੱਪ ਰਹਿਣਾ ਹੀ ਬਿਹਤਰ ਹੈ।

ਇਸੇ ਤਰ੍ਹਾਂ ਨਾਥ ਸਿੰਘ ਪੁਰਾਣਾ ਸੀਰੀ ਹੈ। ਉਸ ਦੇ ਘਰ ਵਿੱਚ ਸੱਤ ਮੈਂਬਰ ਹਨ। ਹਰ ਕੋਈ ਮਜ਼ਦੂਰ ਵਜੋਂ ਕੰਮ ਕਰਦਾ ਹੈ। ਨਾਥ ਸਿੰਘ ਦਾ ਕਹਿਣਾ ਹੈ, 'ਪੰਜਾਬ ਦੇ ਹਰ ਪਿੰਡ ਵਿੱਚ ਤਿੰਨ ਤਰ੍ਹਾਂ ਦੀਆਂ ਜ਼ਮੀਨਾਂ ਹਨ। ਸ਼ਾਮਲਾਟ, ਨਿੱਜੀ ਜ਼ਮੀਨ ਅਤੇ ਜੁਮਲਾ-ਮੁਸਤਰਕਾ-ਮਾਲਕੀਅਤ ਜ਼ਮੀਨ। ਤੀਜੀ ਕਿਸਮ ਦੀ ਜ਼ਮੀਨ ਪਿੰਡ ਦੇ ਸਾਰੇ ਲੋਕਾਂ ਵਿੱਚ ਵੰਡੀ ਹੋਈ ਹੈ। ਇਸ ਵਿੱਚ ਸੀਰੀ ਦਾ ਵੀ ਹਿੱਸਾ ਹੈ ਪਰ ਹੁਣ ਕੇਂਦਰ ਸਰਕਾਰ ਨੇ ਪੰਚਾਇਤਾਂ ਨੂੰ ਇਸ ਜ਼ਮੀਨ 'ਤੇ ਕਬਜ਼ਾ ਕਰਨ ਦਾ ਨੋਟਿਸ ਦਿੱਤਾ ਹੈ। ਇਸ ਨਾਲ ਸਾਡੀ ਆਖ਼ਰੀ ਉਮੀਦ ਵੀ ਖ਼ਤਮ ਹੋ ਜਾਵੇਗੀ।

ਪਿੰਡ ਖੁੰਡੇ ਹਲਾਲ ਮੁਕਤਸਰ ਦੇ ਸੀਰੀ ਗੁਰਦਾਸ ਸਿੰਘ (60) ਦੇ ਦੋ ਮੁੰਡੇ ਸਨ। ਦੋਨੋਂ ਵਿਆਹੇ ਹੋਏ ਸਨ। ਛੋਟਾ ਮੁੰਡਾ ਹਰਜਿੰਦਰ ਸਿੰਘ ਉਨ੍ਹਾਂ ਦੇ ਨਾਲ ਸੀ। ਉਸ ਕੋਲ ਤਿੰਨ ਧੀਆਂ ਸਨ। ਉਸ ਨੇ ਸੋਚਿਆ ਖੇਤਾਂ ਵਿੱਚ ਰੁਜ਼ਗਾਰ ਘੱਟ ਗਿਆ। ਇਸ ਕਰਕੇ ਮੁੰਡੇ ਨੂੰ ਟਰੈਕਟਰ ਕਿਸ਼ਤਾਂ 'ਤੇ ਲੈ ਦਿੱਤਾ, ਜਿਸ ਦਾ ਲੱਖ ਰੁਪਏ ਪਹਿਲਾਂ ਭਰਿਆ। ਟਰੈਕਟਰ ਦਾ ਕੰਮ ਵੀ ਬਹੁਤਾ ਨਾ ਚੱਲਿਆ। ਗੁਰਦਾਸ ਸਿੰਘ ਵੀ ਬਿਮਾਰ ਪੈ ਗਿਆ। ਆਪਣੇ



ਇਲਾਜ ਕਰਾਉਣ ਦੀ ਥਾਂ ਕਿਸ਼ਤ ਭਰਨ ਲਈ ਕਹਿੰਦਾ ਰਿਹਾ। ਇਲਾਜ ਨਾ ਹੋਣ ਕਾਰਨ ਮੌਤ ਹੋ ਗਈ। ਬਾਅਦ ਵਿੱਚ ਟਰੈਕਟਰ ਨੂੰ ਕੰਪਨੀ ਵਾਲੇ ਲੈ ਗਏ। 4 ਲੱਖ ਭਰ ਚੁੱਕੇ ਸਨ, ਰਹਿੰਦੇ 4 ਲੱਖ ਦਾ ਵਿਆਜ ਤੇ ਟੁੱਟੀਆਂ ਕਿਸ਼ਤਾਂ ਸਮੇਤ 7 ਲੱਖ ਰੁਪਏ ਬਣ ਗਏ। ਮਾਲਕੀ ਛੱਡ ਕੇ ਡਰਾਇਵਰੀ ਕਰਨ ਲੱਗ ਪਿਆ। ਇਹੀ ਹਾਲ ਸੈਂਕੜੇ ਖੇਤ ਮਜ਼ਦੂਰਾਂ ਦਾ ਹੈ। ਲੱਖੇਵਾਲੀ ਦੇ ਖੇਤ ਮਜ਼ਦੂਰ ਇੰਦਰਜੀਤ ਸਿੰਘ ਨੇ ਖੇਤੀ ਵਿੱਚ ਰੁਜ਼ਗਾਰ ਘਟਣ ਕਾਰਨ ਸਾਈਕਲ ਫੇਰੀ 'ਤੇ ਕਬਾੜ ਖਰੀਦਣ ਦਾ ਕੰਮ



ਕਰ ਲਿਆ। ਮਗਰੋਂ ਕਬਾੜ ਖਰੀਦਣ ਦਾ ਕੰਮ ਛੱਡ ਕੇ ਘੋੜਾ ਰੇਹੜਾ ਬਣਾ ਕੇ ਭਾਰ ਢੋਣ ਲੱਗ ਪਿਆ। ਜਦੋਂ ਇਸ ਨਾਲ ਵੀ ਗੁਜ਼ਾਰਾ ਨਾ ਹੋਇਆ ਤਾਂ ਇਹ ਕੰਮ ਵੀ ਬਦਲਣਾ ਪਿਆ। ਰੇਹੜੀ 25 ਹਜ਼ਾਰ ਦਾ ਕਰਜ਼ਾ ਚੁੱਕ ਕੇ ਲਈ ਸੀ। ਕਰਜ਼ੇ ਦੀਆਂ ਕਿਸ਼ਤਾਂ ਵੀ ਨਹੀਂ ਮੁੜੀਆਂ। ਰੇਹੜੀ ਤੋਂ ਖਹਿੜਾ ਛੁਡਾ ਕੇ ਰਿਕਸ਼ਾ ਬਣਾ ਲਿਆ। ਪੰਜ ਸਾਲ ਤੱਕ ਰਿਕਸ਼ਾ ਚਲਾਇਆ। ਅਖੀਰ ਉਹ ਵੀ ਛੱਡ ਦਿੱਤਾ ਤੇ ਹੁਣ ਢਾਬੇ 'ਤੇ ਭਾਂਡੇ ਮਾਂਜਦਾ ਹੈ।

ਜਲੰਧਰ ਦੇ ਪਿੰਡ ਮਿਠਾਪੁਰ ਦੇ ਜ਼ਿਮੀਦਾਰ ਜਥੇਦਾਰ ਭਾਈ ਬੀਰ ਸਿੰਘ ਜੋ ਸ਼੍ਰੋਮਣੀ ਕਮੇਟੀ ਦੇ ਜਰਨਲ਼ ਸਕੱਤਰ ਵੀ ਰਹਿ ਚੁਕੇ ਹਨ, ਕਹਿੰਦੇ ਹਨ, 'ਇੱਥੋਂ ਦੇ ਜ਼ਿਮੀਂਦਾਰਾਂ ਨੇ ਯੂ.ਪੀ. ਅਤੇ ਬਿਹਾਰ ਦੇ ਮਜ਼ਦੂਰਾਂ ਨੂੰ ਫਾਇਦਾ ਪਹੁੰਚਾਇਆ ਹੈ। ਉਹ ਆਸਾਨੀ ਨਾਲ ਘਟ ਮਜ਼ਦੂਰੀ ਦੇ ਕੇ ਉਨ੍ਹਾਂ ਤੋਂ ਕੰਮ ਕਰਵਾਉਂਦੇ ਹਨ।

ਉਂਜ, ਇਸ ਵਿੱਚ ਇੱਕ ਸਮੱਸਿਆ ਇਹ ਵੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੇ ਆਉਣ ਕਾਰਨ ਅਪਰਾਧ ਦੀਆਂ ਕਈ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ 'ਉਪਰ ਅਸਾਨੀ ਨਾਲ ਭਰੋਸਾ ਨਹੀਂ ਕੀਤਾ ਜਾ ਸਕਦਾ, ਜਦੋਂ ਕਿ ਅਸੀਂ ਸੀਰੀਆਂ 'ਤੇ ਅੰਨ੍ਹੇਵਾਹ ਭਰੋਸਾ ਕਰਦੇ ਰਹੇ ਹਾਂ। ਭਾਈ ਬੀਰ ਸਿੰਘ ਕਹਿੰਦੇ ਹਨ, 'ਸੀਰੀ-ਸਾਂਝ ਦਾ ਬਹੁਤ ਵਧੀਆ ਰਿਸ਼ਤਾ ਸੀ, ਜੋ ਆਪਣੇ ਆਖਰੀ ਸਾਹ ਗਿਣ ਰਿਹਾ ਹੈ।'

ਪੰਜਾਬ ਦੇ ਦਲਿਤ ਚਿੰਤਕ ਐਡਵੋਕੇਟ ਐਸ.ਐਲ. ਵਿਰਦੀ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਸੀਰੀ-ਸਾਂਝ ਵਰਗ ਨਾਲੋਂ ਜਾਤ ਦਾ ਮੁੱਦਾ ਜ਼ਿਆਦਾ ਹੈ। ਸਦੀਆਂ ਤੋਂ ਸੀਰੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਸਥਾਨ ਸਰਦਾਰ ਦੇ ਬਰਾਬਰ ਨਹੀਂ ਹੈ, ਉਨ੍ਹਾਂ ਨੂੰ ਸਰਦਾਰ ਦੇ ਅਧੀਨ ਰਹਿਣਾ ਪਵੇਗਾ।ਸਰਦਾਰਾਂ ਨੇ ਸੀਰੀਆਂ ਨੂੰ ਅਜਿਹੀ ਮਾਨਸਿਕਤਾ ਵਿੱਚ ਪਾ ਦਿੱਤਾ ਹੈ ਕਿ ਉਨ੍ਹਾਂ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਉਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ। ਦਲਿਤ ਸਮਾਜ ਵਿੱਚ ਵਰਤੇ ਜਾਣ ਵਾਲੇ ਭਾਂਡੇ ਵੱਖਰੇ ਹਨ।

ਇੱਕ ਰਿਪੋਰਟ ਮੁਤਾਬਕ ਦੇਸ਼ ਵਿੱਚ ਅਜੇ ਵੀ ਇੱਕ ਲੱਖ ਤੋਂ ਵੱਧ ਬੰਧੂਆ ਮਜ਼ਦੂਰ ਹਨ। ਹਾਲ ਹੀ ਵਿੱਚ ਪਿਛਲੇ ਸਾਲ ਜੰਮੂ-ਕਸ਼ਮੀਰ ਤੋਂ 20 ਤੋਂ ਵੱਧ ਬੰਧੂਆ ਮਜ਼ਦੂਰਾਂ ਨੂੰ ਬਚਾਇਆ ਗਿਆ ਸੀ।

ਸੇਵੇਵਾਲਾ 'ਪੰਜਾਬ ਖੇਤ ਮਜ਼ਦੂਰ ਯੂਨੀਅਨ' ਦੇ ਸੂਬਾ ਸਕੱਤਰ ਲਸ਼ਮਣ ਸਿੰਘ ਸੇਵੇਵਾਲਾ ਨੇ ਦੱਸਿਆ ਕਿ ਖੇਤ ਮਜ਼ਦੂਰਾਂ ਦੀ ਹਾਲਤ ਬਹੁਤ ਤਰਸਯੋਗ ਹੈ। ਰਹਿਣ ਲਈ ਘਰ ਨਹੀਂ। ਖਾਣ ਵਾਸਤੇ ਅੰਨ ਨਹੀਂ। ਪੜ੍ਹਨ ਲਈ ਸਕੂਲ ਨਹੀਂ। ਸਰਕਾਰੀ ਕਾਗਜ਼ੀ ਕਾਰਵਾਈਆਂ ਕਰਕੇ ਡੰਗ ਟਪਾ ਰਹੀ ਹੈ। ਨਰੇਗਾ ਵਰਗੀਆਂ ਸਕੀਮਾਂ ਵੀ ਫੇਲ੍ਹ ਹਨ। ਮਜ਼ਦੂਰ ਨਿੱਤ ਧਰਨੇ ਦਿੰਦੇ ਹਨ। ਹੁਣ ਰਹਿੰਦੀ ਕਸਰ ਸ਼ਾਮਲਾਟਾਂ ਵੇਚ ਕੇ ਪੂਰੀ ਕੀਤੀ ਜਾ ਰਹੀ ਹੈ। ਰੁਜ਼ਗਾਰ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਪੇਂਡੂ ਮਜ਼ਦੂਰਾਂ ਨੂੰ ਪਿੰਡਾਂ ਵਿੱਚ ਸਥਾਈ ਰੁਜ਼ਗਾਰ, ਉਨ੍ਹਾਂ ਦੇ ਬੱਚਿਆਂ ਲਈ ਸਿੱਖਿਆ, ਸਿਹਤ ਤੇ ਸਫਾਈ ਪ੍ਰਬੰਧਕਾਂ ਦੀ ਤੁਰੰਤ ਲੋੜ ਹੈ। ਇਸ ਵਾਸਤੇ ਸੰਘਰਸ਼ ਹੀ ਆਖ਼ਰੀ ਰਾਹ ਰਹਿ ਗਿਆ ਹੈ, ਜਿਸ 'ਤੇ ਖੇਤ ਮਜ਼ਦੂਰ ਲਗਾਤਾਰ ਚੱਲ ਰਹੇ ਹਨ।

# 70 ਕਿਲੋਮੀਟਰ ਦੂਰੀ ਤੈਅ ਕਰ ਕਿਸਾਨ ਨੇ ਵੇਚੇ 512 ਕਿੱਲੋ ਪਿਆਜ਼, ਹੱਥ 'ਚ ਆਏ ਮਹਿਜ਼ 2 ਰੁਪਏ

ਦੇਸ਼ ਵਿੱਚ ਕਿਸਾਨੀ ਕਿਸ ਤਰ੍ਹਾਂ ਨਿਘਾਰ ਵੱਲ ਜਾ ਰਹੀ ਹੈ, ਇਸ ਦੀ ਇੱਕ ਜਿਉਂਦੀ ਜਾਗਦੀ ਉਦਾਹਰਨ ਮਹਾਰਾਸ਼ਟਰ ਦੇ ਕੋਹਲਾਪੁਰ ਵਿਖੇ ਇੱਕ ਕਿਸਾਨ ਤੋਂ ਮਿਲਦੀ ਹੈ, ਜੋ ਕਿ ਪਹਿਲਾਂ ਤਾਂ ਆਪਣੇ ਘਰ ਤੋਂ 74 ਕਿਲੋਮੀਟਰ ਦੂਰ ਪਿਆਜ਼ ਦੀ ਫਸਲ ਵੇਚਣ ਲਈ ਜਾਂਦਾ ਹੈ ਅਤੇ ਜਦੋਂ ਫਸਲ ਨੂੰ ਵੇਚ ਦਿੰਦਾ ਹੈ ਤਾਂ ਉਸ ਦੇ ਪੱਲੇ ਮਹਿਜ਼ 2 ਰੁਪਏ ਆਉਂਦੇ ਹਨ। ਘਟਨਾ ਸੋਲਾਪੁਰ ਦੇ ਪਿੰਡ ਬੋਰਗਾਂਵ ਦੇ ਪਿਆਜ ਦੀ ਖੇਤੀ ਕਰਦੇ ਕਿਸਾਨ ਨਾਲ ਵਾਪਰੀ ਹੈ ਅਤੇ ਉਸ ਨੂੰ ਮਿਲਿਆ ਇਸ ਰਕਮ ਦਾ ਚੈੱਕ ਵੀ 15 ਦਿਨਾਂ ਬਾਅਦ ਕੈਸ਼ ਹੋਵੇਗਾ। ਜਾਣਕਾਰੀ ਅਨੁਸਾਰ



ਕਿਸਾਨ ਰਾਜੇਂਦਰ ਤੁਕਾਰਾਮ ਚੌਹਾਨ ਏਪੀਐਮਸੀ ਮੰਡੀ ਸੋਲਾਪੁਰ ਵਿੱਚ ਆਪਣੀ ਪਿਆਜ਼ ਦੀ ਫਸਲ ਵੇਚਣ ਗਿਆ ਸੀ। ਮੰਡੀ ਵਿੱਚ ਜਦੋਂ ਉਸ



ਦੀ ਫਸਲ ਨੂੰ ਤੋਲਿਆ ਤਾਂ ਇਹ 512 ਕਿਲੋਗ੍ਰਾਮ ਸੀ, ਤਾਂ ਮੰਡੀ ਵਿੱਚ ਉਸ ਦੀ ਫਸਲ 1 ਰੁਪਏ ਪ੍ਰਤੀ ਕਿੱਲੋ ਭਾਅ ਉਪਰ ਵਿਕੀ।

ਇਸ ਤਰ੍ਹਾਂ ਉਸ ਦੇ ਕੁੱਲ 512 ਰੁਪਏ ਬਣੇ। ਉਪਰੰਤ ਵਪਾਰੀ ਵੱਲੋਂ 509.50 ਰੁਪਏ ਆਵਾਜਾਈ ਫੀਸ, ਲੋਡਿੰਗ ਅਤੇ ਭਾਰ ਤੋਲਣ ਦੀ ਫੀਸ ਕੱਟੀ ਅਤੇ ਬਾਕੀ 2.49 ਰੁਪਏ ਕਿਸਾਨ ਦੇ ਪੱਲੇ ਆਏ, ਜੋ ਕਿ ਉਸ ਨੂੰ ਪੋਸਟ ਡੇਟਡ ਚੈੱਕ ਰਾਹੀਂ 2 ਰੁਪਏ ਮਿਲੇ ਹਨ ਅਤੇ ਇਹ ਵੀ ਉਸ ਨੂੰ 15 ਦਿਨਾਂ ਬਾਅਦ ਕੈਸ਼ ਹੋਣਗੇ। ਜਦਕਿ 49 ਪੈਸਿਆਂ ਦੀ ਰਕਮ ਦਾ ਜ਼ਿਕਰ ਨਹੀਂ ਹੈ।

ਆਪਣੇ ਨਾਲ ਬੀਤੀ ਹੱਡਬੀਤੀ ਬਾਰੇ ਦੱਸਦੇ ਹੋਏ ਕਿਸਾਨ ਨੇ ਦੱਸਿਆ ਕਿ ਪਿਛਲੇ ਸਾਲ ਪਿਆਜ਼ ਦਾ ਭਾਅ 20 ਰੁਪਏ ਪ੍ਰਤੀ ਕਿੱਲੋ ਸੀ। ਉਸ ਨੇ ਕਿਹਾ ਕਿ ਪਿਛਲੇ 3-4 ਸਾਲਾਂ ਵਿੱਚ ਬੀਜਾਂ, ਖਾਦਾਂ ਅਤੇ ਨਦੀਨਨਾਸ਼ਕਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ ਅਤੇ ਇਸ ਵਾਰੀ 500 ਕਿਲੋ ਪਿਆਜ਼ ਉਪਰ ਹੀ ਉਸ ਦੇ 40 ਹਜ਼ਾਰ ਰੁਪਏ ਖਰਚ ਹੋ ਗਏ ਸਨ। ਦੂਜੇ ਪਾਸੇ ਕਿਸਾਨ ਤੋਂ ਪਿਆਜ਼ ਖਰੀਦਣ ਵਾਲੇ ਵਪਾਰੀ ਨਾਸਿਰ ਖਲੀਫਾ ਨੇ ਚੈੱਕ ਜਾਰੀ ਕਰਨ ਬਾਰੇ ਕਿਹਾ ਕਿ ਇਹ ਪ੍ਰਕਿਰਿਆ ਕੰਪਿਊਟਰ ਨਾਲ ਜੋੜ ਦਿੱਤੀ ਗਈ ਹੈ, ਜਿਸ ਕਾਰਨ ਚੈੱਕ ਕਟਿਆ ਗਿਆ ਹੈ। ਪਿਆਜ਼ ਦੇ ਇੰਨੇ ਘੱਟ ਭਾਅ ਬਾਰੇ ਉਸ ਨੇ ਕਿਹਾ ਕਿ ਕਿਸਾਨ ਰਾਜੇਂਦਰ ਸਿੰਘ ਦੀ ਫਸਲ ਹੀ ਘਟੀਆ ਕੁਆਲਿਟੀ ਦੀ ਸੀ। ਉਸ ਨੇ ਕਿਹਾ ਕਿ ਇਸਤੋਂ ਪਹਿਲਾਂ ਜਦੋਂ ਉਹ ਫਸਲ ਲੈ ਕੇ ਆਇਆ ਸੀ ਤਾਂ ਉਸ ਨੂੰ 18 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਪੈਸੇ ਮਿਲੇ ਸਨ ਅਤੇ ਉਸ ਤੋਂ ਬਾਅਦ ਕੁਆਲਿਟੀ ਘਟਣ ਕਾਰਨ 14 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਪੈਸੇ ਮਿਲੇ ਸਨ। ਉਸ ਨੇ ਕਿਹਾ ਕਿ ਘਟੀਆ ਕੁਆਲਿਟੀ ਦੇ ਪਿਆਜ਼ ਦੀ ਮੰਗ ਵੀ ਘੱਟ ਹੁੰਦੀ ਹੈ।

## ਵਿਸ਼ਵ ਬੈਂਕ ਮਈ ਦੇ ਸ਼ੁਰੂ ’ਚ ਨਵੇਂ ਪ੍ਰਧਾਨ ਦੀ ਚੋਣ ਲਈ ਤਿਆਰ

# ਅਮਰੀਕਾ ਨੇ ਮਾਸਟਰਕਾਰਡ ਦੇ ਸਾਬਕਾ ਮੁਖੀ ਅਜੇ ਬੰਗਾ ਨੂੰ ਵਿਸ਼ਵ ਬੈਂਕ ਦੇ ਮੁਖੀ ਅਹੁਦੇ ਦੀ ਚੋਣ ਲਈ ਕੀਤਾ ਨਾਮਜ਼ਦ






ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ 23 ਫਰਵਰੀ ਨੂੰ ਭਾਰਤੀ-ਅਮਰੀਕੀ ਕਾਰੋਬਾਰੀ ਅਜੇ ਬੰਗਾ ਨੂੰ ਵਿਸ਼ਵ ਬੈਂਕ ਦੇ ਚੇਅਰਮੈਨ ਦੇ ਅਹੁਦੇ ਲਈ ਅਮਰੀਕਾ ਵਲੋਂ ਨਾਮਜ਼ਦ ਕੀਤਾ ਹੈ। ਇਹ ਕਦਮ ਬੈਂਕ ’ਤੇ ਜਲਵਾਯੂ ਬਦਲਾਅ ਨਾਲ ਨਜਿੱਠਣ ਲਈ ਉਮੀਦ ਕਿਹਾ ਜਾ ਰਿਹਾ ਹੈ। ਅਜੇ ਬੰਗਾ ਨੇ ਇੱਕ ਫੌਜੀ ਦੇ ਘਰ 10 ਨਵੰਬਰ 1959 ਵਿੱਚ ਪੂਨੇ (ਖੜਕੀ ) ਵਿੱਚ ਜਨਮ ਲਿਆ। ਬੰਗਾ ਇਸ ਅਹੁਦੇ ਲਈ ਭਾਰਤ ਵਿੱਚ ਜਨਮੇ ਪਹਿਲੇ ਨਾਮਜ਼ਦ ਵਿਅਕਤੀ ਹਨ ਅਤੇ ਜੇਕਰ ਚੁਣੇ ਗਏ, ਤਾਂ ਇਹ ਅਹੁਦਾ ਸੰਭਾਲਣ ਵਾਲੇ ਭਾਰਤ ਦੇ ਪਹਿਲੇ ਵਿਅਕਤੀ ਹੋਣਗੇ। ਅਜੇ ਬੰਗਾ ਅੱਜਕਲ ਅਮਰੀਕਾ ਦੇ ਵਾਸੀ ਹਨ। ਪਰ ਉਨ੍ਹਾਂ ਨੇ ਆਪਣੀਆਂ ਜੜ੍ਹਾਂ ਮਜ਼ਬੂਤ ਭਾਰਤ ਵਿੱਚ ਹੀ ਕਰ ਲਈਆਂ ਸੀ। ਦਿੱਲੀ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਦੀ ਡਿਗਰੀ ਤੇ ਅਹਿਮਦਾਬਾਦ ਦੇ ਇੰਡੀਅਨ ਇੰਸਟੀਚਿਊਟ ਤੋਂ ਵੀ ਪੜ੍ਹਾਈ ਕੀਤੀ। ਉਨ੍ਹਾਂ ਨੇ 1981 ਤੋਂ ਲੈ ਕੇ 13 ਸਾਲ ਨੈਸਲੇ ਕੰਪਨੀ ਵਿੱਚ ਕੰਮ ਕੀਤਾ ਤੇ 1996 ਦੇ ਵਿੱਚ ਬੰਗਾ ਸਿਟੀ ਗਰੁੱਪ ਦੇ ਏਸ਼ੀਆ ਪੇਸੀਫਿਕ ਗਰੁੱਪ ਦੇ ਸੀ.ਈ.ਓ. ਰਹੇ। 2009 ਦੇ ਵਿੱਚ ਪ੍ਰੈਜ਼ੀਡੈਂਟ ਵਜੋਂ ਮਾਸਟਰਕਾਰਡ ਨਾਲ ਜੁੜੇ। 2010 ਵਿੱਚ ਮਾਸਟਰਕਾਰਡ ਦੇ ਸੀ.ਈ.ਓ. ਬਣ ਗਏ। 2016 ਵਿੱਚ ਅਜੇ ਬੰਗਾ ਨੂੰ ਪਦਮ ਸ਼੍ਰੀ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਹੁਣ ਉਹ ਇਕੁਇਟੀ ਫ਼ਰਮ ਦੇ ਉਪ ਚੇਅਰਮੈਨ ਵਜੋਂ ਕੰਮ ਕਰ ਰਹੇ ਨੇ। ਜਾਣਕਾਰੀ ਅਨੁਸਾਰ ਜਲਵਾਯੂ ਬਦਲਾਅ ਲਈ ਰੱਖੇ ਗਏ 350 ਕਰੋੜ ਡਾਲਰ ਦੇ ਫੰਡ ਦੇ ਸਲਾਹਕਾਰ ਵੀ ਨੇ।

ਬੰਗਾ ਦੀ ਨਾਮਜ਼ਦਗੀ ਵਿਸ਼ਵ ਬੈਂਕ ਦੇ ਪਿਛਲੇ ਪ੍ਰਧਾਨ ਡੇਵਿਡ ਮਾਲਪਾਸ ਦੇ ਅਚਨਚੇਤੀ ਅਸਤੀਫ਼ੇ ਤੋਂ ਬਾਅਦ ਹੋਈ ਹੈ, ਜਿਸ ਨੇ ਆਪਣੇ ਪੰਜ ਸਾਲ ਦੇ ਕਾਰਜਕਾਲ ਦੇ ਚਾਰ ਸਾਲ ਤੋਂ ਥੋੜਾ ਵੱਧ ਸਮਾਂ ਪੂਰਾ ਕਰਨ ਤੋਂ ਬਾਅਦ ਆਪਣੇ ਕਾਗ਼ਜ਼ ਦਾਖ਼ਲ ਕੀਤੇ ਸਨ। ਮਾਲਪਾਸ 30 ਜੂਨ ਨੂੰ ਅਹੁਦਾ ਛੱਡ ਦੇਣਗੇ।

ਜਾਣਕਾਰੀ ਮੁਤਾਬਕ ਡੇਵਿਡ ਮਾਲਪਾਸ ਨੂੰ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਾਮਜ਼ਦ ਕੀਤਾ ਸੀ। ਪਿਛਲੇ ਸਾਲ ਉਨ੍ਹਾਂ ਦੀ ਅਲੋਚਨਾ ਵੀ ਹੋਈ ਤੇ ਵਾਈਟ ਹਾਊਸ ਵੱਲੋਂ ਜਨਤਕ ਤੌਰ ਤੇ ਝਾੜ ਵੀ ਪਾਈ ਗਈ ਸੀ। ਉਹ ਇਸ ਕਰਕੇ ਕਿਉਂਕਿ ਉਨ੍ਹਾਂ ਨੇ ਕਿਹਾ ਸੀ ਕਿ ਜੈਵਿਕ ਇੰਧਨ ਜਲਵਾਯੂ ਤਬਦੀਲੀ ਦਾ ਇੱਕ ਕਾਰਨ ਹੈ ਜਿਸ ਲਈ ਉਨ੍ਹਾਂ ਨੂੰ ਮਾਫ਼ੀ ਵੀ ਮੰਗਣੀ ਪਈ। ਅਜੇ ਬੰਗਾ ਦੇ ਅਹੁਦਾ ਸੰਭਾਲਣ ਤੋਂ ਪਹਿਲਾ ਹੀ ਮਾਸਟਰਕਾਰਡ ਕਥਿਤ ਤੌਰ ’ਤੇ 256ਵੇਂ ਸਥਾਨ ਤੋਂ ਦੁਨੀਆਂ ਦੀ 21ਵੀਂ ਸਭ ਤੋਂ ਕੀਮਤੀ ਕੰਪਨੀ ਬਣ ਗਈ ਹੈ। ਅਮਰੀਕੀ ਅਧਿਕਾਰੀਆਂ ਦੇ ਮੁਤਾਬਕ ਉਨ੍ਹਾਂ ਕੋਲ ਨਿੱਜੀ ਖੇਤਰ ਦੀ ਮਦਦ ਨਾਲ ਬੈਂਕ ਦੇ ਟੀਚੇ ਪੂਰੇ ਕਰਵਾਉਣ ਦਾ ਤਜ਼ਰਬਾ ਹੈ।

### ਕੁਝ ਸਵਾਲ ਅਜੇ ਬੰਗਾ ਦੀ ਨਾਮਜ਼ਦਗੀ ’ਤੇ

ਵਿਸ਼ਵ ਬੈਂਕ ਦੇ ਇੱਕ ਪ੍ਰਮੁੱਖ ਹਿੱਸੇਦਾਰ ਨੇ ਇਹ ਵੀ ਕਿਹਾ ਕਿ ਨੌਕਰੀ ਇੱਕ ਔਰਤ ਨੂੰ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਬੈਂਕ ਦੇ 77 ਸਾਲਾਂ ਦੇ ਇਤਿਹਾਸ ਵਿੱਚ ਕਦੇ ਵੀ ਔਰਤ ਨੇ ਅਗਵਾਈ ਨਹੀਂ ਕੀਤੀ। ਆਲੋਚਕ ਨੇ ਇਹ ਵੀ ਕਿਹਾ ਕਿ ਬੰਗਾ ਦਾ ਤਜ਼ਰਬਾ ਜ਼ਿਆਦਾਤਰ ਨਿਜੀ ਖੇਤਰਾਂ ਦੀਆਂ ਫਰਮਾਂ ਵਿੱਚ ਹੈ ਤੇ ਵਿਸ਼ਵ ਬੈਂਕ ਕੋਈ ਵੀ ਪ੍ਰਾਈਵੇਟ ਬੈਂਕ ਜਾਂ ਅਮਰੀਕੀ ਬੈਂਕ ਨਹੀਂ ਹੈ।

### ਅਜੇ ਬੰਗਾ ਹੀ ਕਿਉਂ ?

ਬਾਇਡਨ ਦੇ ਪ੍ਰਸ਼ਾਸਨ ਅਨੁਸਾਰ ਭਾਰਤ ਵਿੱਚ ਜੰਮੇ ਅਜੇ ਬੰਗਾ ਦਾ ਵਿਕਾਸਸ਼ੀਲ ਦੇਸ਼ਾਂ ਬਾਰੇ ਦਰਪੇਸ਼ ਮੌਕਿਆਂ ਅਤੇ ਚੁਣੌਤੀਆਂ ਬਾਰੇ ਇੱਕ ਵਿਲੱਖਣ ਦ੍ਰਿਸ਼ਟੀਕੋਣ ਹੈ। ਉਹ ਖੁਦ ਵੀ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਬਾਰੇ ਬੋਲਦੇ ਰਹੇ ਨੇ। ਬੰਗਾ ਨੂੰ ਅਮਰੀਕੀ ਸਰਕਾਰ ਨਾਲ ਕੰਮ ਕਰਨ ਦਾ ਤਜ਼ਰਬਾ ਵੀ ਹੈ। ਉਸ ਨੂੰ ਓਬਾਮਾ ਪ੍ਰਸ਼ਾਸਨ ਦੁਆਰਾ ਰਾਸ਼ਟਰੀ ਸਾਈਬਰ ਸੁਰੱਖਿਆ ਨੂੰ ਵਧਾਉਣ ਦੇ ਲਈ ਕਮਿਸ਼ਨ ਦੇ ਮੈਂਬਰਾਂ ਵਿੱਚੋਂ ਇੱਕ ਚੁਣਿਆ ਗਿਆ ਸੀ। ਬੰਗਾ ਨੇ ਮੱਧ ਅਮਰੀਕਾ ਲਈ ਸਾਂਝੇਦਾਰੀ ਦੇ ਸਹਿ ਚੇਅਰ ਵਜੋਂ ਕੰਮ ਕੀਤਾ ਅਤੇ ਉੱਤਰੀ ਮੱਧ ਅਮਰੀਕਾ ਲਈ ਸਰੋਤ ਜੁਟਾਉਣ ਲਈ ਯੂ.ਐੱਸ. ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਵੀ ਸਹਿਯੋਗ ਕੀਤਾ।ਬਾਇਡਨ ਪ੍ਰਸ਼ਾਸਨ ਨੇ ਇਹ ਯਕੀਨੀ ਬਣਾਉਣ ਲਈ ਬੰਗਾ ਨੂੰ ਚੁਣਿਆ ਕਿ ਉੱਭਰ ਰਹੇ ਬਜ਼ਾਰ ਤੇ ਵਿਕਾਸਸ਼ੀਲ ਦੇਸ਼ਾਂ ਦੀ ਮਦਦ ਕਰਦੇ ਹੋਏ ਜਲਵਾਯੂ ਤਬਦੀਲੀ ਨੂੰ ਪਹਿਲ ਦਿੱਤੀ ਜਾਵੇ।

# ਪੰਜਾਬ ’ਚ ‘ਆਪ’ ਦੇ ਰਾਹ ’ਤੇ ਐਸ.ਜੀ.ਪੀ.ਸੀ., ਬਜਟ ਲਈ ਜਨਤਾ ਤੋਂ ਮੰਗੇ ਸੁਝਾਅ

ਪੰਜਾਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੇ ਆਮ ਆਦਮੀ ਪਾਰਟੀ (ਆਪ) ਦੇ ਰਾਹ ’ਤੇ ਚੱਲਣਾ ਸ਼ੁਰੂ ਕਰ ਦਿੱਤਾ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਨੇ ਲੋਕਾਂ ਦੇ ਸੁਝਾਵਾਂ ਨਾਲ ਸਾਲਾਨਾ ਬਜਟ ਤਿਆਰ ਕਰਨ ਦਾ ਮਨ ਬਣਾ ਲਿਆ ਹੈ। ਇਸ ਦੇ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਈਮੇਲ sgpcbudgetsuggestions@gmail.com ਜਾਰੀ ਕੀਤੀ ਗਈ ਹੈ, ਜਿਸ ’ਤੇ ਲੋਕ ਆਪਣੇ ਸੁਝਾਅ ਭੇਜ ਸਕਦੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਬਜਟ ਤਿਆਰ ਕਰਨ ਤੋਂ ਪਹਿਲਾਂ ਲੋਕਾਂ ਤੋਂ ਸੁਝਾਅ ਮੰਗੇ ਸਨ।ਉਨ੍ਹਾਂ ਕਿਹਾ ਕਿ ਬਜਟ ਜਨਤਾ ਦਾ ਹੈ, ਇਸ ਲਈ ਇਸ ਦਾ ਫੈਸਲਾ ਉਨ੍ਹਾਂ ਨੂੰ ਹੀ ਕਰਨਾ ਚਾਹੀਦਾ ਹੈ। ਹੁਣ ਐਸ.ਜੀ.ਪੀ.ਸੀ. ਵੀ ਇਸ ਰਾਹ ’ਤੇ ਤੁਰ ਪਈ ਹੈ। ਸ਼੍ਰੋਮਣੀ ਕਮੇਟੀ ਨੇ ਵੀ ਇਸ ਸਾਲ ਦਾ ਬਜਟ ਜਨਤਾ ਦੇ ਸੁਝਾਵਾਂ ’ਤੇ ਤਿਆਰ ਕਰਨ ਦਾ ਮਨ ਬਣਾ ਲਿਆ ਹੈ।

ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਸਿੱਖ ਮਰਿਆਦਾ ਵਿੱਚ ਹਰ ਕੋਈ ਆਪਣੀ ਕਮਾਈ ਦਾ ਦਸਵੰਧ ਕੱਢਦਾ ਹੈ। ਜਿਸ ਨੂੰ ਗੁਰੂ ਦੀ ਗੋਲਕ ਕਿਹਾ ਜਾਂਦਾ ਹੈ। ਗੁਰੂ ਦੀ ਗੋਲਕ ਦੀ ਹਰ ਪਾਈ ਦਾ ਹਿਸਾਬ ਰੱਖਣਾ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਦਾ ਇੱਕ ਪੈਨਲ ਬਜਟ ਤਿਆਰ ਕਰਦਾ ਹੈ ਤਾਂ ਜੋ ਗੋਲਕ ਵਿੱਚ ਆਉਣ ਵਾਲੇ ਪੈਸੇ ਦੀ ਸਹੀ ਵਰਤੋਂ ਕੀਤੀ ਜਾ ਸਕੇ।

ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਪੈਸਾ ਸੰਗਤ ਦਾ ਹੈ। ਇਸ ਲਈ ਲੋੜ ਹੈ ਕਿ ਸੰਗਤ ਆਪ ਹੀ ਤੈਅ ਕਰੇ ਕਿ ਇਸ ਪੈਸੇ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ।




ਐਸ.ਜੀ.ਪੀ.ਸੀ. ਨੇ ਇਸ ਲਈ ਇੱਕ ਈਮੇਲ ਪਤਾ sgpcbudgetsuggestions @ gmail.com ਜਾਰੀ ਕੀਤਾ ਹੈ। ਜਿਸ ’ਤੇ ਲੋਕ ਈਮੇਲ ਰਾਹੀਂ ਆਪਣੀ ਰਾਏ ਭੇਜ ਸਕਦੇ ਹਨ। ਈਮੇਲ ਐਡਰੈੱਸ ਜਾਰੀ ਕਰਨ ਦਾ ਮੁੱਖ ਮੰਤਵ ਇਹ ਹੈ ਕਿ ਦੇਸ਼-ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਵੀ ਯੋਗਦਾਨ ਪਾ ਸਕਣ।

ਪਿਛਲੇ ਸਾਲ ਦੀ ਗੱਲ ਕਰੀਏ ਤਾਂ ਸ਼੍ਰੋਮਣੀ ਕਮੇਟੀ ਨੇ 988 ਕਰੋੜ ਰੁਪਏ ਦਾ ਬਜਟ ਪਾਸ ਕੀਤਾ ਸੀ, ਜੋ ਇਸ ਸਾਲ 1000 ਕਰੋੜ ਰੁਪਏ ਤੋਂ ਵੀ ਪਾਰ ਜਾ ਸਕਦਾ ਹੈ। ਪਿਛਲੀ ਵਾਰ ਸਿੱਖਿਆ ’ਤੇ 231 ਕਰੋੜ ਰੁਪਏ ਖਰਚ ਕੀਤੇ ਗਏ ਸਨ। ਜਦਕਿ ਸ਼੍ਰੋਮਣੀ ਕਮੇਟੀ ਦੀ ਆਮਦਨ 958 ਕਰੋੜ ਰੁਪਏ ਦੇ ਕਰੀਬ ਦੱਸੀ ਗਈ ਸੀ।ਮਾਰਚ ਮਹੀਨੇ ਵਿੱਚ ਇਸ ਬਜਟ ਦੀ ਜਨਰਲ ਹਾਊਸ ਬੈਠਕ ਬੁਲਾਈ ਜਾਣੀ ਹੈ। ਇਸ ਦੇ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਸਬ ਕਮੇਟੀ ਬਣਾਈ ਹੈ। ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਬਲਦੇਵ ਸਿੰਘ ਕੈਮਪੁਰ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ , ਕਾਰਜਕਾਰੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ , ਭਾਈ ਰਜਿੰਦਰ ਸਿੰਘ ਮਹਿਤਾ , ਭਾਈ ਅਮਰਜੀਤ ਸਿੰਘ ਚਾਵਲਾ , ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਸਰਵਣ ਸਿੰਘ ਕੁਲਾਰ ਅਤੇ ਕੁਲਵੰਤ ਸਿੰਘ ਮਨਨ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੁਆਰਾ ਬਜਟ ਸਬੰਧੀ ਮੀਟਿੰਗਾਂ ਪਿਛਲੇ ਇੱਕ ਮਹੀਨੇ ਤੋਂ ਚੱਲ ਰਹੀਆਂ ਨੇ, ਵੱਖ ਵੱਖ ਵਿੱਤੀ ਪਹਿਲੂਆਂ ਤੇ ਚਰਚਾ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸੰਗਤ ਦੇ ਸੁਝਾਅ ਵੀ ਕਾਫੀ ਮਹੱਤਵਪੂਰਨ ਰਹਿਣਗੇ। ਇਹ ਉਪਰਾਲਾ ਪਹਿਲੀ ਵਾਰ ਕੀਤਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਇਸ ਦੇ ਚੰਗੇ ਨਤੀਜੇ ਨਿਕਲਣਗੇ। ਐਸ. ਜੀ. ਪੀ. ਸੀ. ਸ਼੍ਰੋਮਣੀ ਕਮੇਟੀ ਗੁਰਦੁਆਰਾ, ਵਿੱਦਿਅਕ ਅਦਾਰੇ, ਧਰਮ ਪ੍ਰਚਾਰ ਕਮੇਟੀ, ਪ੍ਰੈਸ ਅਤੇ ਪ੍ਰਕਾਸ਼ਨ, ਟਰੱਸਟ ਆਦਿ ਦੇ ਲਈ ਬਜਟ ਤਿਆਰ ਕਰੇਗੀ।



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਡਰੱਗ ਦੀ ਦਲ-ਦਲ ਵਿੱਚ ਫਸੇ ਸਕੂਲੀ ਵਿਦਿਆਰਥੀ

## ਤਸਕਰਾਂ ਦੇ ਧੱਕੇ ਚੜ੍ਹ ਕੇ ਕੋਰੀਅਰ ਵਜੋਂ ਉਨ੍ਹਾਂ ਦਾ ਮਾਲ ਇੱਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾਉਣ ਲਈ ਕੰਮ ਕਰਨ ਲੱਗੇ

## ਅੰਮ੍ਰਿਤਸਰ ਵਿਖੇ 75 ਕਰੋੜ ਦੀ ਹੈਰੋਇਨ ਅਤੇ 8.40 ਲੱਖ ਦੀ ਡਰੱਗ ਮਨੀ ਸਮੇਤ ਨਾਬਾਲਿਗ ਲੜਕਾ ਗ੍ਰਿਫ਼ਤਾਰ





ਪੰਜਾਬ ਦੇ ਕੁਝ ਵਿਦਿਆਰਥੀ ਹੁਣ ਤੋਂ ਹੀ ਨਸ਼ਿਆਂ ਦੀ ਦਲ-ਦਲ ਵਿੱਚ ਧਸ ਕੇ ਆਪਣੀ ਜ਼ਿੰਦਗੀ ਧੁਆਂਖ ਰਹੇ ਹਨ। ਕਈ ਵਾਰ ਮੌਕੇ ਸਿਰ ਪਤਾ ਨਾ ਲੱਗਣ ਕਰਕੇ ਉਨ੍ਹਾਂ ਦੀ ਸਿਰਫ ਪੜ੍ਹਾਈ ਹੀ ਅਧਵਾਟੇ ਨਹੀਂ ਰਹਿ ਜਾਂਦੀ, ਸਗੋਂ ਨਸ਼ੇ ਦੀ ਪੂਰਤੀ ਲਈ ਪਹਿਲਾਂ ਉਹ ਘਰੋਂ ਪੈਸੇ ਚੋਰੀ ਕਰਦੇ ਹਨ ਅਤੇ ਬਾਅਦ ਵਿੱਚ ਤਸਕਰਾਂ ਦੇ ਧੱਕੇ ਚੜ੍ਹ ਕੇ ਕੋਰੀਅਰ ਵਜੋਂ ਉਨ੍ਹਾਂ ਦਾ ਮਾਲ ਇੱਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾਉਣ ਲਈ ਪਾਂਡੀ ਵਜੋਂ ਕੰਮ ਕਰਨ ਲੱਗ ਜਾਂਦੇ ਹਨ। ਇੰਜ ਇਹ ਨਾਬਾਲਗ ਨਸ਼ਿਆਂ ਦੇ ਨਾਲ-ਨਾਲ ਜੁਰਮ ਦੀ ਦੁਨੀਆਂ ਵਿੱਚ ਸਹਿਜੇ ਹੀ ਪਰਵੇਸ਼ ਕਰ ਜਾਂਦੇ ਹਨ। ਪੰਜਾਬ ਨਸ਼ਿਆਂ ਦੀ ਬੰਦਰਗਾਹ ਬਣ ਗਿਆ ਹੈ। ਅੱਜ ਪੰਜਾਬ ਅੰਦਰ ਹਰ ਰੋਜ਼ ਹੈਰੋਇਨ ਦੇ 355 ਪੈਕੇਟ ਆਉਂਦੇ ਹਨ, ਜਿਨ੍ਹਾਂ ਦੀ ਕੀਮਤ ਤਕਰੀਬਨ 2000 ਕਰੋੜ ਬਣਦੀ ਹੈ। ਨਸ਼ਿਆਂ ਦਾ ਏਨਾ ਵੱਡਾ ਕਾਰੋਬਾਰ ਹੁਣ ਦੇਖੀਏ ਤਾਂ ਇਹ ਸਰਕਾਰ, ਅਫਸਰਸ਼ਾਹੀ, ਸਰਹੱਦੀ ਸੁਰੱਖਿਆ ਕਰਮੀਆਂ ਦੀ ਮਿਲੀਭੁਗਤ ਤੋਂ ਬਿਨਾਂ ਕਿਸੇ ਤਰਾਂ ਵੀ ਸੰਭਵ ਨਹੀਂ।

ਬੀਤੇ ਦਿਨੀਂ ਫਿਲੌਰ ਵਿੱਚ 17 ਸਾਲਾਂ ਦਾ ਨਾਬਾਲਿਗ ਲੜਕਾ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਗਿਆ। ਮ੍ਰਿਤਕ ਨਸ਼ਈ ਲੜਕੇ ਦੇ ਮਹੱਲੇ ਵਿੱਚ ਹੀ ਨਸ਼ਾ ਤਸਕਰ ਧੜੱਲੇ ਨਾਲ ਨਸ਼ਾ ਵੇਚਦਾ ਸੀ। ਤਸਕਰ ਦੇ ਫਰਾਰ ਹੋਣ ਉਪਰੰਤ ਜਦੋਂ ਪੁਲਿਸ ਪੁੱਛ-ਪੜਤਾਲ ਲਈ ਉੱਥੇ ਪਹੁੰਚੀ ਤਾਂ ਉਸ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਨੇ ਦੁਖੀ ਹੋ ਕੇ ਦੱਸਿਆ ਕਿ ਇਸ ਤਸਕਰ ਕੋਲ ਸਵੇਰੇ ਹੀ ਸਕੂਲ ਦੇ ਵਿਦਿਆਰਥੀ ਮੋਢੇ 'ਤੇ ਬੈਗ ਲਟਕਾਈ ਆ ਜਾਂਦੇ ਸਨ। ਤਸਕਰ ਉਨ੍ਹਾਂ ਤੋਂ ਪੈਸੇ ਲੈ ਕੇ ਨਸ਼ੇ ਦੇ ਟੀਕੇ ਲਾਉਂਦਾ ਸੀ ਅਤੇ ਇਹ ਸਿਲਸਿਲਾ ਦੇਰ ਰਾਤ ਤੱਕ ਚਲਦਾ ਰਹਿੰਦਾ ਸੀ। ਲੋਕਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਜੇਕਰ ਉਸ ਤਸਕਰ ਵਿਰੁੱਧ ਕੋਈ ਬੋਲਦਾ ਸੀ ਤਾਂ ਗੁੰਡਿਆਂ ਨੂੰ ਨਾਲ ਲੈ ਕੇ ਉਸ ਨੂੰ ਮਾਰਨ ਦੀ ਧਮਕੀ ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ ਸੀ।

ਇਸ ਤਰ੍ਹਾਂ ਹੀ ਸਿਧਵਾਂ ਬੇਟ ਦੇ 11ਵੀਂ ਵਿੱਚ ਪੜ੍ਹਦੇ ਨਾਬਾਲਿਗ ਕਬੱਡੀ ਖਿਡਾਰੀ ਦੀ ਓਵਰਡੋਜ਼ ਨਾਲ ਮੌਤ, ਪਟਿਆਲਾ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਨਾਬਾਲਿਗ ਦਾ ਮੌਤ ਦੀ ਝੋਲੀ ਵਿੱਚ ਪੈਣਾ ਬਦਸ਼ਗਨੀ ਦੀਆਂ ਨਿਸ਼ਾਨੀਆਂ ਹਨ। ਨਾਬਾਲਿਗ ਲੜਕਿਆਂ ਨੂੰ ਪੜ੍ਹਾਈ ਵਾਲੇ ਰਸਤਿਉਂ ਮੋੜ ਕੇ ਨਸ਼ਾ ਤਸਕਰੀ ਅਤੇ ਜੁਰਮ ਦੀ ਦੁਨੀਆਂ ਵਿੱਚ ਧੱਕਣ ਲਈ ਸਮਾਜ-ਦੋਖ਼ੀ ਹਰ ਸੰਭਵ ਯਤਨ ਕਰਦੇ ਹਨ।

ਪਿਛਲੇ ਦਿਨੀਂ ਅੰਮ੍ਰਿਤਸਰ ਵਿੱਚ 75 ਕਰੋੜ ਦੀ ਹੈਰੋਇਨ ਅਤੇ 8.40 ਲੱਖ ਦੀ ਡਰੱਗ ਮਨੀ ਸਮੇਤ ਨਾਬਾਲਿਗ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਦੇ ਅਨੇਕਾਂ ਹੋਰ ਕੇਸਾਂ ਵਿੱਚ ਨਾਬਾਲਿਗਾਂ ਦੇ ਨਸ਼ਿਆਂ ਰਾਹੀਂ ਜੁਰਮ ਦੀ ਦੁਨੀਆਂ ਵਿੱਚ ਸ਼ਾਮਲ ਹੋਣ ਦੇ ਕਈ ਕਿਸੇ ਜੱਗ ਜ਼ਾਹਿਰ ਹੋਏ ਹਨ।

ਇਸ ਸਬੰਧੀ ਡਾਕਟਰ ਮੋਹਨ ਸ਼ਰਮਾ ਦਾ ਕਹਿਣਾ ਹੈ ਕਿ ਇਸ ਬਾਰੇ ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅਜਿਹੇ ਮਾਤਮੀ ਮਾਹੌਲ ਲਈ ਜ਼ਿੰਮੇਵਾਰ ਕੌਣ ਹੈ? ਜੇਕਰ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਕਿਸੇ ਕਿਸਮ ਦੀ ਬੁਰਾਈ ਦਾ ਸ਼ਿਕਾਰ ਨਾ ਹੋਣ ਤਾਂ ਉਨ੍ਹਾਂ ਨੂੰ ਆਪ ਰੋਲ ਮਾਡਲ ਬਣ ਕੇ ਉਨ੍ਹਾਂ ਦੀ ਸੁਚੱਜੀ ਅਗਵਾਈ ਕਰਨੀ ਚਾਹੀਦੀ ਹੈ। ਐਦਾਂ ਹੀ ਅਧਿਆਪਕਾਂ ਦਾ ਰੋਲ ਸਿਰਫ਼ ਉਨ੍ਹਾਂ ਨੂੰ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਜ਼ਿੰਦਗੀ ਦਾ ਪਾਠ ਪੜ੍ਹਾਉਣਾ ਵੀ ਹੈ। ਸਮਾਜਿਕ ਤੌਰ 'ਤੇ ਲੋਕਾਂ ਨੇ ਵੀ ਜਵਾਨੀ ਨੂੰ ਸਿਵਿਆਂ ਦੇ ਰਾਹ ਤੋਂ ਬਚਾਉਣ ਲਈ ਲਾਮਬੱਧ ਹੋਣਾ ਸ਼ੁਰੂ ਕੀਤਾ ਹੈ। ਕਈ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਤਸਕਰਾਂ ਵਿਰੁੱਧ ਧਰਨੇ, ਮੁਜ਼ਾਹਰੇ, ਠੀਕਰੀ ਪਹਿਰੇ ਅਤੇ ਨਸ਼ਾ ਵੇਚਣ ਵਾਲਿਆਂ ਦੇ ਘਰ-ਘਰ ਜਾ ਕੇ ਚਿਤਾਵਨੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਪਿੰਡ ਮਚਾਕੀ ਜਿਸ ਨੇ ਡਰੱਗ ਸਮਗਲਰਾਂ ਨਾਲ ਟੱਕਰ ਲਈ ਤੇ ਨੌਜਵਾਨਾਂ ਦੇ ਨਸ਼ੇ ਛਡਾਏ

ਫਰੀਦਕੋਟ ਦੇ ਪਿੰਡ ਮਚਾਕੀ ਦੀ ਪੰਚਾਇਤ ਨੇ ਆਪਣੇ 22 ਨੌਜਵਾਨਾਂ ਨੂੰ ਨਸ਼ੇ ਦੀ ਦਲ-ਦਲ ਵਿੱਚੋਂ ਕੱਢਣ ਲਈ ਪੂਰੀ ਵਾਹ ਲਾ ਦਿੱਤੀ ਤੇ ਨਸ਼ੇ ਸੌਦਾਗਰਾਂ ਨਾਲ ਵੀ ਲੜਾਈ ਲੜੀ। ਪਿੰਡ ਮਚਾਕੀ ਕਲਾਂ ਦੀ ਪੰਚਾਇਤ ਨੇ ਸਭ ਤੋਂ ਪਹਿਲਾਂ ਨਸ਼ੇ ਦੀ ਦਲ ਦਲ ਵਿੱਚ ਫਸੇ ਨੌਜਵਾਨਾਂ ਲਈ ਪਿੰਡ ਵਿੱਚ ਹੀ ਇੱਕ ਕੇਂਦਰ ਖੋਲ੍ਹਿਆ ਗਿਆ।

ਇੱਥੇ ਉਨ੍ਹਾਂ ਨੂੰ ਰੁਝਿਆ ਰੱਖਣ ਲਈ ਇੰਟਰਨੈੱਟ ਅਤੇ ਟੀਵੀ ਲਗਾਇਆ ਗਿਆ, ਇੰਨਾ ਹੀ ਨਹੀਂ ਸੰਗੀਤ ਦਾ ਵੀ ਸਹਾਰਾ ਲਿਆ ਗਿਆ।

ਸਰਪੰਚ ਗੁਰਸ਼ਵਿੰਦਰ ਸਿੰਘ ਨੇ ਦੱਸਿਆ, 'ਨਸ਼ਾ ਤੇਜ਼ੀ ਨਾਲ ਵੱਧ ਰਿਹਾ ਸੀ ਅਤੇ 6 ਮਹੀਨੇ ਪਹਿਲਾਂ ਪਿੰਡ ਦੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਬੱਚਿਆਂ ਦੀ ਪਹਿਚਾਣ ਕੀਤੀ ਗਈ ਜੋ ਨਸ਼ੇ ਦੀ ਦਲ-ਦਲ ਵਿੱਚ ਫਸੇ ਹੋਏ ਸਨ। ਗੁਰਸ਼ਵਿੰਦਰ ਸਿੰਘ ਦੱਸਦੇ ਹਨ, 'ਪਿੰਡ ਵਿੱਚ ਨਸ਼ਾ ਆਮ ਵਿਕਣ ਲੱਗ ਗਿਆ ਸੀ, ਪਰ ਸਾਨੂੰ ਕੋਈ ਵੱਡਾ ਹੁੰਗਾਰਾ ਨਹੀਂ ਮਿਲਿਆ। ਅਸੀਂ ਬੱਚਿਆਂ ਦੇ ਮਾਪਿਆਂ ਨੂੰ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਨਸ਼ੇ ਤੋਂ ਮੁਕਤ ਕਰਾਵਾਂਗੇ। ਇਸਦਾ ਸਾਰਾ ਖਰਚਾ ਪੰਚਾਇਤ ਅਤੇ ਪਿੰਡ ਵਲੋਂ ਕੀਤਾ ਜਾਵੇਗਾ।'

ਉਨ੍ਹਾਂ ਨੂੰ ਸ਼ੁਰੂਆਤ ਦਿਨਾਂ ਵਿੱਚ ਬਹੁਤ ਮੁਸ਼ਕਿਲਾਂ ਆਈਆਂ। ਫਿਰ ਅਸੀਂ ਉਨ੍ਹਾਂ ਨੂੰ ਡਾਕਟਰੀ ਸਹੂਲਤ ਮੁਹੱਈਆ ਕਾਰਵਾਈ। ਫਿਰ ਫਰੀਦਕੋਟ ਦੇ ਸਿਵਲ ਹਸਪਤਾਲ ਵਿੱਚ ਨਸ਼ੇ ਛਡਾਉਣ ਦੀ ਦਵਾਈ ਦੁਆਈ ਗਈ।'

ਪਿੰਡ ਦੇ ਪੰਚ ਲਖਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਲੋਕ ਬਾਹਰੋਂ ਨਸ਼ਾ ਵੇਚਣ ਆਉਂਦੇ ਸਨ ਜਿਨ੍ਹਾਂ ਨਾਲ ਕਰੀਬ 3 ਹਫ਼ਤੇ ਲੜਾਈ ਲੜਨੀ ਪਈ। ਉਨ੍ਹਾਂ ਕਿਹਾ ਕਿ 'ਨਸ਼ਾ ਤਸਕਰ ਬਹੁਤ ਧਮਕੀਆਂ ਵੀ ਦਿੰਦੇ ਸਨ ਪਰ ਫਿਰ ਵੀ ਲੋਕਾਂ ਨੇ ਉਨ੍ਹਾਂ ਨੂੰ ਨਸ਼ਾ ਵੇਚਣ ਤੋਂ ਰੋਕਿਆ।' ਲਖਵਿੰਦਰ ਸਿੰਘ ਨੇ ਦੱਸਿਆ, 'ਮੁੰਡੇ ਸਾਡੀ ਕਮੇਟੀ ਕੋਲ ਆਏ ਜੋ ਨਸ਼ਾ ਛੱਡਣਾ ਚਾਹੁੰਦੇ ਸਨ। ਅਸੀਂ ਉਨ੍ਹਾਂ ਨੂੰ ਧਰਮਸ਼ਾਲਾ ਵਿੱਚ ਰੱਖਿਆ ਅਤੇ ਪੂਰੀ ਖੁਰਾਕ ਦਿੱਤੀ। ਇਸ ਲਈ ਲੰਗਰ ਸਾਰੇ ਪਿੰਡ ਵਿੱਚੋਂ ਇਕੱਠਾ ਕੀਤਾ ਜਾਂਦਾ ਹੈ।'

ਬਲਾਕ ਸਮਿਤੀ ਮੈਂਬਰ ਬੁੱਕਣ ਸਿੰਘ ਨੇ ਕਿਹਾ ਕਿ ਪਿੰਡ ਦੇ ਮੋਹਤਬਰ ਬੰਦੇ ਸ਼ਾਮ ਨੂੰ ਮੁੰਡਿਆਂ ਨਾਲ ਸਮਾਂ ਬਿਤਾਉਂਦੇ ਹਨ ਅਤੇ ਹੱਲਾਸ਼ੇਰੀ ਵੀ ਦਿੰਦੇ ਹਨ ਤਾਂ ਜੋ ਇਹ ਨਸ਼ਾ ਛੱਡ ਸਕਣ।

ਸਿਵਲ ਹਸਪਤਾਲ ਫ਼ਰੀਦਕੋਟ ਵਿੱਚ ਤਾਇਨਾਤ ਮਨੋਵਿਗਿਆਨ ਦੇ ਡਾਕਟਰ ਰਣਜੀਤ ਕੌਰ ਕਹਿੰਦੇ ਹਨ ਕਿ ਫ਼ਰੀਦਕੋਟ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦਾ ਪਹਿਲਾ ਕਦਮ ਹੈ ਜਿੱਥੇ ਪੰਚਾਇਤ ਵਲੋਂ ਨਸ਼ਾ ਕਰਨ ਵਾਲਿਆਂ ਨੂੰ ਆਪਣੀ ਦੇਖ-ਰੇਖ ਹੇਠ ਰੱਖਿਆ ਗਿਆ। ਉਨ੍ਹਾਂ ਦੀ ਨਿਗਰਾਨੀ ਕੀਤੀ ਗਈ। ਇਨ੍ਹਾਂ ਨੌਜਵਾਨਾਂ ਦੀ ਕੌਂਸਲਿੰਗ ਵੀ ਕੀਤੀ ਜਾਂਦੀ ਹੈ। ਜ਼ਿਆਦਾਤਰ ਨੌਜਵਾਨ ਹੈਰੋਇਨ ਤੇ ਗੋਲੀਆਂ ਦੇ ਨਸ਼ੇ ਤੋਂ ਪੀੜਿਤ ਹਨ।'

ਫਰੀਦਕੋਟ ਦੇ ਡਿਪਟੀ ਕਮਿਸ਼ਨਰ ਰੂਹੀ ਦੁੱਗ ਨੇ ਕਿਹਾ ਕਿ ਇਹ ਜ਼ਿਲ੍ਹੇ ਵਿੱਚ ਪਹਿਲੀ ਮੁਹਿੰਮ ਹੈ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਜੋ ਨੌਜਵਾਨ ਨਸ਼ੇ ਤੋਂ ਪੀੜਿਤ ਹਨ, ਉਨ੍ਹਾਂ ਨੂੰ ਅਪਣਾਇਆ ਜਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਸਿਹਤ ਮਹਿਕਮੇ ਦੇ ਹਵਾਲੇ ਨਾਲ ਇਸ ਕੇਂਦਰ ਦੀ ਪੂਰੀ ਸਹਾਇਤਾ ਕੀਤੀ ਜਾ ਰਹੀ ਹੈ।'

# ਅਮਨ ਅਤੇ ਦੋਸਤੀ ਲਈ ਜੋ ਕੰਮ ਸਰਕਾਰਾਂ ਨਹੀਂ ਕਰ ਸਕਦੀਆਂ ਉਹ ਕਲਾਕਾਰ ਕਰ ਸਕਦੇ ਨੇ : ਜਾਵੇਦ ਅਖ਼ਤਰ

## ਕਿਹਾ ਕਿ ਉਰਦੂ ਪੰਜਾਬ ਦੀ ਜ਼ੁਬਾਨ ਸੀ, ਛੱਡ ਕੇ ਵੱਡੀ ਗ਼ਲਤੀ ਕੀਤੀ, ਦਰਬਾਰ ਸਾਹਿਬ ਦਾ ਕੜਾ, ਮਰਦੇ ਦਮ ਤੱਕ ਮੇਰੇ ਨਾਲ ਰਹੇਗਾ




ਚੰਡੀਗੜ੍ਹ/ਏ.ਟੀ.ਨਿਊਜ਼ : ਜਾਵੇਦ ਅਖਤਰ ਲਾਹੌਰ ਵਿੱਚ ਫੈਜ਼ ਫੈਸਟੀਵਲ 'ਚ ਆਪਣੀ ਗੱਲ ਕਹਿਣ ਤੋਂ ਬਾਅਦ ਚਰਚਾ ਵਿੱਚ ਹਨ। ਬੀਤੇ ਦਿਨੀਂ ਉਹ ਚਿਤਕਾਰਾ ਲਿਟਰੇਚਰ ਫੈਸਟ ਵਿੱਚ ਸ਼ਿਰਕਤ ਕਰਨ ਲਈ ਚੰਡੀਗੜ੍ਹ ਪੁੱਜੇ ਸਨ। ਜਿੱਥੇ ਉਨ੍ਹਾਂ ਦੇ ਸੈਸ਼ਨ ਦਾ ਵਿਸ਼ਾ ਸੀ-ਮੇਰਾ ਪੈਗਾਮ ਮੁਹੱਬਤ ਹੈ। ਜਾਵੇਦ ਅਖਤਰ ਦੱਸਦੇ ਹਨ ਕਿ 1964 ਵਿੱਚ ਜਦੋਂ ਮੈਂ ਨਵੀਂ ਮੁੰਬਈ ਪਹੁੰਚਿਆ ਤਾਂ ਠਹਿਰਨ ਲਈ ਕੋਈ ਥਾਂ ਨਹੀਂ ਸੀ। ਨੇੜੇ ਕੋਈ ਕੰਮ ਨਹੀਂ ਸੀ। ਫਿਰ ਇੱਕ ਪੰਜਾਬੀ ਦੋਸਤ ਮਿਲਿਆ-ਮੁਸ਼ਤਾਕ ਸਿੰਘ। ਉਹ ਨੌਕਰੀ ਦੇ ਨਾਲ-ਨਾਲ ਸੰਘਰਸ਼ ਵੀ ਕਰਦਾ ਸੀ। ਉਸ ਨੇ ਮੈਨੂੰ ਆਪਣੇ ਕੋਲ ਰੱਖਿਆ ਅਤੇ ਮੇਰਾ ਸਾਥ ਵੀ ਦਿੱਤਾ। ਫਿਰ ਉਹ ਗਲਾਸਗੋ ਚਲਾ ਗਿਆ। ਜਾਂਦੇ ਸਮੇਂ ਉਸ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਦਾ ਇਹ ਕੜਾ ਆਪਣੇ ਹੱਥੋਂ ਲਾਹ ਕੇ ਮੈਨੂੰ ਦਿੱਤਾ ਸੀ। ਉਸ ਦਿਨ ਤੋਂ ਬਾਅਦ ਮੈਂ ਇਸ ਨੂੰ ਆਪਣੇ ਹੱਥਾਂ ਤੋਂ ਨਹੀਂ ਲਾਹਿਆ। ਇਹ ਮੇਰੇ ਮਰਨ ਤੱਕ ਮੇਰੇ ਨਾਲ ਰਹੇਗਾ। ਉਸ ਯਾਰ ਦੀ ਯਾਦ ਵਜੋਂ।

ਮੇਰਾ ਮੰਨਣਾ ਹੈ ਕਿ ਕਲਾਕਾਰਾਂ ਦੇ ਸਹਿਯੋਗ ਨਾਲ ਸਦਭਾਵਨਾ ਪੈਦਾ ਹੁੰਦੀ ਹੈ। ਹਾਲਾਂਕਿ ਸਥਿਤੀ ਬਹੁਤੀ ਚੰਗੀ ਨਹੀਂ ਹੈ, ਪਰ ਇਸ ਦੇ ਬਾਵਜੂਦ, ਜੋ ਲੋਕ ਇਨ੍ਹਾਂ ਯਤਨਾਂ ਵਿੱਚ ਲੱਗੇ ਹੋਏ ਹਨ, ਉਨ੍ਹਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ। ਸਾਡੀਆਂ ਸੱਭਿਆਚਾਰਕ ਜੜ੍ਹਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਲਾਹੌਰ ਵਿੱਚ ਮੈਂ ਉਹੀ ਕਿਹਾ ਜੋ ਕਹਿਣ ਦੀ ਲੋੜ ਸੀ। ਜਿਸ ਤਰ੍ਹਾਂ ਦਾ ਸਵਾਲ ਆਇਆ, ਉਸ ਤੋਂ ਬਾਅਦ ਜਵਾਬ ਨਾ ਦੇਣਾ ਮੇਰੇ ਲਈ ਸੰਭਵ ਨਹੀਂ ਸੀ। ਮੈਂ ਕਿਹਾ ਸੀ ਕਿ ਉਰਦੂ ਪੰਜਾਬ ਦੀ ਜੁਬਾਨ ਸੀ, ਛੱਡ ਕੇ ਵੱਡੀ ਗਲਤੀ ਕੀਤੀ ਹੈ। ਸਰਕਾਰਾਂ ਨੂੰ ਆਪਣੀਆਂ ਨੀਤੀਆਂ ਬਦਲ ਕੇ ਅਮਨ ਲਈ ਯਤਨ ਕਰਨੇ ਚਾਹੀਦੇ ਹਨ। ਭਾਰਤ ਦੇ ਲੋਕ

(ਬਾਕੀ ਸਫ਼ਾ 31 'ਤੇ)

# ਕੌਮੀ ਇਨਸਾਫ਼ ਮੋਰਚੇ ਦੇ ਹੱਕ 'ਚ ਡਟੀਆਂ ਕਿਸਾਨ ਯੂਨੀਅਨਾਂ

## 5 ਮਾਰਚ ਨੂੰ ਪੰਜਾਬ ਦੇ 117 ਵਿਧਾਇਕਾਂ ਨੂੰ ਸੌਂਪਣਗੀਆਂ ਮੰਗ ਪੱਤਰ ਮੋਰਚੇ ਦੀ ਕਵਰੇਜ਼ ਕਰ ਰਹੇ ਯੂ-ਟਿਊਬ ਚੈਨਲ ਬੰਦ ਕਰਨ ਦੀ ਨਿਖੇਧੀ




ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਦੀਆਂ ਕਿਸਾਨ ਯੂਨੀਅਨਾਂ 5 ਮਾਰਚ ਨੂੰ ਪੰਜਾਬ ਦੇ 117 ਵਿਧਾਇਕਾਂ ਨੂੰ ਮੰਗ ਪੱਤਰ ਦੇਣਗੀਆਂ। ਇਹ ਖੁਲਾਸਾ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਬਾਪੂ ਗੁਰਚਰਨ ਸਿੰਘ, ਐਡਵੋਕੇਟ ਗੁਰਸ਼ਰਨ ਸਿੰਘ, ਇੰਦਰਬੀਰ ਸਿੰਘ ਅਤੇ ਜਸਵਿੰਦਰ ਸਿੰਘ ਰਾਜਪੁਰਾ ਨੇ ਮੁਹਾਲੀ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਨ ਮੌਕੇ ਕੀਤਾ। ਆਗੂਆਂ ਨੇ ਕਿਹਾ ਕਿ ਸਰਕਾਰਾਂ ਵਲੋਂ ਆਪ ਹੀ ਲੋਕਤੰਤਰ ਦਾ ਘਾਣ ਕਰਦਿਆਂ ਮੋਰਚੇ ਦੀ ਕਵਰੇਜ਼ ਕਰ ਰਹੇ ਯੂ-ਟਿਊਬ ਚੈਨਲ ਬੰਦ ਕਰ ਦਿੱਤੇ ਗਏ ਹਨ, ਜਦਕਿ ਸਰਕਾਰ ਨੂੰ ਚੈਨਲ ਬੰਦ ਕਰਨ ਦੀ ਬਜਾਏ ਉਨ੍ਹਾਂ ਦੀਆਂ ਮੰਗਾਂ ਨੂੰ ਮੰਨਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸਵੇਰ ਤੋਂ ਹੀ ਸੰਗਤਾਂ ਕਾਫ਼ਲਿਆਂ ਦੇ ਰੂਪ 'ਚ ਜੁੜਨੀਆਂ ਸ਼ੁਰੂ ਹੋ ਗਈਆਂ ਸਨ। ਇਸ ਮੌਕੇ ਐਡਵੋਕੇਟ ਅਮਰ ਸਿੰਘ ਚਾਹਲ, ਬਲਬੀਰ ਸਿੰਘ ਹਿਸਾਰ, ਮਾਸਟਰ ਦਵਿੰਦਰ ਸਿੰਘ, ਬਲਜੀਤ ਸਿੰਘ ਭਾਊ, ਪਵਨਦੀਪ ਸਿੰਘ, ਕਰਮ ਸਿੰਘ, ਬਲਵਿੰਦਰ ਸਿੰਘ ਕੰਗ, ਬੀਬੀ ਕੁਲਵਿੰਦਰ ਕੌਰ, ਜਥੇ. ਸ਼ੇਰ ਸਿੰਘ ਨਿਹੰਗ ਦਲ, ਜਥੇ. ਸਿਕੰਦਰ ਸਿੰਘ ਤੇ ਰਣਜੀਤ ਸਿੰਘ ਆਦਿ ਹਾਜ਼ਰ ਸਨ।

ਦਰਪਣ ਝੂਠ ਨਹੀਂ ਬੋਲਦਾ

# ਪੱਤਰਕਾਰ ਬੀਬੀਆਂ ਨੂੰ ਆਨਲਾਈਨ ਧਮਕੀਆਂ ਦੇਣ ਲਈ ਭਾਜਪਾ ਪੱਖੀ ਟਰੋਲਜ਼ ਜ਼ਿੰਮੇਵਾਰ

## ਅਮਰੀਕਾ ਦੇ ਇੰਟਰਨੈਸ਼ਨਲ ਸੈਂਟਰ ਫ਼ਾਰ ਜਰਨਲਿਸਟਸ ਵੱਲੋਂ ਰਿਪੋਰਟ ਪ੍ਰਕਾਸ਼ਿਤ






ਅਮਰੀਕਾ ਦੇ ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਦੁਆਰਾ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਕਰਵਾਏ ਗਏ ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ 75 ਫੀਸਦੀ ਪੱਤਰਕਾਰ ਬੀਬੀਆਂ ਨੇ ਮੰਨਿਆ ਹੈ ਕਿ ਉਹ ਆਨਲਾਈਨ ਹਿੰਸਕ ਹਮਲਿਆਂ ਦਾ ਸਾਹਮਣਾ ਕਰ ਰਹੀਆਂ ਹਨ। ਕਈ ਬੀਬੀਆਂ ਨੇ ਇਹ ਵੀ ਦੱਸਿਆ ਕਿ ਉਹਨਾਂ ਉਪਰ ਔਨਲਾਈਨ ਟ੍ਰੋਲਿੰਗ ਦੇ ਨਤੀਜੇ ਵਜੋਂ ਸਰੀਰਕ ਹਮਲੇ ਹੋਏ ਹਨ। ਦਾ ਹਿੰਦੂ ਅਖਬਾਰ ਅਨੁਸਾਰ ਨਿਊਯਾਰਕ ਵਿੱਚ ਯੂਨੈਸਕੋ ਦੁਆਰਾ ਫੰਡ ਪ੍ਰਾਪਤ ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਨੇ ਇਹ ਖੁਲਾਸਾ ਕਰਦਿਆਂ ਦਸਿਆ ਸੀ ਕਿ ਕਈ ਪੱਤਰਕਾਰਾਂ ਵਿਚੋਂ ਭਾਰਤੀ ਪੱਤਰਕਾਰ ਰਾਣਾ ਅਯੂਬ ਦੀ ਪ੍ਰੋਫਾਈਲ ਪ੍ਰਕਾਸ਼ਿਤ ਕੀਤੀ ਅਤੇ ਦੋਸ਼ ਲਾਇਆ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਜੁੜੀਆਂ ਜਥੇਬੰਦੀਆਂ ਹਮਲਿਆਂ ਅਤੇ ਧਮਕੀਆਂ ਲਈ ਜ਼ਿੰਮੇਵਾਰ ਸਨ। ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਨੇ ਫੋਰਬਿਡਨ ਸਟੋਰੀਜ਼ ਪ੍ਰੋਜੈਕਟ ਦੇ ਨਾਲ ਇਸ ਅਧਿਐਨ 'ਤੇ ਕੰਮ ਕੀਤਾ, ਜਿਸ ਨੇ ਹਾਲ ਹੀ ਵਿੱਚ ਬੈਂਗਲੂਰੂ-ਆਧਾਰਿਤ ਪੱਤਰਕਾਰ ਗੌਰੀ ਲੰਕੇਸ਼ ਦੇ 2017 ਦੌਰਾਨ ਹੋਏ ਕਤਲ 'ਤੇ ਆਪਣੀ ਜਾਂਚ ਰਿਪੋਰਟ ਰਿਲੀਜ਼ ਕੀਤੀ ਸੀ।ਦੱਸਿਆ ਜਾਂਦਾ ਹੈ ਕਿ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਭਾਜਪਾ ਨੇ ਇਸ ਬਾਰੇ ਕੋਈ ਸਪਸ਼ਟੀਕਰਨ ਨਹੀਂ ਦਿੱਤਾ। ਬੀਤੇ ਦਿਨੀਂ ਜਨਤਕ ਕੀਤੇ ਗਏ ਇੱਕ ਕੇਸ ਅਧਿਐਨ ਵਿਚ ਕਿਹਾ, ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਜਪਾ ਨਾਲ ਸਪੱਸ਼ਟ ਤੌਰ 'ਤੇ ਜੁੜੇ ਟਰੋਲਾਂ ਦੀ ਫੌਜ ਰੋਜ਼ਾਨਾ ਰਾਣਾ ਅਯੂਬ ਨਾਲ ਧੱਕੇਸ਼ਾਹੀ ਕਰਦੀ ਰਹਿੰਦੀ ਹੈ। ਲਗਾਤਾਰ ਜਾਨੋਂ ਮਾਰਨ ਅਤੇ ਬਲਾਤਕਾਰ ਦੀਆਂ ਧਮਕੀਆਂ ਦੇ ਰਹੀ ਹੈ। ਇਹ ਸੋਚੀ-ਸਮਝੀ ਹੋਈ ਭਗਵਿਆਂ ਦੀ ਸਾਜਿਸ਼ੀ ਨੀਤੀ ਹੈ। ਉਹ ਗੰਭੀਰ ਤੌਰ 'ਤੇ ਧਾਰਮਿਕ ਕੱਟੜਤਾ ਤੇ ਨਫਰਤੀ ਹਿੰਸਾ ਨਾਲ ਭਰੇ ਹੋਏ ਹਨ।'

13 ਮਿਲੀਅਨ ਤੋਂ ਵੱਧ ਟਵੀਟਸ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ, ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਨੇ ਦੱਸਿਆ ਕਿ ਅਯੂਬ ਅਤੇ ਕਤਰ ਵਿੱਚ ਅਲ ਜਜ਼ੀਰਾ ਦੀ ਐਂਕਰ ਗਦਾ ਓਈਸ ਨੂੰ ਨਫਰਤੀ ਨਿਸ਼ਾਨਾ ਬਣਾਇਆ ਗਿਆ ਸੀ। ਇਸ ਰਿਪੋਰਟ ਵਿਚ ਵਿੱਚ ਵੱਡੇ ਖੁਲਾਸੇ ਵੀ ਪ੍ਰਕਾਸ਼ਤ ਕੀਤੇ ਗਏ ਹਨ। 13 ਕਰੋੜ ਟਵੀਟ ਆਧਾਰਿਤ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਪੱਤਰਕਾਰ ਬੀਬੀਆਂ ਨਫਰਤੀ ਹਮਲੇ ਸਹਿਣ ਕਰ ਰਹੀਆਂ ਹਨ। ਇਹ 2022 ਦੇ ਇਕ ਅਧਿਐਨ ਦੇ ਨਤੀਜਿਆਂ 'ਤੇ ਆਧਾਰਿਤ ਹੈ, ਜਿਸ ਵਿਚ ਦੁਨੀਆ ਭਰ ਦੀਆਂ 850 ਪੱਤਰਕਾਰ ਬੀਬੀਆਂ ਦੇ ਤਜਰਬਿਆਂ ਦੇ ਆਧਾਰ 'ਤੇ ਆਨਲਾਈਨ ਹਿੰਸਾ ਦਾ ਪਤਾ ਲਗਾਇਆ ਗਿਆ ਸੀ। ਇਸ ਅਧਿਐਨ ਦੀ ਅਗਵਾਈ ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਦੀ ਗਲੋਬਲ ਖੋਜ ਦੀ ਉਪ ਪ੍ਰਧਾਨ ਜੂਲੀ ਪੋਸੇਟੀ ਨੇ ਕੀਤੀ।

ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਅਯੂਬ ਨੂੰ ਮਿਲੇ ਅਪਮਾਨਜਨਕ ਟਵੀਟਾਂ ਵਿੱਚੋਂ 62 ਪ੍ਰਤੀਸ਼ਤ ਤੋਂ ਵੱਧ ਨਿੱਜੀ ਹਮਲੇ ਕੀਤੇ ਸਨ ਅਤੇ ਕਈਆਂ ਵਿੱਚ ਬਲਾਤਕਾਰ ਅਤੇ ਮੌਤ ਦੀਆਂ ਧਮਕੀਆਂ ਦਿਤੀਆਂ ਸਨ। ਇਸਲਾਮੋਫੋਬਿਕ ਟਿੱਪਣੀਆਂ, ਦੁਰਵਿਵਹਾਰ ਅਤੇ ਚਰਿੱਤਰ ਘਾਣ ਸ਼ਾਮਲ ਸਨ।

ਇਸ ਵਿੱਚ ਇਹ ਵੀ ਦਾਅਵਾ ਕੀਤਾ ਕਿ (ਰਾਣਾ) ਅਯੂਬ ਵਿਰੁੱਧ ਆਨਲਾਈਨ ਹਿੰਸਾ 'ਹਿੰਦੂ ਰਾਸ਼ਟਰਵਾਦ' ਅਤੇ ਭਾਰਤ ਦੀ ਸੱਤਾਧਾਰੀ ਪਾਰਟੀ ਭਾਜਪਾ ਨਾਲ ਜੁੜੇ ਟਵਿੱਟਰ ਉਪਭੋਗਤਾਵਾਂ ਵਲੋਂ ਵੱਡੇ ਪੱਧਰ 'ਤੇ ਉਕਸਾਈ ਗਈ ਸੀ ਅਤੇ ਇਹ 'ਅਯੂਬ ਦੇ ਪੱਤਰਕਾਰੀ ਦੇ ਜਵਾਬ ਵਿਚ ਭਾਰਤੀ ਏਜੰਸੀਆਂ ਦੁਆਰਾ ਔਨਲਾਈਨ ਕਾਨੂੰਨੀ ਤੌਰ ਉਪਰ ਤੰਗ ਕਰਨ ਦਾ ਹਿੱਸਾ ਸੀ।ਅਮਰੀਕਾ ਵਿੱਚ ਭਾਰਤੀ ਏਜੰਸੀਆਂ ਦੁਆਰਾ ਆਨਲਾਈਨ ਕਾਨੂੰਨੀ ਪਰੇਸ਼ਾਨੀ ਦਾ ਹਿੱਸਾ ਸੀ।' ਅਯੂਬ, ਜਿਸ ਦੇ ਕਾਲਮ ਅਕਸਰ ਵਾਸ਼ਿੰਗਟਨ ਪੋਸਟ ਵਿੱਚ ਛਪਦੇ ਹਨ, ਭਾਰਤ ਵਿੱਚ ਕਈ ਕਾਨੂੰਨੀ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਇਸ ਵਿੱਚ ਇੱਕ ਮਾਮਲਾ ਮਨੀ ਲਾਂਡਰਿੰਗ ਨਾਲ ਸਬੰਧਤ ਹੈ। ਉੱਤਰ ਪ੍ਰਦੇਸ਼ ਇਹ ਮਾਮਲਾ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਸ਼ਿਕਾਇਤ ਨਾਲ ਸਬੰਧਤ ਹੈ। ਦੱਸ ਦੇਈਏ ਕਿ ਪਿਛਲੇ ਦਿਨੀਂ ਭਾਰਤੀ ਸੁਪਰੀਮ ਕੋਰਟ ਨੇ ਅਯੂਬ ਵੱਲੋਂ ਦਾਇਰ ਇੱਕ ਰਿੱਟ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ।

## ਯੂਥ ਦੇ ਵਿਦੇਸ਼ ਜਾਣ ਦੇ ਰੁਝਾਨ ਕਾਰਨ ਪੰਜ ਸਾਲਾਂ ਦੌਰਾਨ ਪੰਜਾਬ ਦੇ 29 ਕਾਲਜ ਬੰਦ




ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਦਾ ਰੁਝਾਨ ਲਗਾਤਾਰ ਵਧਣ ਕਾਰਨ ਪੰਜਾਬ ਦੇ ਕਾਲਜ ਲਗਾਤਾਰ ਖਾਲ੍ਹੀ ਹੋ ਰਹੇ ਹਨ। ਬਾਰ੍ਹਵੀਂ ਜਮਾਤ ਮਗਰੋਂ ਵਿਦਿਆਰਥੀ ਵਿਦੇਸ਼ਾਂ ਦਾ ਰੁਖ਼ ਕਰਨ ਲੱਗੇ ਹਨ ਜਿਸ ਕਾਰਨ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਣ ਲੱਗੀ ਹੈ। ਆਲ ਇੰਡੀਆ ਸਰਵੇ ਆਨ-ਹਾਇਰ ਐਜੂਕੇਸ਼ਨ (2020-21) ਦੀ ਹਾਲ ਹੀ ਵਿਚ ਜਾਰੀ ਰਿਪੋਰਟ ਵਿਚ ਇਹ ਤੱਥ ਸਾਹਮਣੇ ਆਏ ਹਨ। ਸਰਵੇ ਮੁਤਾਬਿਕ ਇਕੱਲੀ ਪੀ. ਐੱਚ. ਡੀ. ਦੀ ਡਿਗਰੀ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਰੁਚੀ ਵਧੀ ਹੈ। ਸਰਵੇ ਰਿਪੋਰਟ ਅਨੁਸਾਰ ਲੰਘੇ ਪੰਜ ਸਾਲਾਂ ਅੰਦਰ ਕਾਫ਼ੀ ਕਾਲਜ ਬੰਦ ਵੀ ਹੋ ਗਏ ਹਨ। 2020-21 ਦੌਰਾਨ ਸੂਬੇ ਵਿਚ 1039 ਕਾਲਜ ਸਨ ਜਦਕਿ 2016-17 ਵਿਚ ਇਨ੍ਹਾਂ ਕਾਲਜਾਂ ਦੀ ਗਿਣਤੀ 1068 ਸੀ। ਇਨ੍ਹਾਂ ਪੰਜ ਸਾਲਾਂ ਅੰਦਰ 29 ਕਾਲਜ ਬੰਦ ਹੋਏ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਉਚੇਰੀ ਸਿੱਖਿਆ ਲਈ 2017-18 ਵਿਚ 9.59 ਲੱਖ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ ਜਦਕਿ 2020-21 ਵਿਚ ਇਹ ਦਾਖਲਾ ਲੈਣ ਵਾਲੇ ਵਿਦਿਆਰਥੀ 8.33 ਲੱਖ ਰਹਿ ਗਏ ਸਨ।

ਇਨ੍ਹਾਂ ਚਾਰ ਸਾਲਾਂ ਅੰਦਰ ਵਿਦਿਆਰਥੀਆਂ ਦੀ ਗਿਣਤੀ ਵਿੱਚ ਸਵਾ ਲੱਖ ਦੀ ਕਮੀ ਆਈ ਹੈ। ਬਹੁਤੇ ਪ੍ਰੋਫੈਸ਼ਨਲ ਕੋਰਸਾਂ ਲਈ ਤਾਂ ਕਾਲਜਾਂ ਵਿਚ ਪੂਰੀਆਂ ਸੀਟਾਂ ਹੀ ਨਹੀਂ ਭਰ ਰਹੀਆਂ ਹਨ। ਉਕਤ ਸਾਲਾਂ ਦੌਰਾਨ ਉਚੇਰੀ ਸਿੱਖਿਆ ਲਈ 65,339 ਲੜਕੀਆਂ ਤੇ 60,862 ਮੁੰਡਿਆਂ ਦੇ ਦਾਖ਼ਲਿਆਂ ਵਿੱਚ ਕਮੀ ਆਈ ਹੈ। ਪੰਜਾਬ 'ਚ ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਦਾ ਰੁਝਾਨ 2016-17 ਵਿਚ ਸ਼ੁਰੂ ਹੋਇਆ ਸੀ ਜੋ ਤੇਜ਼ੀ ਨਾਲ ਵਧਿਆ ਹੈ। 2016 ਤੋਂ 2021 ਤੱਕ ਪੰਜਾਬ ਵਿਚੋਂ 2.62 ਲੱਖ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਵਿਦੇਸ਼ ਗਏ ਹਨ। ਲੰਘੇ ਪੰਜ ਸਾਲਾਂ ਦਾ ਰੁਝਾਨ ਹੈ ਕਿ ਪੰਜਾਬ ਵਿਚੋਂ ਰੋਜ਼ਾਨਾ ਔਸਤਨ 140 ਵਿਦਿਆਰਥੀ ਵਿਦੇਸ਼ ਪੜ੍ਹਨ ਜਾ ਰਹੇ ਹਨ। ਦੇਖਿਆ ਜਾਵੇ ਤਾਂ ਇਸ ਵੇਲੇ ਪੰਜਾਬ ਦੇ ਸਰਕਾਰੀ ਕਾਲਜਾਂ ਵਿਚੋਂ ਪੇਂਡੂ ਖੇਤਰ ਦੇ ਕਾਲਜ ਤਾਂ ਲਗਭਗ ਖਾਲੀ ਵਰਗੇ ਹੀ ਹਨ। ਨਵੇਂ ਕਾਲਜ ਤਾਂ ਪਿਛਲੇ ਸਮਿਆਂ ਵਿਚ ਖੁੱਲ੍ਹੇ ਹਨ ਪਰ ਉਨ੍ਹਾਂ ਵਿਚ ਨਾ ਪੜ੍ਹਾਉਣ ਵਾਲੇ ਹਨ ਅਤੇ ਨਾ ਹੀ ਪੜ੍ਹਨ ਵਾਲੇ। ਸਰਕਾਰੀ ਕਾਲਜਾਂ ਵਿਚ 2056 ਪ੍ਰਵਾਨਿਤ ਅਸਾਮੀਆਂ ਹਨ ਜਿਨ੍ਹਾਂ ਵਿਚੋਂ 650 ਅਸਾਮੀਆਂ ਖਾਲੀ ਪਈਆਂ ਹਨ।

ਨਵੇਂ ਸਰਵੇ ਅਨੁਸਾਰ ਅੰਡਰ ਗਰੈਜੂਏਟ ਕੋਰਸਾਂ ਵਿਚ ਪੰਜ ਸਾਲਾਂ ਦੌਰਾਨ 56,466 ਦਾਖ਼ਲਿਆਂ ਦੀ ਕਮੀ ਦੇਖਣ ਨੂੰ ਮਿਲੀ ਹੈ। ਇਸੇ ਤਰ੍ਹਾਂ ਪੋਸਟ ਗਰੈਜੂਏਟ ਕੋਰਸਾਂ ਵਿਚ 56,466 ਦਾਖ਼ਲੇ (ਬਾਕੀ ਸਫ਼ਾ 31 'ਤੇ)

## ਭੋਜਪੁਰੀ ਗਾਇਕਾ ਨੇਹਾ ਰਾਠੌਰ ਵੱਲੋਂ ਗੀਤ ਰਾਹੀਂ ਯੋਗੀ ਦੀ 'ਬੁਲਡੋਜ਼ਰ ਮੁਹਿੰਮ' 'ਤੇ ਤਿੱਖਾ ਵਿਅੰਗ

ਪਿਛਲੇ ਦਿਨੀਂ ਚਰਚਿਤ ਭੋਜਪੁਰੀ ਗਾਇਕਾ ਨੇਹਾ ਰਾਠੌਰ ਨੇ ਆਪਣਾ ਇੱਕ ਗੀਤ 'ਯੂ ਪੀ ਮੇਂ ਕਾ ਬਾ' ਰਿਲੀਜ਼ ਕੀਤਾ ਸੀ । ਇਸ ਗਾਣੇ ਵਿੱਚ ਮੁੱਖ ਮੰਤਰੀ ਅਦਿੱਤਿਆਨਾਥ ਯੋਗੀ ਦੀ ਬੁਲਡੋਜ਼ਰ ਮੁਹਿੰਮ ਉੱਤੇ ਤਿੱਖਾ ਵਿਅੰਗ ਕੀਤਾ ਗਿਆ ਸੀ ।ਸਿਰਫ਼ 1 ਮਿੰਟ ਤੇ ਕੁਝ ਸੈਕਿੰਡ ਦੇ ਗੀਤ ਵਿੱਚ ਕਾਨਪੁਰ ਦੇ ਪ੍ਰਸ਼ਾਸਨ ਵੱਲੋਂ ਨਜਾਇਜ਼ ਕਬਜ਼ਾ ਖ਼ਤਮ ਕਰਾਉਣ ਦੀ ਕਾਰਵਾਈ ਸਮੇਂ ਇੱਕ ਮਾਂ-ਬੇਟੀ ਦੇ ਅੱਗ ਨਾਲ ਜਲ ਕੇ ਮਰ ਜਾਣ ਦੀ ਘਟਨਾ ਦਾ ਜ਼ਿਕਰ ਹੈ।

'ਬਾਬਾ ਕੇ ਦਰਬਾਰ ਬਾ, ਢਹਿਤ ਘਰ ਬਾਰ ਬਾ, ਮਾਈ ਬੇਟੀ ਕੋ ਆਗ ਮੇਂ ਝੋਂਕਤ ਯੂ ਪੀ ਸਰਕਾਰ ਬਾ, ਕਾ ਬਾ, ਯੂ ਪੀ ਮੇ ਕਾ ਬਾ। ਅਰੇ ਬਾਬਾ ਕੀ ਡੀ ਐਮ ਤੋ ਬੜੀ ਰੰਗਬਾਜ਼ ਬਾ, ਕਾਨਪੁਰ ਦੇਹਾਤ ਮੇਂ ਲੇ ਆਇਲ ਰਾਮਰਾਜ ਬਾ, ਬੁਲਡੋਜ਼ਰ ਸੇ ਰੌਂਦਤ ਦੀਕਸ਼ਤ ਕੇ ਘਰਵਾ ਆਜ ਬਾ, ਯਹੀ ਬੁਲਡੋਜ਼ਰਵਾ ਪੇ ਬਾਬਾ ਕੋ ਨਾਜ਼ ਬਾ, ਕਾ ਬਾ, ਯੂ ਪੀ ਮੇਂ ਕਾ ਬਾ।'

ਹੁਣ ਯੂ ਪੀ ਦੀ ਪੁਲਿਸ ਵੱਲੋਂ ਇਸ ਗਾਣੇ ਲਈ ਨੇਹਾ ਸਿੰਘ ਰਾਠੌਰ ਨੂੰ ਇੱਕ ਨੋਟਿਸ ਭੇਜ ਕੇ ਕਿਹਾ ਗਿਆ ਹੈ ਕਿ ਉਸ ਦਾ ਇਹ ਗੀਤ ਵੈਰਭਾਵ ਤੇ ਤਣਾਅ ਪੈਦਾ ਕਰ ਰਿਹਾ ਹੈ। ਨੋਟਿਸ ਵਿੱਚ ਨੇਹਾ ਤੋਂ ਕੁਝ ਬੇਹੂਦਾ ਜਿਹੇ ਸਵਾਲ ਪੁੱਛ ਕੇ ਕਿਹਾ ਗਿਆ ਹੈ ਕਿ ਉਹ ਇਨ੍ਹਾਂ ਸਵਾਲਾਂ ਦੇ ਜਵਾਬ ਤਿੰਨ ਦਿਨਾਂ ਵਿੱਚ ਦੇਵੇ। ਇਸ ਦੇ ਨਾਲ ਹੀ ਇਹ ਧਮਕੀ ਵੀ ਦਿੱਤੀ ਗਈ ਹੈ ਕਿ ਜੇਕਰ ਉਸ ਦੇ ਜਵਾਬ ਪੁਲਸ ਨੂੰ ਸੰਤੋਸ਼ਜਨਕ ਨਾ ਲੱਗੇ ਤਾਂ ਉਸ ਵਿਰੁੱਧ ਵੱਖ-ਵੱਖ ਧਾਰਾਵਾਂ ਅਧੀਨ ਕਾਰਵਾਈ ਕੀਤੀ ਜਾਵੇਗੀ। ਸਵਾਲ ਦੇਖੋ, ਕੀ ਵੀਡੀਓ ਵਿੱਚ ਤੁਸੀਂ ਹੋ ? ਕੀ ਤੁਸੀਂ ਇਹ ਵੀਡੀਓ ਖੁਦ ਅਪਲੋਡ ਕੀਤਾ ਹੈ ? ਕੀ ਨੇਹਾ ਸਿੰਘ ਰਾਠੌਰ ਚੈਨਲ ਉਨ੍ਹਾਂ ਦਾ ਹੈ ? ਕੀ ਗੀਤ ਤੁਸੀਂ ਖੁਦ ਲਿਖਿਆ ਹੈ ? ਆਖ਼ਰੀ ਸਵਾਲ ਕੀ ਉਨ੍ਹਾ ਨੂੰ ਇਸ ਗੀਤ ਦੇ ਸਮਾਜ ਉੱਤੇ ਪੈਣ ਵਾਲੇ ਪ੍ਰਭਾਵ ਦਾ ਪਤਾ ਹੈ ਜਾਂ ਨਹੀਂ। ਸਪੱਸ਼ਟ ਹੈ ਕਿ ਉਕਤ ਸਾਰੇ ਸਵਾਲ ਸਿਰਫ਼ ਅਗਲੀ ਕਾਰਵਾਈ ਲਈ ਅਧਾਰ ਪੈਦਾ ਕਰਨ ਦਾ ਇੱਕ ਹੋਛਾ ਜਿਹਾ ਯਤਨ ਹਨ ।



ਨੇਹਾ ਸਿੰਘ ਨੇ ਕਿਹਾ ਹੈ ਕਿ ਉਸ ਨੂੰ ਨਹੀਂ ਪਤਾ ਕਿ ਯੂ ਪੀ ਸਰਕਾਰ ਨੂੰ ਉਨ੍ਹਾ ਦੇ ਗੀਤ ਵਿੱਚ ਵੈਰਭਾਵ ਜਾਂ ਤਣਾਅ ਕਿਉਂ ਦਿਸਿਆ ਹੈ। ਉਸ ਨੇ ਕਿਹਾ ਕਿ ਉਹ ਚਾਹੁੰਦੀ ਹੈ ਕਿ ਲੋਕ ਉਸ ਦੇ ਇਸ ਗੀਤ ਨੂੰ ਸੁਣਨ ਤੇ ਖੁਦ ਤੈਅ ਕਰਨ ਕਿ ਇਸ ਵਿਰੁੱਧ ਆਇਆ ਪੁਲਿਸ ਦਾ ਨੋਟਿਸ ਸਹੀ ਹੈ ਜਾਂ ਗਲਤ। ਉਸ ਨੇ ਇਹ ਵੀ ਕਿਹਾ ਕਿ ਉਹ ਆਪਣੇ ਕਿਸੇ ਵੀ ਆਨਲਾਈਨ ਪਲੇਟਫਾਰਮ ਤੋਂ ਇਹ ਗੀਤ ਨਹੀਂ ਹਟਾਵੇਗੀ।

ਇਸ ਦੌਰਾਨ ਕਈ ਪਾਰਟੀਆਂ ਦੇ ਆਗੂਆਂ ਨੇ ਨੇਹਾ ਸਿੰਘ ਰਾਠੌਰ ਨੂੰ ਨੋਟਿਸ ਭੇਜੇ ਜਾਣ ਲਈ ਯੋਗੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਸਮਾਜਵਾਦੀ ਪਾਰਟੀ ਦੇ ਮੀਡੀਆ ਸੈੱਲ ਨੇ ਲਿਖਿਆ ਹੈ, 'ਭਾਜਪਾ ਦਾ ਚਿਹਰਾ ਬਦਸੂਰਤ, ਕਰੂਰ ਤੇ ਵਹਿਸ਼ੀ ਹੈ, ਇਸ ਲਈ ਇਹ ਸਰਕਾਰ ਸ਼ੀਸ਼ੇ ਤੋਂ ਡਰਦੀ ਹੈ ਤੇ ਸਰਕਾਰ ਨੂੰ ਸ਼ੀਸ਼ਾ ਦਿਖਾਉਣ ਵਾਲਿਆਂ ਨੂੰ ਨੋਟਿਸ ਭੇਜਦੀ ਹੈ।' ਉੱਤਰ ਪ੍ਰਦੇਸ਼ ਕਾਂਗਰਸ ਨੇ ਨੇਹਾ ਦਾ ਸਮਰਥਨ ਕਰਦਿਆਂ ਲਿਖਿਆ ਹੈ- 'ਤਾਨਾਸ਼ਾਹੀ ਵਿਰੁੱਧ ਹਮ ਲੜੇਂਗੇ, ਔਰ ਜੀਤੇਂਗੇ ।'

ਆਮ ਆਦਮੀ ਪਾਰਟੀ ਦੇ ਆਗੂ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਹੈ ਕਿ ਆਪਣੇ ਗੀਤਾਂ ਰਾਹੀਂ ਸੱਤਾ ਨੂੰ ਬੇਬਾਕ ਸਵਾਲ ਪੁੱਛਣ ਵਾਲੀ ਲੋਕ ਗਾਇਕਾ ਦੀ ਅਵਾਜ਼ ਤੋਂ ਭਾਜਪਾ ਏਨਾ ਡਰ ਗਈ ਹੈ ਕਿ ਉਸ ਨੂੰ ਪੁਲਿਸ ਰਾਹੀਂ ਨੋਟਿਸ ਭਿਜਵਾ ਦਿੱਤਾ। ਸ਼ਰਮਨਾਕ, ਬੇਹੱਦ ਸ਼ਰਮਨਾਕ ਹੈ ਇਹ।

## ਮੋਦੀ ਖ਼ਿਲਾਫ਼ ਟਿੱਪਣੀ ਕਰਨ ਵਾਲੇ ਪਵਨ ਖੇੜਾ ਦੀ ਅੰਤਰਿਮ ਜ਼ਮਾਨਤ 3 ਮਾਰਚ ਤੱਕ ਵਧਾਈ



ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ਼ ਕਥਿਤ ਇਤਰਾਜ਼ਯੋਗ ਟਿੱਪਣੀਆਂ ਮਾਮਲੇ ਵਿਚ ਕਾਂਗਰਸ ਆਗੂ ਪਵਨ ਖੇੜਾ ਨੂੰ ਮਿਲੀ ਅੰਤਰਿਮ ਜ਼ਮਾਨਤ 3 ਮਾਰਚ ਤੱਕ ਵਧਾ ਦਿੱਤੀ ਹੈ। ਅਸਾਮ ਪੁਲਿਸ ਨੇ ਖੇੜਾ ਨੂੰ ਪਿਛਲੇ ਹਫ਼ਤੇ ਗ੍ਰਿਫ਼ਤਾਰ ਕੀਤਾ ਸੀ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਅਸਾਮ ਪੁਲਿਸ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੇ ਹਲਫ਼ਨਾਮੇ ਦਾ ਨੋਟਿਸ ਲਿਆ ਕਿ ਸੂਬਾਈ ਪੁਲਿਸ ਇਸ ਮਾਮਲੇ ਵਿੱਚ ਆਪਣਾ ਜਵਾਬ ਦਾਖ਼ਲ ਕਰਨਾ ਚਾਹੁੰਦੀ ਹੈ। ਉਧਰ ਯੂ.ਪੀ. ਸਰਕਾਰ ਵੱਲੋਂ ਪੇਸ਼ ਵਧੀਕ ਐਡਵੋਕੇਟ ਜਨਰਲ ਗਰਿਮਾ ਪ੍ਰਸਾਦ ਨੇ ਵੀ ਇਸ ਮਾਮਲੇ ਵਿੱਚ ਆਪਣਾ ਜਵਾਬ ਦਾਅਵਾ ਦਾਇਰ ਕਰਨ ਦੀ ਗੱਲ ਆਖੀ। ਬੈਂਚ ਨੇ ਇਨ੍ਹਾਂ ਹਲਫ਼ਨਾਮਿਆਂ ਦਾ ਨੋਟਿਸ ਲੈਂਦਿਆਂ ਖੇੜਾ ਦੀ ਪਟੀਸ਼ਨ 'ਤੇ ਅਗਲੀ ਸੁਣਵਾਈ 3 ਮਾਰਚ ਲਈ ਨਿਰਧਾਰਿਤ ਕਰ ਦਿੱਤੀ। ਬੈਂਚ ਨੇ ਸਾਫ਼ ਕਰ ਦਿੱਤਾ ਕਿ ਖੇੜਾ ਨੂੰ 23 ਫਰਵਰੀ ਨੂੰ ਦਿੱਤੀ ਅੰਤਰਿਮ ਜ਼ਮਾਨਤ ਉਦੋਂ (3 ਮਾਰਚ) ਤੱਕ ਅਮਲ ਵਿੱਚ ਰਹੇਗੀ।

# ਗੁਟਕਾ ਸਾਹਿਬ ਦੀ ਛਪਾਈ ਕਰਨ ਵਾਲੇ ਚਤਰ ਸਿੰਘ ਤੇ ਜੀਵਨ ਸਿੰਘ 'ਤੇ ਲੱਗੇ ਬੇਅਦਬੀ ਦੇ ਦੋਸ਼

**ਸਤਿਕਾਰ ਕਮੇਟੀ ਨੇ ਕਿਹਾ ਕਿ ਪ੍ਰਿੰਟਿਗ ਪ੍ਰੈੱਸ ਵਾਲੇ ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਕਰ ਰਹੇ ਨੇ ਵਰਤੋਂ ਜਥੇਦਾਰ ਅਕਾਲ ਤਖ਼ਤ ਨੇ ਵਿਵਾਦ ਦੀ ਜਾਂਚ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾਈ**

ਅੰਮ੍ਰਿਤਸਰ/ਏ.ਟੀ.ਨਿਊਜ਼ :- ਅੰਮ੍ਰਿਤਸਰ ਵਿਖੇ ਗੁਟਕਾ ਸਾਹਿਬ ਦੀ ਛਪਾਈ ਕਰਨ ਵਾਲੇ ਚਤਰ ਸਿੰਘ ਜੀਵਨ ਸਿੰਘ ਖ਼ਿਲਾਫ਼ ਸਿੱਖ ਜਥੇਬੰਦੀਆਂ ਨੇ ਸ਼ਿਕਾਇਤ ਦਰਜ ਕਰਵਾਈ ਹੈ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮਨਜੀਤ ਸਿੰਘ ਝਬਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਚਤਰ ਸਿੰਘ ਜੀਵਨ ਸਿੰਘ ਵੱਲੋਂ ਜਿੱਥੇ ਗੁਟਕਾ ਸਾਹਿਬ ਦੀ ਛਪਾਈ ਕੀਤੀ ਜਾਂਦੀ ਹੈ ਉਸ ਥਾਂ 'ਤੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋ ਰਹੀ ਹੈ।

ਇਹ ਜਾਣਕਾਰੀ ਉਸੇ ਜਗ੍ਹਾ 'ਤੇ ਕੰਮ ਕਰਨ ਵਾਲੇ ਵਿਅਕਤੀ ਨੇ ਦਿੱਤੀ ਜਿਸ 'ਤੇ ਸਮੂਹ ਸਿੱਖ ਜਥੇਬੰਦੀਆਂ ਨੇ ਥਾਣਾ ਬੀ-ਡਵੀਜ਼ਨ ਦੇ ਇੰਚਾਰਜ ਨੂੰ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਸ਼ਿਕਾਇਤ ਵਿਚ ਕਿਹਾ ਕਿ ਜਿਸ ਜਗ੍ਹਾ 'ਤੇ ਧਾਰਮਿਕ ਗ੍ਰੰਥਾਂ ਦੀ ਛਪਾਈ ਕੀਤੀ ਜਾਂਦੀ ਹੈ ਉੱਥੇ ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤਾ ਜਾਂਦਾ ਹੈ। ਜਦੋਂ ਇਸ ਸਬੰਧੀ ਥਾਣਾ ਇੰਚਾਰਜ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਤਿਕਾਰ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਲੋਕ ਸ਼ਿਕਾਇਤ ਲੈ ਕੇ ਆਏ ਸਨ ਕਿ ਗੁਟਕਾ ਸਾਹਿਬ ਦੀ ਬੇਅਦਬੀ ਹੋ ਰਹੀ ਹੈ ਜਿਸ 'ਤੇ ਅਸੀਂ ਪ੍ਰਿੰਟਿੰਗ ਪ੍ਰੈਸ ਵਿੱਚ ਆ ਕੇ ਇਸ ਦੀ ਪੂਰੀ ਵੀਡੀਓਗ੍ਰਾਫੀ ਕਰਵਾਈ ਹੈ।

ਉਨ੍ਹਾਂ ਕਿਹਾ ਜੋ ਵੀ ਤੱਥ ਸਾਹਮਣੇ ਆਉਣਗੇ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਪ੍ਰੈੱਸ ਦੇ ਮਸਲੇ 'ਤੇ ਪੈਦਾ ਹੋਏ ਵਿਵਾਦ ਦੀ ਜਾਂਚ ਕਰਨ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਗੁਟਕਾ ਸਾਹਿਬ, ਧਾਰਮਿਕ ਪੋਥੀਆਂ ਅਤੇ ਹੋਰ ਧਾਰਮਿਕ ਲਿਟਰੇਚਰ ਦੀ ਛਪਾਈ ਕਰਨ ਵਾਲੀਆਂ ਸਾਰੀਆਂ ਪ੍ਰੈੱਸਾਂ ਸਮੇਤ ਗੋਲਡਨ ਆਫਸੈੱਟ ਪ੍ਰੈੱਸ ਦੀ ਮੌਕੇ 'ਤੇ ਜਾ ਕੇ ਸਤਿਕਾਰ ਅਤੇ ਸਾਂਭ-ਸੰਭਾਲ ਸਬੰਧੀ ਹੋ ਰਹੀਆਂ ਤਰੁੱਟੀਆਂ ਬਾਰੇ ਨਿਰੀਖਣ ਕਰ ਕੇ ਆਪਣੀ ਰਿਪੋਰਟ ਦਫ਼ਤਰ ਸਕੱਤਰੇਤ ਅਕਾਲ ਤਖ਼ਤ ਸਾਹਿਬ ਵਿਖੇ ਦਸ ਦਿਨਾਂ ਦੇ ਅੰਦਰ-ਅੰਦਰ ਭੇਜਣ ਲਈ ਕਿਹਾ ਹੈ।

## ਗੁਰੂ ਨਾਨਕ ਸਾਹਿਬ ਤੇ ਸਿੱਖਾਂ ਬਾਰੇ ਮੌਲਾਨਾ ਦਾ ਨ.ਫਰਤੀ ਬਿਆਨ, ਕਿਹਾ ਕਿ ਸਿੱਖਾਂ ਨਾਲ ਪਿਆਰ ਕਰਨ ਵਾਲੇ ਅੰਮ੍ਰਿਤਸਰ ਜਾਣ



ਲਾਹੌਰ/ਏ.ਟੀ.ਨਿਊਜ਼ :- ਟਵਿੱਟਰ ਹੈਂਡਲ 'ਤੇ ਵਾਇਰਲ ਇਕ ਵੀਡੀਓ ਵਿੱਚ ਮੌਲਵੀ ਸਿੱਖਾਂ ਦੇ ਗੁਰੂ ਨਾਨਕ ਜੀ ਬਾਰੇ ਨਫਰਤ ਫੈਲਾਉਂਦੇ ਨਜ਼ਰ ਆ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਨਾ ਤਾਂ ਕਲਮਾ ਪੜ੍ਹਿਆ ਸੀ ਅਤੇ ਨਾ ਹੀ ਇਸਲਾਮ ਕਬੂਲ ਕੀਤਾ ਸੀ। ਪਾਕਿਸਤਾਨ ਦੇ ਮੌਲਵੀ ਦਾ ਕਹਿਣਾ ਹੈ ਕਿ ਕੁਝ ਲੋਕ ਮੈਨੂੰ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਬਾਬਾ ਫਰੀਦ ਨੂੰ ਬਹੁਤ ਪਿਆਰ ਕਰਦੇ ਸੀ, ਪਰ ਉਨ੍ਹਾਂ ਨੇ ਕਦੇ ਕਲਮਾ ਨਹੀਂ ਪੜ੍ਹਿਆ। ਆਖ਼ਰ ਅਜਿਹਾ ਕਿਉਂ ? ਮੌਲਾਨਾ ਇੱਥੇ ਹੀ ਨਹੀਂ ਰੁਕਦਾ। ਅੱਗੋਂ ਉਹ ਕਹਿਣ ਲੱਗਦਾ ਹੈ ਕਿ ਸੱਚਾ ਮੁਸਲਮਾਨ ਉਹ ਹੈ ਜੋ ਕਲਮਾ ਪੜ੍ਹਦਾ ਹੈ।ਟਵਿਟਰ 'ਤੇ ਸ਼ੇਅਰ ਕੀਤੀ ਵੀਡੀਓ ਵਿੱਚ ਮੌਲਾਨਾ ਕਹਿੰਦੇ ਹਨ, ਕਿ ਪਾਕਿਸਤਾਨ ਸਿੱਖਾਂ ਲਈ ਯੂਨੀਵਰਸਿਟੀਆਂ ਬਣਾਉਣ ਲਈ ਨਹੀਂ ਬਣਿਆ ਸੀ। ਸਿੱਖਾਂ ਨੂੰ ਲਾਂਘਾ ਦੇਣ ਲਈ ਵੀ ਨਹੀਂ ਬਣਾਇਆ ਗਿਆ। ਇਹ ਰਸੂਲ ਅੱਲ੍ਹਾ ਦੇ ਧਰਮ ਨੂੰ ਗੱਦੀ 'ਤੇ ਬਿਠਾਉਣ ਲਈ ਹੀ ਬਣਾਇਆ ਗਿਆ ਹੈ। ਮੌਲਾਨਾ ਵੀਡੀਓ 'ਚ ਅੱਗੇ ਕਹਿੰਦਾ ਹੈ ਕਿ ਜਿਸ ਨੂੰ ਸਿੱਖਾਂ ਨਾਲ ਬਹੁਤਾ ਪਿਆਰ ਹੈ ਉਸ ਨੂੰ ਅੰਮ੍ਰਿਤਸਰ ਚਲੇ ਜਾਣਾ ਚਾਹੀਦਾ ਹੈ। ਉੱਥੇ ਜਾ ਕੇ ਸਿੱਖਾਂ ਨਾਲ ਹੱਥ ਮਿਲਾਓ ਤੇ ਗੀਤ ਗਾਓ।

ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਪਾਕਿਸਤਾਨ ਦੇ ਮੁਸਲਮਾਨ ਮੌਲਾਨਾ ਦੀ ਕਾਫੀ ਆਲੋਚਨਾ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਕਿ ਮੌਲਾਨਾ ਨੇ ਗਰੂ ਦੀ ਆਲੋਚਨਾ ਕਰਕੇ ਇਸਲਾਮ ਵਿਰੋਧੀ ਪ੍ਰਚਾਰ ਕੀਤਾ ਹੈ।ਪਾਕਿਸਤਾਨ ਸਰਕਾਰ ਨੂੰ ਇਸ ਬਾਰੇ ਸਖਤ ਕਾਨੂੰਨੀ ਐਕਸ਼ਨ ਲੈਣਾ ਚਾਹੀਦਾ ਹੈ।

## ਜ਼ੀਰਾ ਸ਼ਰਾਬ .ਫੈਕਟਰੀ ਮਾਮਲੇ 'ਚ ਸਰਕਾਰ ਵੱਲੋਂ ਹਾਈਕੋਰਟ 'ਚ ਹਲ.ਫਨਾਮਾ ਦਾਇਰ

ਚੰਡੀਗੜ੍ਹ/ਏ.ਟੀ.ਨਿਊਜ਼ :- ਹਾਈਕੋਰਟ 'ਚ ਜ਼ੀਰਾ ਸ਼ਰਾਬ ਫ਼ੈਕਟਰੀ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਹਲਫ਼ਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਕਿ ਇਸ ਮੁੱਦੇ 'ਤੇ ਬੀਤੀ 14 ਫਰਵਰੀ ਨੂੰ ਮੁੱਖ ਮੰਤਰੀ ਦੀ ਅਗਵਾਈ ਵਿੱਚ ਉੱਚ ਅਧਿਕਾਰੀਆਂ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਨਾਲ ਇਕ ਮੀਟਿੰਗ ਹੋਈ ਸੀ, ਜਿਸ ਵਿੱਚ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਉਨ੍ਹਾਂ ਨੇ 3 ਫਰਵਰੀ, 2023 ਦੇ ਹੁਕਮ ਰਾਹੀਂ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਮਾਲਬਰੋਸ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਨੂੰ ਕੰਮ ਕਰਨ ਲਈ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਜਾਣਕਾਰੀ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ ਵਲੋਂ ਦਾਇਰ ਹਲਫ਼ਨਾਮੇ ਰਾਹੀਂ ਪੰਜਾਬ ਸਰਕਾਰ ਵਲੋਂ ਸਾਂਝੀ ਕੀਤੀ ਗਈ। ਹਲਫ਼ਨਾਮਾ ਜਸਟਿਸ ਵਿਨੋਦ ਐਸ. ਭਾਰਦਵਾਜ ਦੀ ਬੈਂਚ ਅੱਗੇ ਦਾਇਰ ਕੀਤਾ ਗਿਆ। ਹੁਣ ਇਸ ਮਾਮਲੇ ਦੀ ਸੁਣਵਾਈ 18 ਅਪ੍ਰੈਲ ਨੂੰ ਹੋਵੇਗੀ। ਪੰਜਾਬ ਸਰਕਾਰ ਵਲੋਂ ਹਲਫ਼ਨਾਮਾ 23 ਦਸੰਬਰ, 2022 ਦੇ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਵਿੱਚ ਦਾਇਰ ਕੀਤਾ ਗਿਆ ਹੈ।

## ਅਮਰੀਕਾ 'ਚ ਟਰੱਕ ਨੇ ਦੋ ਸਾਈਕਲ ਸਵਾਰਾਂ ਨੂੰ ਕੁਚਲਿਆ, 2 ਦੀ ਮੌਤ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਐਰੀਜ਼ੋਨਾ ਰਾਜ ਵਿਚ ਇਕ ਪਿਕਅੱਪ ਟਰੱਕ ਨੇ ਸਾਈਕਲ ਸਵਾਰਾਂ ਦੇ ਇਕ ਗਰੁੱਪ ਨੂੰ ਕੁਚਲ ਦਿੱਤਾ ਜਿਸ ਦੇ ਸਿੱਟੇ ਵਜੋਂ 2 ਸਾਈਕਲ ਸਵਾਰਾਂ ਦੀ ਮੌਤ ਹੋ ਗਈ ਤੇ 11 ਹੋਰ ਜ਼ਖਮੀ ਹੋ ਗਏ ਜਿਨੱਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਟਰੱਕ ਨੂੰ ਪੈਡਰੋ ਕੁਇਨਟਾਨਾ ਲੂਜਾਨ (26 ਸਾਲ) ਨਾਮੀ ਵਿਅਕਤੀ ਚਲਾ ਰਿਹਾ ਸੀ ਜਿਸ ਨੂੰ ਕਤਲ ਤੇ ਹਮਲਾ ਕਰਨ ਸਮੇਤ ਹੋਰ ਕਈ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਹੈ। ਗੁੱਡਈਅਰ ਪੁਲਿਸ ਅਨੁਸਾਰ ਇਹ ਹਾਦਸਾ ਪੱਛਮੀ ਫੋਨਿਕਸ ਵਿਚ ਤਕਰੀਬਨ 19 ਮੀਲ ਦੂਰ ਕਾਟਨ ਲੇਨ ਬ੍ਰਿਜ

(ਬਾਕੀ ਸਫ਼ਾ 31 'ਤੇ)

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਮਾਮਲਾ ਸੀਬੀਆਈ ਵੱਲੋਂ ਆਬਕਾਰੀ ਨੀਤੀ ਘੁਟਾਲੇ 'ਚ ਸਿਸੋਦੀਆ ਗ੍ਰਿਫਤਾਰੀ ਦਾ

# ਸਿਸੋਦੀਆ ਤੇ ਸਤੇਂਦਰ ਜੈਨ ਨੇ ਦਿੱਤਾ ਅਸਤੀਫ਼ਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਬੀਤੇ ਦਿਨੀਂ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੇ ਆਪਣੇ ਮੰਤਰੀ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹੁਣ ਦੋਵਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ। ਦੱਸ ਦੇਈਏ ਕਿ ਮਨੀਸ਼ ਸਿਸੋਦੀਆ ਨੂੰ ਸੀਬੀਆਈ ਨੇ ਦਿੱਲੀ ਦੀ ਨਵੀਂ ਆਬਕਾਰੀ ਨੀਤੀ (2021-22) ਘੁਟਾਲੇ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ, ਜਦੋਂਕਿ ਸਤੇਂਦਰ ਜੈਨ ਨੂੰ 30 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਫਿਲਹਾਲ ਉਹ ਤਿਹਾੜ ਜੇਲ੍ਹ ਵਿਚ ਬੰਦ ਹੈ।

ਆਬਕਾਰੀ ਨੀਤੀ ਮਾਮਲੇ ਵਿੱਚ ਮੁਸੀਬਤ ਵਿੱਚ ਫਸੇ ਮਨੀਸ਼ ਸਿਸੋਦੀਆ ਨੇ ਆਪਣੀ ਗ੍ਰਿਫ਼ਤਾਰੀ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਸਿਸੋਦੀਆ ਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਪਟੀਸ਼ਨ ਖਾਰਜ ਕਰਦਿਆਂ ਅਦਾਲਤ ਨੇ ਕਿਹਾ ਸੀ ਕਿ ਤੁਹਾਡੇ ਕੋਲ ਦਿੱਲੀ ਹਾਈ ਕੋਰਟ ਵਿੱਚ ਜ਼ਮਾਨਤ ਪਟੀਸ਼ਨ ਸਮੇਤ ਕਈ ਕਾਨੂੰਨੀ ਉਪਾਅ ਉਪਲਬਧ ਹਨ।

ਸੀਬੀਆਈ ਦੁਆਰਾ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ




'ਆਪ' ਲਈ ਪ੍ਰੇਸ਼ਾਨ ਕਰਨ ਵਾਲੀ ਘਟਨਾ ਹੈ। ਇਹ ਗ੍ਰਿਫ਼ਤਾਰੀ ਦਿੱਲੀ ਵਿੱਚ ਲਾਗੂ ਕੀਤੀ ਆਬਕਾਰੀ ਨੀਤੀ ਦੇ ਸਬੰਧ 'ਚ ਹੋਈ ਹੈ। ਇਸ ਨਾਲ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵਿਚਲਾ ਟਕਰਾਅ ਵਧਿਆ ਹੈ ਅਤੇ 'ਆਪ' ਇਹ ਦੋਸ਼ ਲਗਾ ਰਹੀ ਕਿ ਭਾਜਪਾ ਬਦਲਾ ਲੈਣ ਦੀ ਭਾਵਨਾ ਤਹਿਤ ਕੰਮ ਕਰਦਿਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ।

ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਨੇ ਜੁਲਾਈ 2022 ਵਿੱਚ ਸੂਬੇ 'ਚ ਲਾਗੂ ਕੀਤੀ ਆਬਕਾਰੀ ਨੀਤੀ ਨੂੰ ਰੱਦ ਕਰ ਕੇ ਇਸ ਦੀ ਤਫ਼ਤੀਸ਼ ਸੀਬੀਆਈ ਤੋਂ ਕਰਵਾਉਣ ਦੀ ਸਿਫ਼ਾਰਸ਼ ਕੀਤੀ। ਇਹ ਦੋਸ਼ ਲਗਾਇਆ ਜਾ ਰਿਹਾ ਹੈ ਕਿ ਅਧਿਕਾਰੀਆਂ ਨੇ ਸ਼ਰਾਬ ਦੇ ਵਪਾਰੀਆਂ ਨੂੰ ਕਈ ਤਰ੍ਹਾਂ ਦੇ ਫ਼ਾਇਦੇ ਪਹੁੰਚਾਉਣ ਲਈ ਰਿਸ਼ਵਤ ਲਈ। ਇਹ ਦੋਸ਼ ਲਗਾਏ ਗਏ ਕਿ ਇਨ੍ਹਾਂ ਵਪਾਰੀਆਂ ਨੂੰ ਲਾਇਸੈਂਸ ਦੇਣ ਅਤੇ ਲਾਇਸੈਂਸ ਫੀਸ ਵਿਚ ਛੋਟਾਂ ਦੇਣ ਜਿਹੇ ਫ਼ਾਇਦੇ ਪਹੁੰਚਾਏ ਗਏ। ਲੋਕਾਂ ਵਿੱਚ ਵੀ ਇਹ ਪ੍ਰਭਾਵ ਗਿਆ ਹੈ ਕਿ ਆਬਕਾਰੀ ਨੀਤੀ ਵਿੱਚ ਕੁਝ ਕਮੀਆਂ ਤਾਂ ਜ਼ਰੂਰ ਹੋਣਗੀਆਂ ਜਿਸ ਕਾਰਨ ਇਸ ਨੂੰ ਰੱਦ ਕਰ ਦਿੱਤਾ ਗਿਆ, 'ਆਪ' ਨੂੰ ਚਾਹੀਦਾ ਸੀ ਕਿ ਇਸ ਮਾਮਲੇ ਬਾਰੇ ਸਪੱਸ਼ਟ ਉੱਤਰ ਦਿੰਦੀ ਅਤੇ ਮਾਮਲੇ 'ਚ ਪਾਰਦਰਸ਼ਤਾ ਲਿਆਉਂਦੀ। ਹੁਣ ਇਹ ਜ਼ਿੰਮਾ ਸੀਬੀਆਈ ਦਾ ਹੈ ਕਿ ਉਹ ਸਿਸੋਦੀਆ ਵਿਰੁੱਧ ਸਿੱਕੇਬੰਦ ਸਬੂਤ ਪੇਸ਼ ਕਰ ਕੇ ਇਹ ਸਾਬਤ ਕਰੇ ਕਿ ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਗ਼ਲਤ ਕਾਰਵਾਈ ਲਈ ਜ਼ਿੰਮੇਵਾਰ ਸੀ।

ਪਤਾ ਲੱਗਾ ਹੈ ਕਿ ਸੀ.ਬੀ.ਆਈ. ਤੇ ਈ.ਡੀ. ਵਲੋਂ ਪੰਜਾਬ ਦੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਤੋਂ ਮੁਢਲੀ ਪੁੱਛਗਿੱਛ ਹੋ ਚੁੱਕੀ ਹੈ ਹੁਣ ਸਮਝਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀਆਂ ਪੰਜਾਬ ਦੇ ਅਧਿਕਾਰੀਆਂ ਨੂੰ ਵੀ ਕੇਸ ਵਿੱਚ ਬਕਾਇਦਾ ਸ਼ਾਮਿਲ ਕਰ ਸਕਦੀਆਂ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਵਲੋਂ ਸ਼ਰਾਬ ਦੇ ਵੱਡੇ ਕਾਰੋਬਾਰੀ ਦੀਪ ਮਲਹੋਤਰਾ ਦੇ (ਬਾਕੀ ਸਫ਼ਾ 30 'ਤੇ)

### ਕਾਂਗਰਸ ਤੇ ਭਾਜਪਾ ਨੇ ਪੰਜਾਬ ਦੀ ਸ਼ਰਾਬ ਨੀਤੀ ਨੂੰ ਲੈ ਕੇ ਈ.ਡੀ. ਦੀ ਜਾਂਚ ਦੀ ਮੰਗ ਚੁੱਕੀ

ਚੰਡੀਗੜ੍ਹ :- ਦਿੱਲੀ ਦੀ ਆਬਕਾਰੀ ਨੀਤੀ ਨਾਲ ਸੰਬੰਧਿਤ ਮਾਮਲੇ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ ਮਗਰੋਂ ਹੁਣ ਪੰਜਾਬ ਦੀ ਆਬਕਾਰੀ ਨੀਤੀ ਦੀ ਜਾਂਚ ਦੀ ਮੰਗ ਉੱਠਣ ਲੱਗੀ ਹੈ। ਸਿਆਸੀ ਧਿਰਾਂ ਕਾਂਗਰਸ ਤੇ ਭਾਜਪਾ ਨੇ ਪੰਜਾਬ ਦੀ ਸ਼ਰਾਬ ਨੀਤੀ ਨੂੰ ਲੈ ਕੇ ਈ.ਡੀ. ਦੀ ਜਾਂਚ ਦੀ ਮੰਗ ਚੁੱਕੀ ਹੈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੀ ਸ਼ਰਾਬ ਨੀਤੀ ਦੀ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ 'ਆਪ' ਸਰਕਾਰ ਦੀ ਸ਼ਰਾਬ ਨੀਤੀ ਵੀ ਸ਼ੱਕੀ ਬਣ ਗਈ ਹੈ ।ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਦਿੱਲੀ ਵਾਂਗ ਪੰਜਾਬ ਵਿਚ ਸ਼ਰਾਬ ਨੀਤੀ ਦੀ ਜਾਂਚ ਹੋਵੇ ਤਾਂ ਵੱਡੇ ਖੁਲਾਸੇ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਆਬਕਾਰੀ ਨੀਤੀ ਵਿੱਚ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਸਾਹਮਣੇ ਆ ਸਕਦਾ ਹੈ।

**ਪੰਜਾਬ ਦੇ ਬਜਟ ਸੈਸ਼ਨ ਬਾਰੇ ਰੇੜਕਾ ਮੁੱਕਿਆ**

# ਰਾਜਪਾਲ ਵੱਲੋਂ 3 ਮਾਰਚ ਤੋਂ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ ਨੂੰ ਪ੍ਰਵਾਨਗੀ

## ਸੁਪਰੀਮ ਕੋਰਟ ਨੇ ਦੋਹਾਂ ਧਿਰਾਂ ਦੀ ਅਣਗਹਿਲੀ ਦਾ ਨੋਟਿਸ ਲਿਆ, ਕਿਹਾ ਕਿ ਮਿਲਕੇ ਚਲੋ

## ਫ਼ੈਸਲੇ ਨੂੰ ਜੇਤੂ ਨਜ਼ਰੀਏ ਨਾਲ ਦੇਖ ਰਹੀ ਹੈ ਆਮ ਆਦਮੀ ਪਾਰਟੀ

ਚੰਡੀਗੜ੍ਹ/ਏ.ਟੀ.ਨਿਊਜ਼ :- ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ 3 ਮਾਰਚ ਨੂੰ ਸਵੇਰ 10 ਵਜੇ ਬੁਲਾਏ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਉਸ ਮੌਕੇ ਦਿੱਤੀ ਗਈ ਹੈ ਜਦੋਂ ਇਹ ਕੇਸ ਸੁਪਰੀਮ ਕੋਰਟ ਵਿੱਚ ਸੁਣਵਾਈ ਅਧੀਨ ਸੀ। ਪੰਜਾਬ ਦੇ ਸੌਲੀਸਿਟਰ-ਜਨਰਲ ਤੁਸ਼ਾਰ ਮਹਿਤਾ ਨੇ ਸੁਣਵਾਈ ਦੌਰਾਨ ਰਾਜਪਾਲ ਵੱਲੋਂ ਬਜਟ ਇਜਲਾਸ ਸੱਦੇ ਜਾਣ ਸਬੰਧੀ ਹੀ ਲਏ ਗਏ ਫ਼ੈਸਲੇ ਨੂੰ ਰਿਕਾਰਡ 'ਤੇ ਰੱਖਿਆ।

ਤੁਸ਼ਾਰ ਮਹਿਤਾ ਨੇ ਸਿਖਰਲੀ ਅਦਾਲਤ ਨੂੰ ਰਾਜਪਾਲ ਦੇ ਹੁਕਮਾਂ ਤੋਂ ਜਾਣੂ ਕਰਾਇਆ ਜਿਸ ਨਾਲ ਬਜਟ ਸੈਸ਼ਨ 3 ਮਾਰਚ ਨੂੰ ਸ਼ੁਰੂ ਹੋਣ ਦੇ ਅੜਿੱਕੇ ਦੂਰ ਹੋ ਗਏ। ਮੁੱਖ ਮੰਤਰੀ ਤੇ ਰਾਜਪਾਲ ਦਰਮਿਆਨ ਬਜਟ ਸੈਸ਼ਨ ਨੂੰ ਲੈ ਕੇ ਚੱਲ ਰਿਹਾ ਟਕਰਾਅ ਫ਼ਿਲਹਾਲ ਸਮਾਪਤ ਹੋ



ਗਿਆ ਹੈ ਅਤੇ ਆਮ ਆਦਮੀ ਪਾਰਟੀ ਇਸ ਟਕਰਾਅ ਵਿਚੋਂ ਆਏ ਫ਼ੈਸਲੇ ਨੂੰ ਜੇਤੂ ਨਜ਼ਰੀਏ ਨਾਲ ਵੇਖ ਰਹੀ ਹੈ। ਪੰਜਾਬ ਦੇ ਸਿਆਸੀ ਹਲਕਿਆਂ ਦੀ ਨਜ਼ਰ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਟਿਕੀ ਹੋਈ ਸੀ। ਰਾਜਪਾਲ ਦੀ ਪ੍ਰਵਾਨਗੀ ਮਗਰੋਂ ਵਿਧਾਨ ਸਭਾ ਸਕੱਤਰੇਤ ਨੇ ਬਜਟ ਸੈਸ਼ਨ ਦੀ ਤਿਆਰੀ ਵਿੱਢ ਦਿੱਤੀ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜਸਟਿਸ ਪੀ. ਐੱਸ. ਨਰਮਿਸਹਾ ਦੇ ਬੈਂਚ ਨੇ ਬਜਟ ਸੈਸ਼ਨ ਦੇ ਮਾਮਲੇ 'ਤੇ ਸੁਣਵਾਈ ਕੀਤੀ। ਪੰਜਾਬ ਸਰਕਾਰ ਨੇ ਬੀਤੇ ਦਿਨੀਂ ਸੰਵਿਧਾਨ ਦੀ ਧਾਰਾ 32 ਤਹਿਤ ਪਟੀਸ਼ਨ ਦਾਇਰ ਕੀਤੀ ਸੀ ਅਤੇ ਪੰਜਾਬ ਸਰਕਾਰ ਤਰਫ਼ੋਂ ਸੀਨੀਅਰ ਐਡਵੋਕੇਟ ਅਭਿਸ਼ੇਕ ਮਨੂ ਸਿੰਘਵੀਂ ਪੇਸ਼ ਹੋਏ। ਚੇਤੇ ਰਹੇ ਕਿ 21 ਫਰਵਰੀ ਨੂੰ ਪੰਜਾਬ ਕੈਬਨਿਟ ਨੇ ਮੀਟਿੰਗ ਕਰਕੇ ਬਜਟ ਸੈਸ਼ਨ 3 ਮਾਰਚ ਤੋਂ 24 ਮਾਰਚ ਤੱਕ ਬੁਲਾਏ ਜਾਣ ਦੀ ਸਿਫ਼ਾਰਸ਼ ਰਾਜਪਾਲ ਨੂੰ ਭੇਜੀ ਸੀ ਪਰ ਰਾਜਪਾਲ ਨੇ ਬਜਟ ਸੈਸ਼ਨ ਬਾਰੇ ਫ਼ੌਰੀ ਫ਼ੈਸਲਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਰਾਜਪਾਲ ਨੇ 23 ਫਰਵਰੀ ਨੂੰ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਉਹ ਬਜਟ ਸੈਸ਼ਨ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਦੇ ਟਵੀਟਾਂ ਅਤੇ ਪੱਤਰਾਂ (ਜੋ ਰਾਜਪਾਲ ਨੂੰ ਲਿਖੇ ਗਏ ਸਨ) ਬਾਰੇ ਕਾਨੂੰਨੀ ਸਲਾਹ ਲੈਣਗੇ। ਪੰਜਾਬ ਸਰਕਾਰ ਨੇ ਇਸ ਪੱਤਰ ਨੂੰ ਹੀ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਸਿਖਰਲੀ ਅਦਾਲਤ ਨੇ ਦੋਹਾਂ ਧਿਰਾਂ ਦੀ ਅਣਗਹਿਲੀ ਦਾ ਨੋਟਿਸ ਲਿਆ ਅਤੇ ਖਿਚਾਈ ਵੀ ਕੀਤੀ ਸੀ।

ਅਦਾਲਤ ਨੇ ਕਿਹਾ ਕਿ ਜਿੱਥੇ ਰਾਜਪਾਲ ਵੱਲੋਂ ਸੰਵਿਧਾਨ ਦੀ ਧਾਰਾ 167 (ਬੀ) ਤਹਿਤ ਮੰਗੀ ਜਾਣਕਾਰੀ ਦੇਣ ਲਈ ਪੰਜਾਬ ਸਰਕਾਰ ਪਾਬੰਦ ਹੈ, ਉੱਥੇ ਨਾਲ ਹੀ ਬਜਟ ਸੈਸ਼ਨ ਬੁਲਾਏ ਜਾਣ ਲਈ ਪੰਜਾਬ ਕੈਬਨਿਟ ਵੱਲੋਂ ਕੀਤੀ ਸਿਫ਼ਾਰਸ਼ ਨੂੰ ਸਵੀਕਾਰ ਕਰਨਾ ਵੀ ਰਾਜਪਾਲ ਦਾ ਫ਼ਰਜ਼ ਹੈ। ਪੰਜਾਬ ਸਰਕਾਰ ਨੇ ਬਹਿਸ ਦੌਰਾਨ ਕਿਹਾ ਕਿ ਰਾਜਪਾਲ ਸੰਵਿਧਾਨ ਦੀ ਪਾਲਣਾ ਨਹੀਂ ਕਰ ਰਹੇ ਹਨ। ਦਾਇਰ ਕੀਤੀ ਗਈ ਪਟੀਸ਼ਨ 'ਚ ਕਿਹਾ ਗਿਆ ਕਿ ਸੰਵਿਧਾਨਿਕ ਵਿਵਸਥਾਵਾਂ ਮੁਤਾਬਿਕ ਰਾਜਪਾਲ ਨੂੰ ਕੈਬਨਿਟ ਵੱਲੋਂ ਦਿੱਤੀ ਗਈ ਸਲਾਹ ਅਨੁਸਾਰ ਵਿਧਾਨ ਸਭਾ ਦਾ ਸੈਸ਼ਨ ਬੁਲਾਇਆ (ਬਾਕੀ ਸਫ਼ਾ 30 'ਤੇ)

# ਪੰਜ ਦੇਸ਼ ਕਰਦੇ ਨੇ ਹਥਿਆਰਾਂ 'ਤੇ ਸਭ ਤੋਂ ਵੱਧ ਖ਼ਰਚਾ

## ਪੂਰੀ ਦੁਨੀਆਂ ਦੇ ਹਥਿਆਰਾਂ 'ਤੇ ਕੀਤੇ ਜਾਣ ਵਾਲੇ ਖ਼ਰਚੇ ਦਾ 62 ਫ਼ੀਸਦੀ ਅਮਰੀਕਾ, ਚੀਨ, ਭਾਰਤ, ਯੂ.ਕੇ. ਅਤੇ ਰੂਸ ਤੋਂ ਆਉਂਦਾ ਏ

ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਵੱਖ-ਵੱਖ ਮੁਲਕਾਂ ਵੱਲੋਂ ਕੀਤੇ ਜਾਣ ਵਾਲ਼ੇ ਫੌਜੀ ਖਰਚੇ 2000 ਅਰਬ ਡਾਲਰ ਦੇ ਅੰਕੜੇ ਨੂੰ ਪਾਰ ਕਰ ਚੁੱਕੇ ਹਨ। ਸਾਮਰਾਜੀ ਮੁਲਕਾਂ ਦੀ ਇਸ ਆਪਸੀ ਖਹਿਬਾਜੀ ਨੇ ਮਨੁੱਖਤਾ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜਾ ਕੀਤਾ ਹੈ। ਦੁਨੀਆਂ ਦੇ 5 ਵੱਡੇ ਮੁਲਕ, ਸੰਯੁਕਤ ਰਾਜ ਅਮਰੀਕਾ, ਚੀਨ, ਭਾਰਤ, ਯੂ.ਕੇ ਅਤੇ ਰੂਸ ਮਿਲ਼ ਕੇ ਹਥਿਆਰਾਂ 'ਤੇ ਸਭ ਤੋਂ ਵੱਧ ਖਰਚ ਕਰਦੇ ਹਨ। ਪੂਰੀ ਦੁਨੀਆਂ ਦੇ ਹਥਿਆਰਾਂ 'ਤੇ ਕੀਤੇ ਜਾਣ ਵਾਲ਼ੇ ਖਰਚੇ ਦਾ 62 ਫੀਸਦੀ ਇਹਨਾਂ ਮੁਲਕਾਂ ਤੋਂ ਆਉਂਦਾ ਹੈ। ਇਥੇ ਜਿਕਰਯੋਗ ਹੈ ਕਿ ਦੂਜੀ ਸੰਸਾਰ ਜੰਗ ਵਿੱਚ ਹਾਰ ਤੋਂ ਬਾਅਦ ਜਪਾਨ ਦੇ ਸੰਵਿਧਾਨ ਨੇ ਉਸਦੀ 'ਹਮਲਾਵਰ ਜੰਗੀ ਨੀਤੀ' 'ਤੇ ਰੋਕ ਲਾ ਦਿੱਤੀ ਸੀ ਕਿ ਜਪਾਨ ਕਦੀ ਵੀ ਕਿਸੇ ਮੁਲਕ ਉੱਤੇ ਹਮਲਾ ਨਹੀਂ ਕਰੇਗਾ। ਇਹ ਸਿਰਫ ਆਪਣੀ ਆਤਮ-ਰੱਖਿਆ ਲਈ ਹੀ ਹਥਿਆਰ ਰੱਖੇਗਾ। ਪਰ ਇਸ ਐਲਾਨ ਤੋਂ ਥੋੜ੍ਹੀ ਦੇਰ ਬਾਅਦ ਹੀ 1952 ਵਿੱਚ ਜਪਾਨ ਨੇ ਅਮਰੀਕਾ ਨਾਲ਼ ਕੌਮੀ ਰੱਖਿਆ ਦੇ ਨਾਂ 'ਤੇ ਗੱਠਜੋੜ ਬਣਾਇਆ ਜਿਸ ਤਹਿਤ ਹਵਾਈ, ਸਮੁੰਦਰੀ ਅਤੇ ਥਲ ਸੈਨਾ ਤਿਆਰ ਕੀਤੀਆਂ ਗਈਆਂ। ਪਰ ਪਿਛਲੇ ਦਿਨੀਂ ਜਪਾਨ ਦੀ ਸਰਕਾਰ ਨੇ ਫੌਜ ਨਾਲ਼ ਸਬੰਧਤ 'ਕੌਮੀ ਸੁਰੱਖਿਆ ਯੁੱਧਨੀਤੀ' ਦੇ ਨਾਮ ਹੇਠ ਇੱਕ ਦਸਤਾਵੇਜ ਜਾਰੀ ਕੀਤਾ। ਜਿਸ ਅਨੁਸਾਰ ਜਪਾਨ ਦੀ ਫੌਜ ਉੱਤੇ ਲੱਗੀਆਂ ਇਹ ਰੋਕਾਂ ਹਟਾ ਲਈਆਂ ਜਾਣਗੀਆਂ। ਜਪਾਨ ਪਹਿਲਾਂ ਆਪਣੀ ਕੁੱਲ ਘਰੇਲੂ ਪੈਦਾਵਾਰ ਦਾ 1 ਫੀਸਦੀ ਹਥਿਆਰਾਂ ਉੱਤੇ ਖਰਚ ਕਰਦਾ ਸੀ। ਪਰ ਹੁਣ ਇਸਨੇ 2027 ਤੱਕ ਕੁੱਲ ਘਰੇਲੂ ਪੈਦਾਵਾਰ ਦਾ 2 ਫੀਸਦੀ ਫੌਜੀ



ਖਰਚਿਆਂ ਉੱਤੇ ਲਾਉਣ ਦਾ ਟੀਚਾ ਮਿਥਿਆ ਹੈ। 2023 ਵਿੱਚ ਜਪਾਨ ਦੀ ਸਰਕਾਰ ਨੇ ਆਪਣੇ ਸੁਰੱਖਿਆ ਬਜਟ ਵਿੱਚ 20 ਫੀਸਦੀ ਦਾ ਵਾਧਾ ਕੀਤਾ ਹੈ ਜਿਸ ਨਾਲ਼ ਇਸਦਾ ਸੁਰੱਖਿਆ ਬਜਟ 6800 ਅਰਬ ਯੇਨ (ਜਪਾਨ ਦੀ ਮੁਦਰਾ) ਜਾਣੀ ਕਿ 55 ਅਰਬ ਅਮਰੀਕੀ ਡਾਲਰ ਕਰਨ ਦਾ ਐਲਾਨ ਕੀਤਾ ਹੈ। ਇਸ ਦਸਤਾਵੇਜ ਤਹਿਤ ਜਪਾਨ ਅਮਰੀਕਾ ਤੋਂ 1.6 ਅਰਬ ਡਾਲਰ ਦੀਆਂ ਟੋਮਾਹਾਕਸ ਅਤੇ ਕੁੱਝ ਹੋਰ ਕਰੂਜ ਮਿਸਾਇਲਾਂ ਖਰੀਦੇਗਾ। ਇਸਦੇ ਨਾਲ਼ ਹੀ ਜਪਾਨ ਅਮਰੀਕਾ ਨੂੰ 83 ਕਰੋੜ ਡਾਲਰ ਟੋਮਾਹਾਕਸ ਨੂੰ ਦਾਗਣ ਨਾਲ਼ ਸਬੰਧਤ ਯੰਤਰਾਂ ਅਤੇ ਸਾਫਟਵੇਅਰ ਤੇ ਖਰਚ ਕਰੇਗਾ। ਇਸ ਤੋਂ ਇਲਾਵਾ ਐੱਫ-35 ਏ. ਲੜਾਕੂ ਜਹਾਜਾਂ ਨੂੰ ਵੀ ਖਰੀਦਿਆ ਜਾਵੇਗਾ। 100 ਅਰਬ ਯੇਨ ਮਤਲਬ ਕਿ 76 ਲੱਖ ਡਾਲਰ ਸਾਈਬਰ ਸੁਰੱਖਿਆ 'ਤੇ ਖਰਚ ਕੀਤੇ ਜਾਣਗੇ ਤਾਂ ਜਪਾਨ ਦੀ ਸੁਰੱਖਿਆ ਤਕਨੀਕ ਅਤੇ ਸਨਅਤ ਨੂੰ ਬਚਾਇਆ ਜਾ ਸਕੇ। 15000 ਅਰਬ ਯੇਨ ਤੇਲ ਦੇ ਭੰਡਾਰਾਂ 'ਤੇ ਖਰਚ ਕੀਤੇ ਜਾਣਗੇ ਕਿਉਂਕਿ ਜਪਾਨ ਆਪਣਾ ਤੇਲ ਪੈਦਾ ਨਹੀਂ ਕਰਦਾ ਅਤੇ ਜੰਗ ਦੇ ਹਲਾਤਾਂ ਵਿੱਚ ਨਾਕਾਬੰਦੀ ਕਰਕੇ ਤੇਲ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦਸਤਾਵੇਜ ਅਨੁਸਾਰ ਜਪਾਨ ਨੂੰ ਸਭ ਤੋਂ ਵੱਧ ਖਤਰਾ ਚੀਨ ਤੋਂ ਹੈ, ਅਤੇ ਜਪਾਨ ਇਹ ਸਭ ਕੁੱਝ ਆਪਣੀ ਸਾਮਰਾਜੀ ਹੋਂਦ ਨੂੰ ਬਚਾਉਣ ਲਈ ਕਰ ਰਿਹਾ ਹੈ। ਜਪਾਨ ਦਾ ਚੀਨ ਦੇ ਨਾਲ਼ ਦੱਖਣੀ ਚੀਨ ਸਾਗਰ ਵਿੱਚ ਪੁਰਾਣਾ ਰੇੜਕਾ ਹੈ। ਇਸ ਤੋਂ ਇਲਾਵਾ ਜਪਾਨ ਯੂ.ਕੇ. ਅਤੇ ਇਟਲੀ ਦੀ ਮਦਦ ਨਾਲ ਲੜਾਕੂ ਜੈਟ ਵੀ ਬਣਾਏਗਾ। ਯਾਦ ਰਹੇ ਕਿ ਇਨ੍ਹਾਂ ਦੋਨਾਂ ਮੁਲਕਾਂ ਵਿੱਚ ਪਿਛਲੇ ਸਮੇਂ ਵਿੱਚ ਆਰਥਕ ਅਤੇ ਸਿਆਸੀ ਦੋਨਾਂ ਪੱਧਰਾਂ 'ਤੇ ਕਾਫੀ ਤਬਦੀਲੀਆਂ ਆਈਆਂ ਹਨ। ਯੂਕੇ ਦੀ ਆਰਥਿਕਤਾ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

1 ਮਾਰਚ ਤੋਂ 8 ਮਾਰਚ, 2023

## ਬਿਜਲ ਸੱਥ ਤੋਂ ਸੰਵਾਦ ਵੱਲ ਪਰਤਣ ਦੀ ਲੋੜ

ਪੁਰਾਤਨ ਵੇਲ਼ਿਆਂ ਦੇ ਬਣੇ ਗੁਰਦੁਆਰਾ ਸਾਹਿਬ ਜੇ ਗੌਰ ਨਾਲ ਵੇਖੀਏ ਤਾਂ ਉੱਥੇ ਅੰਦਰ ਬਹੁਤ ਥੋੜ੍ਹੀ ਥਾਂ ਹੁੰਦੀ ਹੈ, ਕਈ ਸਥਾਨਾਂ 'ਤੇ ਤਾਂ ਕੇਵਲ ਪ੍ਰਕਰਮਾ ਜਿੰਨੀ ਹੀ ਥਾਂ ਹੁੰਦੀ ਹੈ। ਇੱਕ ਦਫ਼ਾ ਇੱਕ ਜਾਣਕਾਰ ਨੇ ਦੱਖਣ ਵਿੱਚ ਇਸੇ ਤਰ੍ਹਾਂ ਦੇ ਇੱਕ ਸਥਾਨ 'ਤੇ ਕਿਸੇ ਬਜ਼ੁਰਗ ਨੂੰ ਪੁੱਛਿਆ ਕਿ ਇਹ ਇੰਨੀ ਘੱਟ ਥਾਂ 'ਚ ਕਿਉਂ ਬਣੇ ਹਨ ਜਦਕਿ ਉਸ ਵਕਤ ਤਾਂ ਸਿੱਖਾਂ ਕੋਲ ਜਮੀਨਾਂ ਵੀ ਬਹੁਤ ਹੁੰਦੀਆਂ ਸਨ। ਇਸ ਸਵਾਲ ਦੇ ਉੱਤਰ ਵਿੱਚ ਬਜ਼ੁਰਗ ਨੇ ਕਿਹਾ ਕਿ ਪਹਿਲਾਂ ਗੁਰਦੁਆਰਾ ਸਾਹਿਬ ਸੰਗਤ ਕਰਨ ਲਈ ਬਣਾਏ ਜਾਂਦੇ ਸਨ, ਲੈਕਚਰ ਕਰਨ ਲਈ ਨਹੀਂ। ਇਹ ਗੱਲ ਦੀ ਗੰਭੀਰਤਾ ਨੂੰ ਮਹਿਸੂਸ ਕਰਕੇ ਹੁਣ ਮੌਜੂਦਾ ਚਲਣ ਦੀ ਤਸਵੀਰ ਬਹੁਤ ਸੌਖਾਲੀ ਸਮਝ ਪੈ ਜਾਂਦੀ ਹੈ। ਉਦੋਂ ਥੋੜੇ ਸਰੀਰ ਜੁੜਦੇ ਸਨ ਤੇ ਜੋ ਵਿਚਾਰ ਕਰਦੇ ਸਨ ਉਸਦੇ 'ਚ ਵਜ਼ਨ ਹੁੰਦਾ ਸੀ। ਹੁਣ ਗੱਲ ਉਲਟ ਗਈ ਹੈ, ਹੁਣ ਬਿਜਲ ਸੱਥ (ਸੋਸ਼ਲ ਮੀਡੀਆ) ਦੀ ਵਰਤੋਂ ਇਸ ਕਦਰ ਹੋ ਰਹੀ ਹੈ ਕਿ ਹਰ ਇੱਕ ਦੇ ਹੱਥ ਵਿੱਚ ਫੋਨ ਹੈ ਤੇ ਜਿਸਦਾ ਜੋ ਦਿਲ ਕਰ ਰਿਹਾ ਉਹ ਲਿਖ ਰਿਹਾ, ਬੋਲ ਰਿਹਾ ਤੇ ਪ੍ਰਚਾਰ ਰਿਹਾ। ਹੁਣ ਵਿਚਾਰਾਂ ਦਾ ਵਜ਼ਨ ਹੌਲਾ ਹੋ ਗਿਆ ਤੇ ਗੱਲ ਥੋੜੇ ਬੰਦਿਆਂ ਦੀ ਥਾਂ ਵੱਡੇ ਹਿੱਸੇ ਤੱਕ ਪਹੁੰਚ ਰਹੀ ਹੈ। ਲਗਾਤਾਰ ਇਹ ਰੁਝਾਨ ਵੱਧ-ਫੁਲ ਰਿਹਾ ਹੈ ਜਿਸ ਕਾਰਨ ਸਿੱਖਾਂ ਦਾ ਆਪਸੀ ਕਲੇਸ਼ ਬਹੁਤ ਵੱਧ ਰਿਹਾ ਹੈ ਤੇ ਆਪਸੀ ਪਾੜਾ ਵੀ ਲਗਾਤਰ ਵਧਦਾ ਜਾ ਰਿਹਾ ਹੈ।

ਹੁਣ ਜਦੋਂ ਰਾਜਨੀਤਕ ਤੌਰ 'ਤੇ ਹਰ ਪਾਸੇ ਹਾਲਾਤ ਅਸਥਿਰਤਾ ਵੱਲ ਜਾ ਰਹੇ ਹਨ ਤਾਂ ਇਸ ਤਰ੍ਹਾਂ ਦੇ ਅਮਲ ਜਿਸ ਨਾਲ ਸਿੱਖਾਂ ਵਿੱਚ ਪਾੜਾ ਵਧ ਰਿਹਾ ਹੈ ਇਹ ਸਿੱਖਾਂ ਲਈ ਜਿੰਨੇ ਵੱਧ ਖਤਰਨਾਕ ਹਨ ਉਨਾ ਹੀ ਦਿੱਲੀ ਦਰਬਾਰ ਇਸ ਪਾੜੇ ਨੂੰ ਵਧਾਉਣ ਦੇ ਕੰਮ ਤੇਜ਼ੀ ਨਾਲ ਕਰੇਗਾ ਅਤੇ ਕਰ ਵੀ ਰਿਹਾ ਹੈ। ਸਿੱਖਾਂ ਦੇ ਮਸਲਿਆਂ, ਸਿੱਖ ਦੇ ਆਪਸੀ ਮਤਭੇਦਾਂ ਅਤੇ ਅਜਿਹੇ ਮੁੱਦਿਆਂ ਜਿਨ੍ਹਾਂ 'ਤੇ ਸਿੱਖ ਇੱਕਮੱਤ ਨਹੀਂ ਹਨ, ਉਨ੍ਹਾਂ ਨੂੰ ਲਗਾਤਾਰ ਉਭਾਰਿਆ ਜਾ ਰਿਹਾ ਹੈ। ਇਸ ਸਭ ਵਿੱਚ ਵੱਡੀ ਗੱਲ ਇਹ ਵੀ ਹੈ ਕਿ ਬਦਨਾਮ ਵੀ ਸਿੱਖਾਂ ਨੂੰ ਹੀ ਕੀਤਾ ਜਾ ਰਿਹਾ ਹੈ ਅਤੇ ਲਗਾਤਰ ਸਿੱਖਾਂ ਖਿਲਾਫ ਅਜਿਹਾ ਬਿਰਤਾਂਤ ਬਣਾਇਆ ਜਾ ਰਿਹਾ ਹੈ। ਇਸ ਵਕਤ ਆਪੋ ਧਾਪੀ ਦਾ ਮਾਹੌਲ ਕਿਸੇ ਵੀ ਤਰ੍ਹਾਂ ਸਿੱਖਾਂ ਦੇ ਹਿੱਤ ਵਿੱਚ ਨਹੀਂ ਹੈ।

ਇਸ ਸਭ ਦੇ ਚੱਲਦਿਆਂ ਸਿੱਖ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਉਣ ਵਾਲਿਆਂ ਸ਼ਖਸੀਅਤਾਂ ਜਿਨ੍ਹਾਂ ਵਿੱਚ ਭਾਈ ਦਲਜੀਤ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਬੀਤੇ ਦਿਨੀਂ ਬਿਆਨ ਜਾਰੀ ਕਰਦਿਆਂ ਇਸ ਵਰਤਾਰੇ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਨਾਲ ਹੀ ਇਸ ਸਾਰੇ 'ਚੋਂ ਨਿਕਲਣ ਲਈ ਹੱਲ ਵੀ ਦੱਸਿਆ ਹੈ। ਉਨ੍ਹਾਂ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਦਿੱਲੀ ਦਰਬਾਰ ਜਿੱਥੇ ਇਕ ਪਾਸੇ ਗਿਣੇ-ਮਿੱਥੇ ਤਰੀਕੇ ਨਾਲ ਇਕੋ ਸਮੇਂ ਸਿੱਖਾਂ ਦੇ ਸਾਰੇ ਮਸਲੇ ਉਛਾਲ ਕੇ ਮਾਹੌਲ ਗਰਮਾ ਰਿਹਾ ਹੈ ਓਥੇ ਦੂਜੇ ਪਾਸੇ ਇਸ ਵੱਲੋਂ ਸਿੱਖ ਸਫਾਂ ਵਿਚਲੀ ਧੜੇਬੰਦੀ ਨੂੰ ਹਵਾ ਦਿੱਤੀ ਜਾ ਰਹੀ ਹੈ। ਹਾਲੀਆ ਘਟਨਾਵਾਂ ਦਰਸਾਉਂਦੀਆਂ ਹਨ ਕਿ ਦਿੱਲੀ ਦਰਬਾਰ ਧੜਿਆਂ ਵਿਚਲੇ ਵਖਰੇਂਵਿਆਂ ਨੂੰ ਵੀ ਫੁੱਟ ਤੱਕ ਵਧਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਦਿੱਲੀ ਦਰਬਾਰ ਵੱਲੋਂ ਸਿੱਖਾਂ 'ਚ ਆਪਹੁਦਰੇਪਣ, ਫੁੱਟ ਅਤੇ ਬੇਇਤਫਾਕੀ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਬਿਜਲ-ਸੱਥ ਜਾਂ ਸੋਸ਼ਲ ਮੀਡੀਆ ਦੀ ਬੇਲਗਾਮ ਅਤੇ ਗੈਰ-ਜਿੰਮੇਵਾਰੀ ਵਾਲੀ ਟਿੱਪਣੀਬਾਜ਼ੀ ਇਸ ਸਾਰੇ ਮਾਹੌਲ ਨੂੰ ਬਹੁਤੀ ਤੇਜ਼ੀ ਨਾਲ ਅਤੇ ਵੱਡੇ ਪੱਧਰ ਉੱਤੇ ਭੜਕਾਉਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਸੰਘਰਸ਼ ਦੇ ਹਮਾਇਤੀ ਸਿੱਖ ਹਿੱਸੇ ਵੀ ਸੋਸ਼ਲ ਮੀਡੀਆ ਦੀ ਤਾਕਤ ਨੂੰ ਦਿੱਲੀ ਦਰਬਾਰ ਦੀਆਂ ਸਾਜਿਸ਼ਾਂ ਬੇਨਕਾਬ ਕਰਨ ਲਈ ਵਰਤਣ ਦੀ ਬਜਾਏ ਬਿਜਲ-ਸੱਥ ਉੱਤੇ ਇਕ ਦੂਜੇ ਨਾਲ ਹੀ ਉਲਝ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਵਿਚਲੀ ਅਸਥਿਰਤਾ ਦੇ ਮੱਦੇਨਜ਼ਰ ਇਹ ਸਮੇਂ ਦੀ ਭਾਰੀ ਲੋੜ ਹੈ ਕਿ ਪੰਥਕ ਰਵਾਇਤਾਂ ਤੋਂ ਸੇਧ ਲੈ ਕੇ ਗੁਰੂ ਖਾਲਸਾ ਪੰਥ ਦੀ ਸਾਂਝੀ ਰਾਏ ਦਾ ਪ੍ਰਗਟਾਓ ਕਰਨ ਦਾ ਅਮਲ, ਭਾਵ ਕਿ ਗੁਰਮਤਾ ਵਿਧੀ, ਪੁਨਰ-ਸਥਾਪਤ ਕੀਤੀ ਜਾਵੇ। ਇਸੇ ਤਰ੍ਹਾਂ ਗੁਰੂ ਸਾਹਿਬ ਵੱਲੋਂ ਬਖਸ਼ੇ ਆਦਰਸ਼ਾਂ ਦੀ ਰੌਸ਼ਨੀ ਵਿਚ ਪੰਚ ਪ੍ਰਧਾਨੀ ਪ੍ਰਣਾਲੀ ਤਹਿਤ ਸਾਂਝੀ ਅਗਵਾਈ (ਲੀਡਰਸ਼ਿਪ) ਉਭਾਰਨ ਦੀ ਪੰਥਕ ਜੁਗਤ ਅਪਨਾਉਣ ਦੀ ਲੋੜ ਹੈ। ਸਿੱਖਾਂ ਨੂੰ ਆਪ-ਹੁਦਰੇਪਣ ਅਤੇ ਬੇਇਤਫਾਕੀ ਵਧਾਉਣ ਵਾਲੇ ਵਿਹਾਰ ਤੋਂ ਕਿਨਾਰਾ ਕਰ ਕੇ 'ਗੁਰੂ ਕੇ ਸਿੱਖਾਂ' ਅਤੇ ਇਕ ਦੂਜੇ ਪ੍ਰਤੀ 'ਗੁਰ-ਭਾਈ' ਵਾਲਾ ਅਮਲ ਅਪਨਾਉਣਾ ਚਾਹੀਦਾ ਹੈ। ਇਸ ਵੇਲੇ ਸਭ ਨੂੰ ਚਾਹੀਦਾ ਹੈ ਕਿ ਗੁਰੂ ਖਾਲਸਾ ਪੰਥ ਅਤੇ ਗੁਰ-ਸੰਗਤ ਵਿਚ ਅੰਦਰੂਨੀ ਕਤਾਰਬੰਦੀ ਸਹੀ ਕਰਨ ਲਈ ਸੁਹਿਰਦ ਯਤਨ ਕਰਨ।

ਜਿਕਰਯੋਗ ਹੈ ਕਿ ਪਿਛਲੇ ਕਰੀਬ ਛੇ ਮਹੀਨਿਆਂ ਤੋਂ ਲਗਾਤਾਰ ਇਨ੍ਹਾਂ ਸ਼ਖਸੀਅਤਾਂ ਵੱਲੋਂ ਅਜਿਹੇ ਯਤਨ ਜਮੀਨੀ ਪੱਧਰ 'ਤੇ ਕੀਤੇ ਵੀ ਜਾ ਰਹੇ ਹਨ। ਸਿੱਖ ਸਫ਼ਾ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਜਿੰਮੇਵਾਰੀਆਂ ਨਿਭਾ ਰਹੀਆਂ ਸ਼ਖਸੀਅਤਾਂ ਨੂੰ ਮਿਲਣ ਦੀ, ਸੰਵਾਦ ਕਰਨ ਦੀ ਕਵਾਇਦ ਚਲਾਈ ਜਾ ਰਹੀ ਹੈ। ਜੋ ਕਿ ਇਸ ਸਾਰੇ ਮੌਜੂਦਾ ਚਲਣ ਵਿੱਚ ਇੱਕ ਵੱਡੀ ਆਸ ਦਾ ਅਮਲ ਹੈ। ਇਸ ਵੇਲੇ ਜਦੋਂ ਹਰ ਪਾਸੇ ਆਪੋ ਧਾਪੀ ਹੈ ਅਤੇ ਆਪਣੀ ਮੱਤ ਅਨੁਸਾਰ ਬਿਜਲ ਸੱਥ ਉੱਤੇ ਇੱਕ ਦੂਜੇ ਬਾਰੇ ਲਿਖਿਆ ਬੋਲਿਆ ਜਾ ਰਿਹਾ ਹੈ ਤਾਂ ਸਿੱਖਾਂ ਦੇ ਇੱਕ ਹਿੱਸੇ ਵੱਲੋਂ ਆਪਣੀ ਰਵਾਇਤ ਅਨੁਸਾਰ ਅਜਿਹੇ ਯਤਨ ਕਰਨਾ ਬਹੁਤ ਵੱਡੇ ਮਾਅਨੇ ਰੱਖਦਾ ਹੈ।

ਜਿਹੜੀ ਗੱਲ ਸਾਡੀ ਹੋਏਗੀ, ਜਿਹੜਾ ਅਮਲ ਸਾਡਾ ਹੋਵੇਗਾ, ਉਸ ਦੇ ਨਤੀਜੇ ਹੀ ਗੁਰੂ ਆਸ਼ੇ ਅਨੁਸਾਰ ਹੋ ਸਕਣਗੇ। ਗੁਰੂ ਪਾਤਸ਼ਾਹ ਮਿਹਰ ਕਰਨ ਅਸੀਂ ਬਿਜਲ ਸੱਥ ਦੀ ਸਾਰਥਿਕ ਵਰਤੋਂ ਕਰਨ ਵੱਲ ਨੂੰ ਪਰਤਦਿਆਂ ਆਪਣੀ ਰਵਾਇਤ ਅਨੁਸਾਰ ਸੰਗਤੀ ਰੂਪ ਵਿੱਚ ਮਿਲ ਬੈਠ ਕੇ ਵਿਚਾਰਾਂ ਕਰਨ ਦੇ ਅਮਲ ਵਿੱਚ ਪੈ ਸਕੀਏ ਅਤੇ ਦਿੱਲੀ ਦਰਬਾਰ ਦੀ ਸਿੱਖਾਂ ਵਿੱਚ ਪਾੜਾ ਵਧਾਉਣ ਦੀ ਨੀਤੀ ਨੂੰ ਨੱਕਾ ਲਾ ਸਕੀਏ।

-ਸੰਪਾਦਕ

# ਕੀ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਉਣਾ ਈਸ਼ਨਿੰਦਾ ਹੈ ?



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ



ਕੀ ਕਿਸੇ ਮੁੱਖ ਮੰਤਰੀ, ਪ੍ਰਧਾਨ ਮੰਤਰੀ ਅਤੇ ਸਰਕਾਰ ਦੀ ਆਲੋਚਨਾ ਸਮਾਜ ਦੀ ਆਲੋਚਨਾ ਹੈ ? ਕੀ ਭਾਜਪਾ ਨੂੰ ਇਸ ਗੱਲ ਦਾ ਹੰਕਾਰ ਹੋ ਗਿਆ ਹੈ ਕਿ ਉਹੀ ਸਮਾਜ ਹੈ ਅਤੇ ਇਹ ਭਰਮ ਪਾਲਿਆ ਹੈ ਕਿ ਉਹ ਸਾਰੇ ਸਮਾਜ ਦਾ ਭਗਵਾਨ ਹੈ ? ਉਸ ਦੀ ਆਲੋਚਨਾ ਕਰਨਾ, ਉਸ ਦਾ ਮਜ਼ਾਕ ਉਡਾਉਣਾ ਈਸ਼ਨਿੰਦਾ ਹੈ ? (ਸੁਪਰੀਮ ਕੋਰਟ ਨੇ ਇੱਕ ਵਾਰ ਫਿਰ ਭਾਰਤੀ ਲੋਕਤੰਤਰ ਦੀ ਇੱਜ਼ਤ ਨੂੰ ਬਚਾਇਆ ਹੈ।

ਉਸ ਨੇ ਕਾਂਗਰਸ ਪਾਰਟੀ ਦੇ ਆਗੂ ਪਵਨ ਖੇੜਾ ਨੂੰ ਅੰਤ੍ਰਿਮ ਜ਼ਮਾਨਤ ਦੇਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਪਵਨ ਖੇੜਾ ਵਿਰੁੱਧ ਵੱਖ-ਵੱਖ ਰਾਜਾਂ ਵਿੱਚ ਦਰਜ ਐਫ.ਆਈ.ਆਰਜ਼ ਨੂੰ ਵੀ ਇਕੱਤਰ ਕਰਨ ਦੇ ਹੁਕਮ ਦਿੱਤੇ ਹਨ। ਇਸ ਨੇ ਇਹ ਵੀ ਕਿਹਾ ਕਿ ਉਹ ਖੇੜਾ ਦੇ ਵਕੀਲ ਨਾਲ ਸਹਿਮਤ ਹੈ ਕਿ ਐਫਆਈਆਰ ਵਿਚ ਦਰਜ ਧਾਰਾਵਾਂ ਉਸ 'ਤੇ ਲਗਾਏ ਗਏ ਦੋਸ਼ਾਂ ਨਾਲ ਮੇਲ ਨਹੀਂ ਖਾਂਦੀਆਂ। ਖੇੜਾ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮਜ਼ਾਕ ਉਡਾਉਣ ਦਾ ਦੋਸ਼ ਹੈ। ਕੀ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਉਣ ਨਾਲ ਭਾਈਚਾਰਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ ? ਕੀ ਇਸ ਵਿਅੰਗ ਭਰਪੂਰ ਟਿੱਪਣੀ ਕਾਰਨ ਸਮਾਜ ਵਿੱਚ ਨਫਰਤ ਫੈਲ ਸਕਦੀ ਹੈ ? ਕੀ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਉਣ ਲਈ ਕਿਸੇ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ ? ਅਸੀਂ ਇਨ੍ਹਾਂ ਸਵਾਲਾਂ 'ਤੇ ਗੱਲ ਕਰਾਂਗੇ ਪਰ ਇਸ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਗ੍ਰਿਫਤਾਰੀ ਤੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਗ੍ਰਿਫਤਾਰੀ ਦਾ ਤਰੀਕਾ। ਖੇੜਾ ਰਾਏਪੁਰ ਵਿੱਚ ਕਾਂਗਰਸ ਦੇ ਇਜਲਾਸ 'ਚ ਸ਼ਾਮਲ ਹੋਣ ਲਈ ਪਾਰਟੀ ਦੇ ਹੋਰ ਮੈਂਬਰਾਂ ਨਾਲ ਜਹਾਜ਼ ਵਿੱਚ ਸਵਾਰ ਹੋਏ ਸਨ। ਉਨ੍ਹਾਂ ਨੂੰ ਝੂਠ ਬੋਲ ਕੇ ਜਹਾਜ਼ ਤੋਂ ਹੇਠਾਂ ਉਤਾਰਨ ਲਈ ਮਜਬੂਰ ਕੀਤਾ ਗਿਆ। ਹਵਾਈ ਪੱਟੀ 'ਤੇ ਉਸ ਨੂੰ ਦੱਸਿਆ ਗਿਆ ਕਿ ਦਿੱਲੀ ਦੇ ਸੀਨੀਅਰ ਪੁਲਿਸ ਅਧਿਕਾਰੀ ਉਸ ਨੂੰ ਮਿਲਣਾ ਚਾਹੁੰਦੇ ਹਨ। ਲੰਬੇ ਸਮੇਂ ਦੀ ਉਡੀਕ ਕਰਨ ਤੋਂ ਬਾਅਦ, ਉਸ ਨੂੰ ਦੱਸਿਆ ਗਿਆ ਕਿ ਅਸਾਮ ਪੁਲਿਸ ਨੇ ਦਿੱਲੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਹੈ ਕਿ ਉਸ ਦੇ ਖਿਲਾਫ ਦਰਜ ਐਫਆਈਆਰ ਲਈ ਉਸ ਨੂੰ ਗ੍ਰਿਫਤਾਰ ਕੀਤਾ ਜਾਣਾ ਹੈ। ਅਸਾਮ ਪੁਲਿਸ ਦੀ ਟੀਮ ਰਵਾਨਾ ਹੋ ਚੁੱਕੀ ਹੈ। ਭਾਰਤ ਵਿੱਚ ਪੁਲਿਸ ਦੇ ਕੰਮ ਬਾਰੇ ਹਰ ਕੋਈ ਜਾਣਦਾ ਹੈ। ਜਿਵੇਂ ਹੀ ਕੋਈ ਐਫਆਈਆਰ ਦਰਜ ਹੁੰਦੀ ਹੈ, ਜੋ ਨਾ ਤਾਂ ਕਤਲ ਦੀ ਹੈ ਅਤੇ ਨਾ ਹੀ ਕਿਸੇ ਗੈਂਗ ਹਿੰਸਾ ਦੀ, ਇੰਨੀ ਚੁਸਤੀ ਤੇ ਹੁਸ਼ਿਆਰੀ ਕਿ ਪੁਲਿਸ ਦੀ ਪੂਰੀ ਟੁਕੜੀ 1000 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੈਅ ਕਰਕੇ ਅਸਾਮ ਤੋਂ ਦਿੱਲੀ ਪਹੁੰਚ ਜਾਵੇ, ਇਹ ਸਾਡੇ ਸਾਰਿਆਂ ਲਈ ਹੈਰਾਨੀ ਵਾਲੀ ਗੱਲ ਹੈ। ਪਰ ਅਸੀਂ ਕੁਝ ਸਮਾਂ ਪਹਿਲਾਂ ਅਜਿਹਾ ਹੀ ਡਰਾਮਾ ਦੇਖਿਆ ਹੈ। ਗੁਜਰਾਤ ਤੋਂ ਕਾਂਗਰਸੀ ਵਿਧਾਇਕ ਜਿਗਨੇਸ਼ ਮੇਵਾਨੀ ਨੂੰ ਪ੍ਰਧਾਨ ਮੰਤਰੀ 'ਤੇ ਵਿਅੰਗ ਕਰਨ ਲਈ ਰਾਤੋ-ਰਾਤ ਗੁਜਰਾਤ ਪਹੁੰਚ ਕੇ ਅਸਾਮ ਪੁਲਿਸ ਨੇ ਨਾ ਸਿਰਫ਼ ਗ੍ਰਿਫ਼ਤਾਰ ਕੀਤਾ, ਸਗੋਂ ਉਨ੍ਹਾਂ ਨੂੰ ਤੁਰੰਤ ਜਹਾਜ਼ ਵਿਚ ਅਸਾਮ ਲੈ ਗਏ। ਉਸ 'ਤੇ ਸਮਾਜ ਵਿੱਚ ਅਸ਼ਾਂਤੀ ਫੈਲਾਉਣ ਦਾ ਵੀ ਦੋਸ਼ ਸੀ।

ਜਿਗਨੇਸ਼ ਮੇਵਾਨੀ ਨੂੰ ਕੁਝ ਦਿਨ ਅਸਾਮ ਦੀ ਜੇਲ੍ਹ ਵਿੱਚ ਕੱਟਣੇ ਪਏ ਸਨ। ਜਦੋਂ ਇੱਕ ਅਦਾਲਤ ਨੇ ਇਸ ਮਾਮਲੇ ਵਿੱਚ ਉਸ ਨੂੰ ਜ਼ਮਾਨਤ ਦਿੱਤੀ ਤਾਂ ਅਸਾਮ ਪੁਲਿਸ ਨੇ ਉਸ ਦੇ ਖਿਲਾਫ ਇੱਕ ਹੋਰ ਮਾਮਲਾ ਦਰਜ ਕੀਤਾ ਕਿ ਉਸ ਨੇ ਪੁਲਿਸ ਦੀ ਗੱਡੀ ਵਿੱਚ ਇੱਕ ਮਹਿਲਾ ਪੁਲਿਸ ਕਾਂਸਟੇਬਲ ਦੀ ਕੁੱਟਮਾਰ ਕੀਤੀ ਸੀ। ਅਦਾਲਤ ਨੇ ਫਿਰ ਇਸ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ। ਇੰਨਾ ਹੀ ਨਹੀਂ, ਅਦਾਲਤ ਨੇ ਅਸਾਮ ਪੁਲਿਸ ਨੂੰ ਝੂਠਾ ਕੇਸ ਦਰਜ ਕਰਨ ਲਈ ਤਾੜਨਾ ਕੀਤੀ ਅਤੇ ਸਲਾਹ ਦਿੱਤੀ ਕਿ ਉਹ ਆਪਣੇ ਆਪ ਨੂੰ ਸੁਧਾਰ ਲਵੇ। ਇਸ ਤਾੜਨਾ ਤੋਂ 10 ਮਹੀਨੇ ਬਾਅਦ ਉਹੀ ਐਕਟ ਦੁਹਰਾ ਕੇ ਅਸਾਮ ਪੁਲਿਸ ਨੇ ਸਾਬਤ ਕਰ ਦਿੱਤਾ ਕਿ ਉਸ ਦਾ ਆਪਣੇ ਆਪ ਨੂੰ ਸੁਧਾਰਨ ਦਾ ਕੋਈ ਇਰਾਦਾ ਨਹੀਂ ਸੀ। ਜਦੋਂ ਜਿਗਨੇਸ਼ ਮੇਵਾਨੀ ਨੂੰ ਇੱਕ ਅਜਿਹੇ ਹੀ ਮਾਮਲੇ ਵਿੱਚ ਅਸਾਮ ਦੀ ਅਦਾਲਤ ਵੱਲੋਂ ਤੁਰੰਤ ਜ਼ਮਾਨਤ ਦੇ ਦਿੱਤੀ ਗਈ ਤਾਂ ਅਸਾਮ ਪੁਲਿਸ ਨੂੰ ਪਵਨ ਖੇੜਾ ਨੂੰ ਗ੍ਰਿਫ਼ਤਾਰ ਕਰਨ ਵਿੱਚ ਆਪਣੀ ਤਾਕਤ ਬਰਬਾਦ ਕਰਨ ਦੀ ਲੋੜ ਨਹੀਂ ਸੀ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਦਾ ਫ਼ੈਸਲਾ ਕਿਸੇ ਸਥਾਨਕ ਪੁਲਿਸ ਥਾਣੇ ਨੇ ਨਹੀਂ ਕੀਤਾ ਹੋਵੇਗਾ। ਇਸ ਦਾ ਮਤਲਬ ਇਹ ਵੀ ਹੈ ਕਿ ਭਾਜਪਾ ਸ਼ਾਸਿਤ ਰਾਜਾਂ ਵਿੱਚ ਪੁਲਿਸ ਆਪਣੀ ਪੇਸ਼ੇਵਰ ਬੁੱਧੀ ਦੀ ਵਰਤੋਂ ਨਹੀਂ ਕਰਦੀ ਹੈ।

ਅਸਾਮ ਪੁਲਿਸ ਦੇ ਨਾਲ-ਨਾਲ ਦਿੱਲੀ ਪੁਲਿਸ ਨੇ ਵੀ ਇਹ ਸਾਬਤ ਕਰ ਦਿੱਤਾ ਕਿ ਉਹ ਕਾਨੂੰਨ ਦੀ ਪਾਲਣਾ ਕਰਨ ਦੀ ਥਾਂ ਸੱਤਾਧਾਰੀ ਭਾਜਪਾ ਦੀ ਇੱਕ ਸ਼ਾਖਾ ਵਜੋਂ ਕੰਮ ਕਰਨਾ ਆਪਣਾ ਫਰਜ਼ ਸਮਝਦੀ ਹੈ। ਇਸ ਦੀ ਇਹ ਚੁਸਤੀ, ਦੂਜੇ ਸੂਬਿਆਂ ਨਾਲ ਸਹਿਯੋਗ ਕਰਨ ਦੀ ਪੇਸ਼ਕਾਰੀ ਇਨ੍ਹਾਂ ਮਾਮਲਿਆਂ ਵਿਚ ਗਾਇਬ ਹੋ ਜਾਂਦੀ ਹੈ, ਜਿਨ੍ਹਾਂ ਵਿਚ ਭਾਜਪਾ ਨਾਲ ਜੁੜੇ ਲੋਕ ਦੋਸ਼ੀ ਹੁੰਦੇ ਹਨ। ਭਾਜਪਾ ਦੀ ਸਰਕਾਰ ਵਾਲੇ ਦੂਜੇ ਰਾਜਾਂ ਵਿਚ ਵੀ ਇਹ ਦੇਖਿਆ ਗਿਆ ਹੈ ਕਿ ਪੁਲਿਸ ਨਾ ਸਿਰਫ ਭਾਜਪਾ ਸਮਰਥਕਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਹਿਯੋਗ ਨਹੀਂ ਕਰਦੀ, ਸਗੋਂ ਰੁਕਾਵਟ ਵੀ ਪਾਉਂਦੀ ਹੈ।

ਇਹ ਗੱਲ ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀ ਪੁਲਿਸ ਨੇ ਕਈ ਮਾਮਲਿਆਂ ਵਿੱਚ ਸਾਬਤ ਕਰ ਦਿੱਤੀ ਹੈ। ਪਵਨ ਖੇੜਾ ਨੂੰ ਜਿਸ ਤਰੀਕੇ ਨਾਲ ਘੇਰਿਆ ਗਿਆ, ਜਿਵੇਂ ਕਿ ਪੁਲਿਸ ਵਾਲੇ ਉਸ ਨੂੰ ਬਾਂਹ ਤੋਂ ਫੜ ਕੇ ਘਸੀਟ ਰਹੇ ਸਨ, ਉਹ ਚਿੰਤਾ ਦਾ ਵਿਸ਼ਾ ਹੈ। ਕੀ ਪੁਲਿਸ ਆਪਣਾ ਕੰਮ ਕਰ ਰਹੀ ਹੈ ਜਾਂ ਸਰਕਾਰ ਦੇ ਵਿਰੋਧੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਵਿਚ ਅਨੰਦ ਲੈ ਰਹੀ ਹੈ ?

ਇਸ ਗ੍ਰਿਫ਼ਤਾਰੀ ਦਾ ਅੰਦਾਜ਼ ਤੇ ਨਾਟਕੀਕਰਨ ਦਾ ਮਕਸਦ ਆਮ ਲੋਕਾਂ ਅਤੇ ਸਿਆਸੀ ਵਰਗ ਵਿਚ ਵੀ ਦਹਿਸ਼ਤ ਪੈਦਾ ਕਰਨਾ ਹੈ ਕਿ ਤੁਸੀਂ ਸਰਕਾਰ ਦੀ ਆਲੋਚਨਾ ਨਹੀਂ ਕਰ ਸਕਦੇ, ਤੁਸੀਂ ਸਰਕਾਰ ਜਾਂ ਸਰਕਾਰ ਮੁਖੀ 'ਤੇ ਵਿਅੰਗ ਵੀ ਨਹੀਂ ਕਰ ਸਕਦੇ। ਜਦਕਿ ਪ੍ਰਧਾਨ ਮੰਤਰੀ ਖੁਦ ਅਤੇ ਉਨ੍ਹਾਂ ਦੀ ਪਾਰਟੀ ਦੇ ਬਾਕੀ ਸਾਰੇ ਲੋਕ ਨਫਰਤੀ, ਹਿੰਸਕ ਅਤੇ ਘਟੀਆ ਬਿਆਨ ਦੇਣ ਲਈ ਆਜ਼ਾਦ ਹਨ। ਆਪਣੇ ਸਿਆਸੀ ਵਿਰੋਧੀਆਂ ਦੇ ਖਿਲਾਫ ਹੀ ਨਹੀਂ ਸਗੋਂ ਮੁਸਲਮਾਨਾਂ ਅਤੇ ਈਸਾਈਆਂ ਦੇ ਖਿਲਾਫ ਵੀ। ਭਾਜਪਾ ਵਿਚ ਇਸ ਨੂੰ ਇੱਕ ਜਾਇਜ਼ ਸਿਆਸੀ ਭਾਸ਼ਾ ਮੰਨਿਆ ਜਾਂਦਾ ਹੈ। ਸਰਕਾਰੀ ਵਕੀਲ ਨੇ ਪਵਨ ਖੇੜਾ ਦੇ ਉਸ ਦੇ ਮਜ਼ਾਕ ਤੇ ਵਿਵਹਾਰ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ ਕਿ ਆਖਿਰ ਕੋਈ ਚੁਣੇ ਹੋਏ ਪ੍ਰਧਾਨ ਮੰਤਰੀ ਦਾ ਮਜ਼ਾਕ ਕਿਵੇਂ ਉਡਾ ਸਕਦਾ ਹੈ ? ਇਹ ਮਜ਼ਾਕ ਲੋਕਾਂ ਵਿੱਚ ਅਵਿਸ਼ਵਾਸ ਪੈਦਾ ਕਰ ਸਕਦਾ ਹੈ। ਇਹ ਇੱਕ ਤਰ੍ਹਾਂ ਦੀ ਗੱਦਾਰੀ ਹੈ।

ਸੁਆਲ ਤਾਂ ਇਹ ਹੈ ਕਿ ਜੇਕਰ ਲੋਕਤੰਤਰ ਵਿਚ ਪ੍ਰਧਾਨ ਮੰਤਰੀ ਦਾ ਮਜ਼ਾਕ ਨਹੀਂ ਕੀਤਾ ਜਾਵੇਗਾ ਤਾਂ ਉਨ੍ਹਾਂ ਦੀ ਥਾਂ ਹੋਰ ਕਿੱਥੇ ਹੋਵੇਗੀ ? ਵਿਰੋਧੀ ਧਿਰ ਦਾ ਕੰਮ ਸਰਕਾਰ ਦੀ ਨਿਗਰਾਨੀ ਕਰਨਾ ਹੈ ਅਤੇ ਉਸ ਦੇ ਕੰਮ ਜਾਂ ਫੈਸਲੇ ਦੇ ਵਿਰੁੱਧ ਲੋਕ ਰਾਏ ਤਿਆਰ ਕਰਨਾ ਹੈ ਜਿਸ ਨੂੰ ਉਹ ਗਲਤ ਸਮਝਦੀ ਹੈ। ਨਹੀਂ ਤਾਂ ਲੋਕਤੰਤਰ ਹੋਰ ਕੀ ਹੈ ? ਇਹ ਕਹਿਣਾ ਕਿ ਉਹ ਪ੍ਰਧਾਨ ਮੰਤਰੀ ਦੀ ਨਿਖੇਧੀ ਕਰਕੇ ਸਮਾਜ ਵਿੱਚ ਨਫ਼ਰਤ ਫੈਲਾ ਰਿਹਾ ਹੈ, ਗੰਧਲੇਪਣ ਤੋਂ ਵੱਧ ਕੁਝ ਨਹੀਂ ਹੈ।

ਪਵਨ ਖੇੜਾ ਦੀ ਗ੍ਰਿਫ਼ਤਾਰੀ ਲਈ ਦਿੱਲੀ ਏਅਰਪੋਰਟ ਦੀ ਘੇਰਾਬੰਦੀ ਤੋਂ ਪਹਿਲਾਂ ਗਾਇਕ ਨੇਹਾ ਸਿੰਘ ਰਾਠੌਰ ਦੇ ਘਰ ਸੂਬਾ ਪੁਲਿਸ ਪਹੁੰਚੀ ਅਤੇ ਉਸ ਨੂੰ ਇੱਕ ਪ੍ਰਸ਼ਨ ਪੱਤਰ ਸੌਂਪਿਆ। ਉਸ ਨੇ ਕਈ ਸਵਾਲਾਂ ਦੇ ਜਵਾਬ ਦੇਣੇ ਹਨ। ਉਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਇਹ ਹੈ ਕਿ ਉਸ ਦਾ ਗੀਤ ਉੱਤਰ ਪ੍ਰਦੇਸ਼ ਵਿਚ ਬੇਚੈਨੀ ਫੈਲਾ ਰਿਹਾ ਹੈ, ਕੀ ਉਸ ਨੂੰ ਇਸ ਬਾਰੇ ਪਤਾ ਹੈ ? ਨੇਹਾ ਦਾ ਗੀਤ ਵਿਅੰਗ ਅਤੇ ਗੁੱਸੇ ਵਾਲਾ ਵਿਅੰਗ ਹੈ। ਸਰਕਾਰ ਅਤੇ ਇਸ ਦੀ ਮਸ਼ੀਨਰੀ 'ਤੇ ਵਿਅੰਗ ਹੈ। ਸਰਕਾਰ ਬੇਸ਼ੱਕ ਇਸ ਤੋਂ ਨਾਰਾਜ਼ ਹੋ ਸਕਦੀ ਹੈ, ਪਰ ਇਸ ਗੀਤ ਨਾਲ ਸਮਾਜ ਨੂੰ ਕਿਵੇਂ ਠੇਸ ਪਹੁੰਚ ਸਕਦੀ ਹੈ ? ਕੀ ਮੁੱਖ ਮੰਤਰੀ, ਪ੍ਰਧਾਨ ਮੰਤਰੀ ਅਤੇ ਸਰਕਾਰ ਦੀ ਆਲੋਚਨਾ ਸਮਾਜ ਦੀ ਆਲੋਚਨਾ ਹੈ ? ਕੀ ਭਾਜਪਾ ਨੂੰ ਇਸ ਗੱਲ ਦਾ ਹੰਕਾਰ ਹੋ ਗਿਆ ਹੈ ਕਿ ਉਹ ਸਮਾਜ ਹੈ ਅਤੇ ਜਿਸ ਦੀ ਆਲੋਚਨਾ ਭਗਵਾਨ ਦੀ ਨਿੰਦਾ ਹੈ।ਕੀ ਉਹ ਸਾਰੇ ਸਮਾਜ ਦਾ ਭਗਵਾਨ ਹੈ ? ਕੀ ਉਸ ਦੀ ਆਲੋਚਨਾ ਕਰਨਾ, ਉਸ ਦਾ ਮਜ਼ਾਕ ਉਡਾਉਣਾ ਈਸ਼ਨਿੰਦਾ ਹੈ ? ਭਾਜਪਾ ਨੇ ਬੇਸ਼ੱਕ ਲੋਕਤੰਤਰ ਨੂੰ ਤਿਆਗ ਦਿੱਤਾ ਹੈ, ਪਰ ਭਾਰਤ ਦੇ ਇੱਕ ਵੱਡੇ ਵਰਗ ਨੇ ਉਨ੍ਹਾਂ ਨੂੰ ਲੋਕਤੰਤਰ ਦਾ ਅਧਿਕਾਰ ਨਹੀਂ ਸੌਂਪਿਆ ਹੈ। ਇਸ ਦੀ ਇੱਕ ਕੀਮਤ ਹੈ ਪਰ ਉਹ ਲੋਕਤੰਤਰ ਲਈ ਇਹ ਕੀਮਤ ਚੁਕਾਉਣ ਲਈ ਤਿਆਰ ਹੈ।

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’

ਸਰਬਜੀਤ ਕੌਰ ਸਰਬ

ਭਾਗ-8

## ਵਿਸ਼ਵ ਬੈਂਕ : ਅੰਤਰਰਾਸ਼ਟਰੀ ਵਿੱਤੀ ਸੰਸਥਾ

## ਅਜੋਕੇ ਸਮੇਂ ਵਿਸ਼ਵ ਬੈਂਕ ਦੀ ਕਮਾਨ ਸਿੱਖ ਦੇ ਹੱਥ





ਨਿਊ ਵਰਲਡ ਆਰਡਰ ਦੀ ਵਿਸ਼ੇਸ਼ ਕੜੀ ਵਿਸ਼ਵ ਬੈਂਕ ਹੈ ਜੋ ਇੱਕ ਅੰਤਰਰਾਸ਼ਟਰੀ ਵਿੱਤੀ ਸੰਸਥਾ ਹੈ ਜੋ ਪੂੰਜੀ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਦੇ ਉਦੇਸ਼ ਲਈ ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਕਰਜ਼ੇ ਅਤੇ ਅਨੁਦਾਨ ਪ੍ਰਦਾਨ ਕਰਦੀ ਹੈ। ਵਿਸ਼ਵ ਬੈਂਕ ਪੁਨਰ ਨਿਰਮਾਣ ਅਤੇ ਵਿਕਾਸ ਲਈ ਅੰਤਰਰਾਸ਼ਟਰੀ ਬੈਂਕ (IBRD) ਅਤੇ ਅੰਤਰਰਾਸ਼ਟਰੀ ਵਿਕਾਸ ਐਸੋਸੀਏਸ਼ਨ (941) ਦਾ ਸਮੂਹਿਕ ਨਾਮ ਹੈ ਜੋ ਵਿਸ਼ਵ ਬੈਂਕ ਸਮੂਹ ਦੀ ਮਲਕੀਅਤ ਵਾਲੀਆਂ ਪੰਜ ਅੰਤਰਰਾਸ਼ਟਰੀ ਸੰਸਥਾਵਾਂ ਵਿੱਚੋਂ ਹੈ। ਵਿਸ਼ਵ ਬੈਂਕ 1944 ਦੇ ਬ੍ਰੈਟਨ ਵੁੱਡਜ਼ ਕਾਨਫਰੰਸ ਵਿੱਚ ਅੰਤਰਰਾਸ਼ਟਰੀ ਮੁਦਰਾ ਫੰਡ ਦੇ ਨਾਲ ਸਥਾਪਿਤ ਕੀਤਾ ਗਿਆ ਸੀ। ਸ਼ੁਰੂਆਤ ਵਿੱਚ ਇਸ ਦਾ ਪਹਿਲਾ ਕਰਜ਼ਾ 1947 ਵਿੱਚ ਫਰਾਂਸ ਨੂੰ ਦਿੱਤਾ ਗਿਆ ਸੀ। 1970 ਦੇ ਦਹਾਕੇ ਅਤੇ 1980 ਦੇ ਦਹਾਕੇ ਵਿੱਚ ਇਸ ਨੇ ਆਪਣੇ ਪਿਹਲੇ ਮਿਸ਼ਨ ਤੋਂ ਦੂਰ ਹੋ ਕੇ, ਵਿਕਾਸਸ਼ੀਲ ਵਿਸ਼ਵ ਦੇਸ਼ਾਂ ਨੂੰ ਕਰਜ਼ਿਆਂ ’ਤੇ ਧਿਆਨ ਕੇਂਦਰਿਤ ਕੀਤਾ। ਪਿਛਲੇ 30 ਸਾਲਾਂ ਤੋਂ, ਇਸ ਨੇ ਆਪਣੇ ਲੋਨ ਪੋਰਟਫੋਲੀਓ ਵਿੱਚ ਗੈਰ ਸਰਕਾਰੀ ਸੰਗਠਨਾਂ ਅਤੇ ਵਾਤਾਵਰਣ ਸਮੂਹਾਂ ਨੂੰ ਸ਼ਾਮਲ ਕੀਤਾ ਸੀ। ਇਸ ਦੀ ਕਰਜ਼ਾ ਰਣਨੀਤੀ ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਦੇ ਨਾਲ-ਨਾਲ ਵਾਤਾਵਰਣ ਅਤੇ ਸਮਾਜਿਕ ਸੁਰੱਖਿਆ ਦੁਆਰਾ ਪ੍ਰਭਾਵਿਤ ਹੈ।

2022 ਤੱਕ, ਵਿਸ਼ਵ ਬੈਂਕ ਨੂੰ ਇੱਕ ਪ੍ਰਧਾਨ ਅਤੇ 25 ਕਾਰਜਕਾਰੀ ਨਿਰਦੇਸ਼ਕਾਂ ਦੇ ਨਾਲ-ਨਾਲ 29 ਵੱਖ-ਵੱਖ ਉਪ ਪ੍ਰਧਾਨਾਂ ਦੁਆਰਾ ਚਲਾਇਆ ਜਾਂਦਾ ਹੈ। IBRD ਅਤੇ 941 ਦੇ ਕ੍ਰਮਵਾਰ 189 ਮੈਂਬਰ ਅਤੇ 174 ਦੇਸ਼ ਹਨ। ਅਮਰੀਕਾ, ਜਾਪਾਨ, ਚੀਨ, ਜਰਮਨੀ ਅਤੇ ਯੂ.ਕੇ. ਕੋਲ ਸਭ ਤੋਂ ਵੱਧ ਵੋਟਿੰਗ ਸ਼ਕਤੀ ਹੈ। ਬੈਂਕ ਦਾ ਉਦੇਸ਼ ਗਰੀਬੀ ਘਟਾਉਣ ਵਿੱਚ ਮਦਦ ਕਰਨ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਕਰਜ਼ਾ ਦੇਣਾ ਹੈ। ਬੈਂਕ ਕਈ ਗਲੋਬਲ ਸਾਂਝੇਦਾਰੀ ਅਤੇ ਪਹਿਲਕਦਮੀਆਂ ਵਿੱਚ ਰੁੱਝਿਆ ਹੋਇਆ ਹੈ, ਅਤੇ ਜੋ ਜਲਵਾਯੂ ਪਰਿਵਰਤਨ ਨੂੰ ਹੱਲ ਕਰਨ ਲਈ ਕੰਮ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਵਿਸ਼ਵ ਬੈਂਕ ਕਈ ਸਿਖਲਾਈ ਵਿੰਗਾਂ ਦਾ ਸੰਚਾਲਨ ਕਰਦਾ ਹੈ ਅਤੇ ਇਹ ਕਲੀਨ ਏਅਰ ਇਨੀਸ਼ੀਏਟਿਵ ਅਤੇ ਸੰਯੁਕਤ ਰਾਸ਼ਟਰ ਵਿਕਾਸ ਕਾਰੋਬਾਰ ਨਾਲ ਕੰਮ ਕਰਦਾ ਹੈ। ਇਸ ਦੇ ਨਾਲ ਹੀ ਇਹ ਓਪਨ ਡਾਟਾ ਇਨੀਸ਼ੀਏਟਿਵ ਦੇ ਅੰਦਰ ਕੰਮ ਕਰਦਾ ਹੈ ਅਤੇ ਇੱਕ ਓਪਨ ਗਿਆਨ ਭੰਡਾਰ ਦੀ ਮੇਜ਼ਬਾਨੀ ਕਰਦਾ ਹੈ।

ਵਿਸ਼ਵ ਬੈਂਕ ਦੀ ਮਹਿੰਗਾਈ ਨੂੰ ਉਤਸ਼ਾਹਿਤ ਕਰਨ ਅਤੇ ਆਰਥਿਕ ਵਿਕਾਸ ਨੂੰ ਨੁਕਸਾਨ ਪਹੁੰਚਾਉਣ ਦੇ ਤੌਰ ’ਤੇ ਆਲੋਚਨਾ ਕੀਤੀ ਜਾ ਰਹੀ ਹੈ, ਜਿਸ ਕਾਰਨ 1988 ਅਤੇ 2000 ਵਿੱਚ ਵਿਰੋਧ ਪ੍ਰਦਰਸ਼ਨ ਵੀ ਹੋਏ। ਕੋਵਿਡ-19 ਮਹਾਂਮਾਰੀ ਪ੍ਰਤੀ ਬੈਂਕ ਦੇ ਸ਼ਾਸਨ ਅਤੇ ਜਵਾਬ ਦੀ ਵੀ ਲੋਕਾਂ ਵੱਲੋਂ ਸਖ਼ਤ ਆਲੋਚਨਾ ਕੀਤੀ ਗਈ ਹੈ।

**ਵਿਸ਼ਵ ਬੈਂਕ ਦਾ ਇਤਿਹਾਸ**

ਵਿਸ਼ਵ ਬੈਂਕ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐਮਐਫ) ਦੇ ਨਾਲ 1944 ਵਿੱਚ ਬ੍ਰੈਟਨ ਵੁੱਡਜ਼ ਕਾਨਫਰੰਸ ਵਿੱਚ ਬਣਾਇਆ ਗਿਆ ਸੀ। ਵਿਸ਼ਵ ਬੈਂਕ ਦਾ ਪ੍ਰਧਾਨ ਰਵਾਇਤੀ ਤੌਰ ’ਤੇ ਇੱਕ ਅਮਰੀਕੀ ਹੁੰਦਾ ਹੈ। ਵਿਸ਼ਵ ਬੈਂਕ ਅਤੇ IMF ਦੋਵੇਂ ਵਾਸ਼ਿੰਗਟਨ, ਡੀ.ਸੀ. ਵਿੱਚ ਅਧਾਰਤ ਹਨ, ਅਤੇ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਦੇ ਹਨ। ਮਾਊਂਟ ਵਾਸ਼ਿੰਗਟਨ ਹੋਟਲ ਵਿੱਚ ਗੋਲਡ ਰੂਮ ਜਿੱਥੇ ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੀ ਸਥਾਪਨਾ ਕੀਤੀ ਗਈ ਸੀ, ਹਾਲਾਂਕਿ ਬ੍ਰੈਟਨ ਵੁੱਡਜ਼ ਕਾਨਫਰੰਸ ਵਿੱਚ ਬਹੁਤ ਸਾਰੇ ਦੇਸ਼ਾਂ ਦੀ ਨੁਮਾਇੰਦਗੀ ਕੀਤੀ ਗਈ ਸੀ, ਸੰਯੁਕਤ ਰਾਜ ਅਤੇ ਯੂਨਾਈਟਿਡ ਕਿੰਗਡਮ ਹਾਜ਼ਰੀ ਵਿੱਚ ਸਭ ਤੋਂ ਸ਼ਕਤੀਸ਼ਾਲੀ ਸਨ ਅਤੇ ਗੱਲਬਾਤ ਵਿੱਚ ਦਬਦਬਾ ਰੱਖਦੇ ਸਨ। ਘੱਟ ਆਮਦਨੀ ਵਾਲੇ ਦੇਸ਼ ਜੋ ਵਪਾਰਕ ਤੌਰ ’ਤੇ ਕਰਜ਼ੇ ਪ੍ਰਾਪਤ ਨਹੀਂ ਕਰ ਸਕਦੇ ਸਨ ਉਨ੍ਹਾਂ ਨੂੰ ਬੈਂਕ ਲੋਨ ਵੀ ਕਰ ਸਕਦਾ ਹੈ।

ਵਿਸ਼ਵ ਬੈਂਕ ਦਾ ਕਰਜ਼ਾ ਪ੍ਰਾਪਤ ਕਰਨ ਵਾਲਾ ਪਹਿਲਾ ਦੇਸ਼ 1947 ਵਿੱਚ ਫਰਾਂਸ ਸੀ। ਬੈਂਕ ਦੇ ਉਸ ਸਮੇਂ ਦੇ ਪ੍ਰਧਾਨ ਜੌਹਨ ਮੈਕਲੋਏ ਨੇ ਦੋ ਹੋਰ ਬਿਨੈਕਾਰਾਂ, ਪੋਲੈਂਡ ਅਤੇ ਚਿਲੀ ਨਾਲੋਂ ਫਰਾਂਸ ਨੂੰ ਚੁਣਿਆ। ਇਹ ਕਰਜ਼ਾ USMBE@ ਮਿਲੀਅਨ ਲਈ ਸੀ ਜੋ ਬੇਨਤੀ ਕੀਤੀ ਗਈ ਅੱਧੀ ਰਕਮ, ਅਤੇ ਸਖ਼ਤ ਸ਼ਰਤਾਂ ਨਾਲ ਆਇਆ ਸੀ। ਫਰਾਂਸ ਨੂੰ ਇੱਕ ਸੰਤੁਲਿਤ ਬਜਟ ਤਿਆਰ ਕਰਨ ਅਤੇ ਵਿਸ਼ਵ ਬੈਂਕ ਨੂੰ ਦੂਜੀਆਂ ਸਰਕਾਰਾਂ ਦੇ ਮੁਕਾਬਲੇ ਕਰਜ਼ੇ ਦੀ ਮੁੜ ਅਦਾਇਗੀ ਨੂੰ ਤਰਜੀਹ ਦੇਣ ਲਈ ਸਹਿਮਤ ਹੋਣਾ ਪਿਆ। ਵਿਸ਼ਵ ਬੈਂਕ ਦੇ ਸਟਾਫ ਨੇ ਇਹ ਯਕੀਨੀ ਬਣਾਉਣ ਲਈ ਫੰਡਾਂ ਦੀ ਵਰਤੋਂ ਨੇੜਿਓਂ ਨਿਗਰਾਨੀ ਕੀਤੀ ਕਿ ਫਰਾਂਸ ਸਰਕਾਰ ਨੇ ਸ਼ਰਤਾਂ ਨੂੰ ਪੂਰਾ ਕੀਤਾ। ਇਸ ਤੋਂ ਇਲਾਵਾ, ਕਰਜ਼ੇ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ, ਸੰਯੁਕਤ ਰਾਜ ਦੇ ਵਿਦੇਸ਼ ਵਿਭਾਗ ਨੇ ਫਰਾਂਸ ਦੀ ਸਰਕਾਰ ਨੂੰ ਕਿਹਾ ਕਿ ਪਹਿਲਾਂ ਕਮਿਊਨਿਸਟ ਪਾਰਟੀ ਨਾਲ ਜੁੜੇ ਉਸਦੇ ਮੈਂਬਰਾਂ ਨੂੰ ਹਟਾਉਣਾ ਹੋਵੇਗਾ। ਫ੍ਰੈਂਚ ਸਰਕਾਰ ਨੇ ਪਾਲਣਾ ਕੀਤੀ ਅਤੇ ਕਮਿਊਨਿਸਟ ਗੱਠਜੋੜ ਸਰਕਾਰ ਨੂੰ ਹਟਾ ਦਿੱਤਾ ਤੇ ਕੁਝ ਘੰਟਿਆਂ ਦੇ ਅੰਦਰ, ਫਰਾਂਸ ਨੂੰ ਕਰਜ਼ਾ ਮਨਜ਼ੂਰ ਹੋ ਗਿਆ।

ਵਿਸ਼ਵ ਬੈਂਕ ਦੀ ਲੀਡਰਸ਼ਿਪ

ਬੈਂਕ ਦਾ ਪ੍ਰਧਾਨ ਪੂਰੇ ਵਿਸ਼ਵ ਬੈਂਕ ਸਮੂਹ ਦਾ ਪ੍ਰਧਾਨ ਹੁੰਦਾ ਹੈ। ਪ੍ਰਧਾਨ ਬੋਰਡ ਆਫ਼ ਡਾਇਰੈਕਟਰਜ਼ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਨ ਅਤੇ ਬੈਂਕ ਦੇ ਸਮੁੱਚੇ ਪ੍ਰਬੰਧਨ ਲਈ ਜ਼ਿੰਮੇਵਾਰ ਹੁੰਦਾ ਹੈ। ਰਵਾਇਤੀ ਤੌਰ ’ਤੇ, ਬੈਂਕ ਦਾ ਪ੍ਰਧਾਨ ਹਮੇਸ਼ਾ ਸੰਯੁਕਤ ਰਾਜ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਅਮਰੀਕੀ ਨਾਗਰਿਕ ਰਿਹਾ ਹੈ, ਬੈਂਕ ਦਾ ਸਭ ਤੋਂ ਵੱਡਾ ਸ਼ੇਅਰਧਾਰਕ (ਅੰਤਰਰਾਸ਼ਟਰੀ ਮੁਦਰਾ ਫੰਡ ਦਾ ਮੈਨੇਜਿੰਗ ਡਾਇਰੈਕਟਰ ਹਮੇਸ਼ਾ ਇੱਕ ਯੂਰਪੀਅਨ ਰਿਹਾ ਹੈ)। ਨਾਮਜ਼ਦ ਵਿਅਕਤੀ ਨੂੰ ਪੰਜ ਸਾਲਾਂ ਦੀ, ਨਵਿਆਉਣਯੋਗ ਮਿਆਦ ਦੀ ਸੇਵਾ ਕਰਨ ਲਈ ਕਾਰਜਕਾਰੀ ਨਿਰਦੇਸ਼ਕਾਂ ਦੇ ਬੋਰਡ ਦੁਆਰਾ ਪੁਸ਼ਟੀ ਕੀਤੀ ਜਾਂਦੀ ਹੈ। ਹਾਲਾਂਕਿ ਵਿਸ਼ਵ ਬੈਂਕ ਦੇ ਜ਼ਿਆਦਾਤਰ ਪ੍ਰਧਾਨਾਂ ਕੋਲ ਬੈਂਕਿੰਗ ਦਾ ਤਜਰਬਾ ਹੈ ਪਰ ਕੁਝ ਕੋਲ ਨਹੀਂ ਹੈ। ਬੈਂਕ ਦੇ ਵਾਈਸ ਪ੍ਰੈਜ਼ੀਡੈਂਟ ਇਸ ਦੇ ਪ੍ਰਮੁੱਖ ਮੈਨੇਜਰ ਹੁੰਦੇ ਹਨ, ਜੋ ਖੇਤਰਾਂ, ਸੈਕਟਰਾਂ, ਨੈੱਟਵਰਕਾਂ ਅਤੇ ਕਾਰਜਾਂ ਦੇ ਇੰਚਾਰਜ ਹੁੰਦੇ ਹਨ। ਇੱਥੇ ਦੋ ਕਾਰਜਕਾਰੀ ਉਪ ਪ੍ਰਧਾਨ, ਤਿੰਨ ਸੀਨੀਅਰ ਮੀਤ ਪ੍ਰਧਾਨ ਅਤੇ 24 ਉਪ ਪ੍ਰਧਾਨ ਹਨ।

ਬੋਰਡ ਆਫ਼ ਡਾਇਰੈਕਟਰਜ਼ ਵਿੱਚ ਵਿਸ਼ਵ ਬੈਂਕ ਸਮੂਹ ਦੇ ਪ੍ਰਧਾਨ ਅਤੇ 25 ਕਾਰਜਕਾਰੀ ਨਿਰਦੇਸ਼ਕ ਸ਼ਾਮਲ ਹੁੰਦੇ ਹਨ। ਰਾਸ਼ਟਰਪਤੀ ਪ੍ਰੀਜ਼ਾਈਡਿੰਗ ਅਫਸਰ ਹੁੰਦਾ ਹੈ ਪਰ ਉਸ ਦੀ ਸ਼ਕਤੀ ਵੀ ਸੀਮਤ ਹੁੰਦੀ ਹੈ ਕਿਉਂਕਿ ਕਾਰਜਕਾਰੀ ਨਿਰਦੇਸ਼ਕ ਵਿਅਕਤੀ ਦੇ ਤੌਰ ’ਤੇ ਕਿਸੇ ਵੀ ਸ਼ਕਤੀ ਦੀ ਵਰਤੋਂ ਨਹੀਂ ਕਰ ਸਕਦੇ ਜਾਂ ਬੈਂਕ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੇ, ਜਦੋਂ ਤੱਕ ਬੋਰਡ ਉਨ੍ਹਾਂ ਨੂੰ ਅਜਿਹਾ ਕਰਨ ਲਈ ਵਿਸ਼ੇਸ਼ ਤੌਰ ’ਤੇ ਅਧਿਕਾਰਤ ਨਹੀਂ ਕਰਦੇ। 1 ਨਵੰਬਰ 2010 ਤੋਂ ਸ਼ੁਰੂ ਹੋਏ ਕਾਰਜਕਾਲ ਦੇ ਨਾਲ, ਕਾਰਜਕਾਰੀ ਨਿਰਦੇਸ਼ਕਾਂ ਦੀ ਗਿਣਤੀ ਇੱਕ ਵਧ ਕੇ 25 ਹੋ ਗਈ। 1946 ਤੋਂ 2019 ਵਿਸ਼ਵ ਬੈਂਕ ਦੇ ਪ੍ਰਧਾਨ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :-



Presidents of the World Bank

| Name | Dates | Nationality | Previous work |
|---|---|---|---|
| Eugene Meyer | 1946–1946 | United States | Newspaper publisher and Chairman of the Federal Reserve |
| John J. McCloy | 1947–1949 | United States | Lawyer and US Assistant Secretary of War |
| Eugene R. Black, Sr. | 1949–1963 | United States | Bank executive with Chase and executive director with the World Bank |
| George Woods | 1963–1968 | United States | Bank executive with First Boston Corporation |
| Robert McNamara | 1968–1981 | United States | President of the Ford Motor Company, US Defense Secretary under presidents John F. Kennedy and Lyndon B. Johnson |
| Alden W. Clausen | 1981–1986 | United States | Lawyer, bank executive with Bank of America |
| Barber Conable | 1986–1991 | United States | New York State Senator and US Congressman |
| Lewis T. Preston | 1991–1995 | United States | Bank executive with J.P. Morgan |
| James Wolfensohn | 1995–2005 | United States and Australia | Wolfensohn was a naturalised American citizen before taking office. Corporate lawyer and banker |
| Paul Wolfowitz | 2005–2007 | United States | US Ambassador to Indonesia, US Deputy Secretary of Defense, Dean of the School of Advanced International Studies (SAIS) at Johns Hopkins University, a prominent architect of 2003 invasion of Iraq, resigned World Bank post due to ethics scandal |
| Robert Zoellick | 2007–2012 | United States | Deputy Secretary of State and US Trade Representative |
| Jim Yong Kim | 2012–2019 | United States | Former Chair of the Department of Global Health and Social Medicine at Harvard, president of Dartmouth College, naturalized American citizen |
| Kristalina Georgieva (acting) | 2019 | Bulgaria | Former European Commissioner for the Budget and Human Resources and 2010's "European of the Year" |
| David Malpass | 2019–present | United States | Under Secretary of the Treasury for International Affairs |

ਅਜੋਕੇ ਸਮੇਂ ਸਿੱਖ ਦੇ ਹੱਥ ਵਿਸ਼ਵ ਬੈਂਕ ਦੀ ਕਮਾਨ

ਸਿੱਖ ਕੌਮ ਵਿਸ਼ਵ ਪੱਧਰ ਉੱਤੇ ਓਦੋਂ ਹੋਰ ਰੋਸ਼ਨ ਹੋ ਗਈ ਜਦੋਂ ਜੋਅ ਬਾਈਡਨ ਨੇ ਮਾਸਟਰਕਾਰਡ ਦੇ ਸਾਬਕਾ ਮੁੱਖ ਕਾਰਜਕਾਰੀ ਅਜੈ ਪਾਲ ਸਿੰਘ ਬੰਗਾ ਨੂੰ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਨਾਮਜ਼ਦ ਕੀਤਾ। ਰਾਸ਼ਟਰਪਤੀ ਬਾਈਡਨ ਨੇ ਆਪਣੇ ਬਿਆਨ ’ਚ ਕਿਹਾ ਕਿ ‘ਅਜੈ ਪਾਲ ਸਿੰਘ ਬੰਗਾ ਇਤਿਹਾਸ ਦੇ ਇਸ ਨਾਜ਼ੁਕ ਪਲ ’ਤੇ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਵਿਲੱਖਣ ਤੌਰ ’ਤੇ ਤਿਆਰ ਹੈ। ਉਸਨੇ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਸਫਲ, ਗਲੋਬਲ ਕੰਪਨੀਆਂ ਬਣਾਉਣ ਅਤੇ ਪ੍ਰਬੰਧਨ ਵਿੱਚ ਬਿਤਾਇਆ ਹੈ ਜੋ ਨੌਕਰੀਆਂ ਪੈਦਾ ਕਰਦੀਆਂ ਹਨ ਅਤੇ ਵਿਕਾਸਸ਼ੀਲ ਅਰਥਚਾਰਿਆਂ ਵਿੱਚ ਨਿਵੇਸ਼ ਲਿਆਉਂਦੀਆਂ ਹਨ ਅਤੇ ਬੁਨਿਆਦੀ ਤਬਦੀਲੀਆਂ ਦੇ ਦੌਰ ਵਿੱਚ ਸੰਗਠਨਾਂ ਦਾ ਮਾਰਗਦਰਸ਼ਨ ਕਰਦੀਆਂ ਹਨ। ਉਸ ਕੋਲ ਲੋਕਾਂ ਅਤੇ ਪ੍ਰਣਾਲੀਆਂ ਦਾ ਪ੍ਰਬੰਧਨ ਕਰਨ ਅਤੇ ਨਤੀਜੇ ਪ੍ਰਦਾਨ ਕਰਨ ਲਈ ਵਿਸ਼ਵ ਭਰ ਦੇ ਗਲੋਬਲ ਨੇਤਾਵਾਂ ਨਾਲ ਸਾਂਝੇਦਾਰੀ ਕਰਨ ਦਾ ਇੱਕ ਸਾਬਤ ਹੋਇਆ ਟਰੈਕ ਰਿਕਾਰਡ ਹੈ। ਉਸ ਕੋਲ ਜਲਵਾਯੂ ਤਬਦੀਲੀ ਸਮੇਤ ਸਾਡੇ ਸਮੇਂ ਦੀਆਂ ਸਭ ਤੋਂ ਜ਼ਰੂਰੀ ਚੁਣੌਤੀਆਂ ਨਾਲ ਨਜਿੱਠਣ ਲਈ ਜਨਤਕ-ਨਿੱਜੀ ਸਰੋਤਾਂ ਨੂੰ ਜੁਟਾਉਣ ਦਾ ਨਾਜ਼ੁਕ ਤਜਰਬਾ ਵੀ ਹੈ। ਭਾਰਤ ਵਿੱਚ ਜੰਮੇ, ਅਜੈ ਪਾਲ ਸਿੰਘ ਬੰਗਾ ਦਾ ਵਿਕਾਸਸ਼ੀਲ ਦੇਸ਼ਾਂ ਨੂੰ ਦਰਪੇਸ਼ ਮੌਕਿਆਂ ਅਤੇ ਚੁਣੌਤੀਆਂ ਬਾਰੇ ਇੱਕ ਵਿਲੱਖਣ ਦ੍ਰਿਸ਼ਟੀਕੋਣ ਹੈ ਅਤੇ ਵਿਸ਼ਵ ਬੈਂਕ ਗਰੀਬੀ ਨੂੰ ਘਟਾਉਣ ਅਤੇ ਖੁਸ਼ਹਾਲੀ ਨੂੰ ਵਧਾਉਣ ਲਈ ਆਪਣੇ ਅਭਿਲਾਸ਼ੀ ਏਜੰਡੇ ਨੂੰ ਕਿਵੇਂ ਪੂਰਾ ਕਰ ਸਕਦਾ ਹੈ।’

ਅਜੈ ਪਾਲ ਸਿੰਘ ਬੰਗਾ ਇਸ ਸਮੇਂ ਜਨਰਲ ਐਟਲਾਂਟਿਕ ਦੇ ਵਾਈਸ ਚੇਅਰਮੈਨ ਵਜੋਂ ਕੰਮ ਕਰ ਰਹੇ ਹਨ। ਪਹਿਲਾਂ, ਉਹ ਮਾਸਟਰਕਾਰਡ ਦੇ ਪ੍ਰਧਾਨ ਅਤੇ ਸੀਈਓ ਸਨ, ਇੱਕ ਰਣਨੀਤਕ, ਤਕਨੀਕੀ ਅਤੇ ਸੱਭਿਆਚਾਰਕ ਤਬਦੀਲੀ ਦੁਆਰਾ ਕੰਪਨੀ ਦੀ ਅਗਵਾਈ ਕਰਦੇ ਸਨ।

ਆਪਣੇ ਕਰੀਅਰ ਦੇ ਦੌਰਾਨ, ਅਜੈ ਟੈਕਨਾਲੋਜੀ, ਡੇਟਾ, ਵਿੱਤੀ ਸੇਵਾਵਾਂ ਅਤੇ ਸ਼ਾਮਲ ਕਰਨ ਲਈ ਨਵੀਨਤਾ ਵਿੱਚ ਇੱਕ ਗਲੋਬਲ ਲੀਡਰ ਬਣ ਗਿਆ ਹੈ। ਉਹ ਇੰਟਰਨੈਸ਼ਨਲ ਚੈਂਬਰ ਆਫ਼ ਕਾਮਰਸ ਦੇ ਆਨਰੇਰੀ ਚੇਅਰਮੈਨ ਹਨ, 2020-2022 ਤੱਕ ਚੇਅਰਮੈਨ ਵਜੋਂ ਸੇਵਾ ਨਿਭਾ ਰਹੇ ਹਨ। ਉਹ ਟੇਮਾਸੇਕ ਵਿਖੇ ਐਕਸੋਰ ਦੇ ਚੇਅਰਮੈਨ ਅਤੇ ਸੁਤੰਤਰ ਨਿਰਦੇਸ਼ਕ ਵੀ ਹਨ। ਉਹ ਜਨਰਲ ਅਟਲਾਂਟਿਕ ਦੇ ਜਲਵਾਯੂ-ਕੇਂਦ੍ਰਿਤ ਫੰਡ, BeyondNetZero, ਦੀ 2021 ਵਿੱਚ ਸ਼ੁਰੂਆਤ ਵੇਲੇ ਇੱਕ ਸਲਾਹਕਾਰ ਬਣ ਗਿਆ। ਉਸਨੇ ਪਹਿਲਾਂ ਅਮਰੀਕੀ ਰੈੱਡ ਕਰਾਸ, ਕ੍ਰਾਫਟ ਫੂਡਜ਼ ਅਤੇ ਡਾਓ ਇੰਕ ਦੇ ਬੋਰਡਾਂ ਵਿੱਚ ਸੇਵਾ ਕੀਤੀ। ਅਜੈ ਪਾਲ ਸਿੰਘ ਬੰਗਾ ਨੇ ਉਪ-ਪ੍ਰਧਾਨ ਹੈਰਿਸ ਦੇ ਨਾਲ ਸਹਿ-ਪ੍ਰਧਾਨ ਵਜੋਂ ਕੰਮ ਕੀਤਾ ਹੈ। ਉਹ ਇਸ ਸਮੇਂ ਟ੍ਰਾਈਲੇਟਰਲ ਕਮਿਸ਼ਨ ਦਾ ਮੈਂਬਰ ਹੈ, ਯੂ.ਐੱਸ.-ਇੰਡੀਆ ਰਣਨੀਤਕ ਭਾਈਵਾਲੀ ਫੋਰਮ ਦਾ ਇੱਕ ਸੰਸਥਾਪਕ ਟਰੱਸਟੀ ਹੈ, ਸੰਯੁਕਤ ਰਾਜ-ਚੀਨ ਸਬੰਧਾਂ ਦੀ ਰਾਸ਼ਟਰੀ ਕਮੇਟੀ ਦਾ ਸਾਬਕਾ ਮੈਂਬਰ ਹੈ ਅਤੇ ਅਮਰੀਕਨ ਇੰਡੀਆ ਫਾਊਂਡੇਸ਼ਨ ਦਾ ਚੇਅਰਮੈਨ ਐਮਰੀਟਸ ਹੈ।

ਉਹ ਸਾਈਬਰ ਰੈਡੀਨੇਸ ਇੰਸਟੀਚਿਊਟ ਦਾ ਸਹਿ-ਸੰਸਥਾਪਕ ਹੈ, ਨਿਊਯਾਰਕ ਦੇ ਆਰਥਿਕ ਕਲੱਬ ਦਾ ਵਾਈਸ ਚੇਅਰ ਹੈ ਅਤੇ ਰਾਸ਼ਟਰੀ ਸਾਈਬਰ ਸੁਰੱਖਿਆ ਨੂੰ ਵਧਾਉਣ ਲਈ ਰਾਸ਼ਟਰਪਤੀ ਓਬਾਮਾ ਦੇ ਕਮਿਸ਼ਨ ਦੇ ਮੈਂਬਰ ਵਜੋਂ ਵੀ ਕੰਮ ਕੀਤਾ ਹੈ। ਉਹ ਵਪਾਰ ਨੀਤੀ ਅਤੇ ਗੱਲਬਾਤ ਲਈ ਅਮਰੀਕੀ ਰਾਸ਼ਟਰਪਤੀ ਦੀ ਸਲਾਹਕਾਰ ਕਮੇਟੀ ਦਾ ਪਿਛਲਾ ਮੈਂਬਰ ਹੈ।

ਅਜੈ ਪਾਲ ਸਿੰਘ ਬੰਗਾ ਨੂੰ 2012 ਵਿੱਚ ਵਿਦੇਸ਼ੀ ਨੀਤੀ ਐਸੋਸੀਏਸ਼ਨ ਮੈਡਲ, 2016 ਵਿੱਚ ਭਾਰਤ ਦੇ ਰਾਸ਼ਟਰਪਤੀ ਦੁਆਰਾ ਪਦਮ ਸ੍ਰੀ ਐਵਾਰਡ, ਐਲਿਸ ਆਈਲੈਂਡ ਮੈਡਲ ਆਫ਼ ਆਨਰ ਅਤੇ 2019 ਵਿੱਚ ਬਿਜ਼ਨਸ ਕੌਂਸਲ ਫਾਰ ਇੰਟਰਨੈਸ਼ਨਲ ਅੰਡਰਸਟੈਂਡਿੰਗਜ਼ ਗਲੋਬਲ ਲੀਡਰਸ਼ਿਪ ਐਵਾਰਡ, ਅਤੇ ਸਿੰਗਾਪੁਰ ਪਬਲਿਕ ਸਰਵਿਸ ਦੇ ਵਿਸ਼ੇਸ਼ ਮਿੱਤਰਾਂ ਨਾਲ ਸਨਮਾਨਿਤ ਕੀਤਾ ਗਿਆ ਸੀ। ਦੱਸਣਯੋਗ ਹੈ ਕਿ 720 ਵਿੱਤ ਮੰਤਰੀਆਂ ਦੀ ਸ਼ੁੱਕਰਵਾਰ ਨੂੰ ਬੈਂਗਲੁਰੂ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਬੈਂਕ ਦੇ ਭਵਿੱਖ ਬਾਰੇ ਚਰਚਾ ਕਰਨ ਦੀ ਉਮੀਦ ਹੈ ਅਤੇ ਨਵੇਂ ਪ੍ਰਧਾਨ ਲਈ ਮਈ ਦੀ ਸ਼ੁਰੂਆਤੀ ਤਾਰੀਖ ਤੋਂ ਪਹਿਲਾਂ 29 ਮਾਰਚ ਤੱਕ ਨਾਮਜ਼ਦਗੀਆਂ ਬੰਦ ਹੋ ਜਾਣਗੀਆਂ। ਵਿਸ਼ਵ ਬੈਂਕ ਦੇ ਪ੍ਰਧਾਨ ਦੀ ਇਹ ਨਾਮਜ਼ਦਗੀ ਪਿੱਛੇ ਕਿ ਤੱਥ ਤੇ ਕਾਰਨ ਹਨ ਇਸ ਦਾ ਪਤਾ ਸਮਾਂ ਲੰਘਣ ਨਾਲ ਹੀ ਪਤਾ ਲੱਗੇਗਾ।



# ਜਿਹਾਦੀ ਲਾੜੀ ਨੂੰ ਬਰਤਾਨੀਆ ਨਹੀਂ ਦੇਵੇਗਾ ਨਾਗਰਿਕਤਾ

## 2015 'ਚ ਲੰਡਨ ਤੋਂ ਸੀਰੀਆ ਗਈ ਸ਼ਮੀਮਾ ਨੇ ਆਈ.ਐਸ. ਦੇ ਜਿਹਾਦੀ ਨਾਲ ਕਰਵਾਇਆ ਸੀ ਵਿਆਹ

ਲੰਡਨ :- 2015 ਵਿੱਚ ਜਿਹਾਦੀ ਸੰਗਠਨ ਆਈਐਸਆਈਐਸ 'ਚ ਸ਼ਾਮਲ ਹੋਣ ਲਈ ਗਈ ਬ੍ਰਿਟਿਸ਼ ਨਾਗਰਿਕ ਸ਼ਮੀਮਾ ਬੇਗਮ ਮੁੜ ਨਾਗਰਿਕਤਾ ਲੈਣ ਲਈ ਕੇਸ ਹਾਰ ਗਈ ਸੀ। ਬ੍ਰਿਟੇਨ ਦੀ ਇਕ ਅਦਾਲਤ ਨੇ ਬੀਤੇ ਦਿਨੀਂ ਕਿਹਾ ਕਿ ਸ਼ਮੀਮਾ ਦੀ ਬ੍ਰਿਟਿਸ਼ ਨਾਗਰਿਕਤਾ ਰੱਦ ਕਰਨ ਦਾ ਗ੍ਰਹਿ ਵਿਭਾਗ ਦਾ ਫੈਸਲਾ ਸਹੀ ਸੀ ਅਤੇ ਇਸ 'ਤੇ ਰੋਕ ਨਹੀਂ ਲਗਾਈ ਜਾਵੇਗੀ।

ਸੀਐਨਐਨ ਡਾਟ ਕਾਮ ਦੀ ਰਿਪੋਰਟ ਅਨੁਸਾਰ ਸ਼ਮੀਮਾ ਦੋ ਦੋਸਤਾਂ ਨਾਲ 2015 ਵਿਚ ਲੰਡਨ ਤੋਂ ਸੀਰੀਆ ਗਈ ਸੀ। ਉੱਥੇ ਇੱਕ ਆਈਐਸਆਈਐਸ ਜਿਹਾਦੀ ਨਾਲ ਵਿਆਹ ਕੀਤਾ ਸੀ। ਉਸ ਦੇ ਦੋ ਬੱਚੇ ਹੋਏ ਸਨ। ਆਈਐਸਆਈਐਸ ਦੇ ਪਤਨ ਤੋਂ ਬਾਅਦ, ਸ਼ਮੀਮਾ ਸੀਰੀਆ ਵਿੱਚ ਇੱਕ ਸ਼ਰਨਾਰਥੀ ਕੈਂਪ ਵਿੱਚ ਰਹਿ ਰਹੀ ਹੈ। ਉਸਨੇ ਆਪਣੀ ਨਾਗਰਿਕਤਾ ਬਹਾਲ ਕਰਨ ਦੀ ਮੰਗ ਕਰਦੇ ਹੋਏ ਕਈ ਵਾਰ ਯੂ.ਕੇ. ਸਰਕਾਰ ਤੋਂ ਮੁਆਫੀ ਮੰਗੀ ਸੀ। ਇਸ ਨੂੰ ਹਰ ਵਾਰ ਯੂ.ਕੇ. ਸਰਕਾਰ ਵਲੋਂ ਰੱਦ ਕਰ ਦਿੱਤਾ ਗਿਆ ਸੀ। ਤਾਜ਼ਾ ਫੈਸਲੇ ਵਿਚ ਉਸ ਦੇ ਬ੍ਰਿਟੇਨ ਆਉਣ 'ਤੇ ਕਿਸੇ ਵੀ ਰੂਪ ਵਿੱਚ ਪਾਬੰਦੀ ਬਾਰੇ ਕੁਝ ਨਹੀਂ ਕਿਹਾ ਗਿਆ ਹੈ।

ਪੱਛਮੀ ਮੀਡੀਆ ਉਸ ਨੂੰ ਆਈਐਸਆਈਐਸ ਦੁਲਹਨ ਜਾਂ ਜੇਹਾਦੀ ਦੁਲਹਨ ਕਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਨੇ ਇਕ ਜਿਹਾਦੀ ਨਾਲ ਵਿਆਹ ਕੀਤਾ ਸੀ।

ਨਵੰਬਰ ਵਿੱਚ ਸੁਣਵਾਈ ਹੋਈ ਸੀ, ਹੁਣ ਫੈਸਲਾ ਆ ਗਿਆ

19 ਫਰਵਰੀ 2019 ਨੂੰ, ਯੂ.ਕੇ. ਦੇ ਤਤਕਾਲੀ ਗ੍ਰਹਿ ਮੰਤਰੀ ਸਾਜਿਦ ਜਾਵੇਦ ਨੇ ਸ਼ਮੀਮਾ ਦੀ ਨਾਗਰਿਕਤਾ ਰੱਦ ਕਰ ਦਿੱਤੀ ਸੀ। ਇਸ ਤੋਂ ਬਾਅਦ ਦੋ ਵਾਰ ਸ਼ਮੀਮਾ ਨੇ ਇਸ ਨੂੰ ਬਹਾਲ ਕਰਨ ਲਈ ਬ੍ਰਿਟਿਸ਼ ਅਦਾਲਤਾਂ ਵਿੱਚ ਅਪੀਲ ਦਾਇਰ ਕੀਤੀ ਸੀ। ਅਪੀਲ ਦੇ ਸਮੇਂ, ਉਹ ਖੁਦ ਸੀਰੀਆ ਦੇ ਇੱਕ ਸ਼ਰਨਾਰਥੀ ਕੈਂਪ ਵਿੱਚ ਸੀ। ਅਦਾਲਤ ਵਿੱਚ ਸ਼ਮੀਮਾ ਵਲੋਂ ਵਕੀਲ ਨੇ ਦਲੀਲਾਂ ਪੇਸ਼ ਕੀਤੀਆਂ ਸਨ।

ਨਵੰਬਰ 2022 ਵਿੱਚ ਦੂਜੀ ਅਪੀਲ 'ਤੇ ਸੁਣਵਾਈ ਲਗਾਤਾਰ ਪੰਜ ਦਿਨ ਚੱਲੀ। ਸ਼ਮੀਮਾ ਦੇ ਵਕੀਲ ਨੇ ਕਿਹਾ ਸੀ- ਫੈਸਲਾ ਇਸ ਆਧਾਰ ਉਪਰ ਹੋਣਾ ਚਾਹੀਦਾ ਹੈ ਕਿ ਉਹ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਈ ਸੀ ਜਾਂ ਨਹੀਂ। ਸੱਚ ਤਾਂ ਇਹ ਹੈ ਕਿ ਸ਼ਮੀਮਾ ਇੱਕ ਪੀੜਤਾ ਹੈ। ਫਿਰ ਉਨ ਾਂ ਦੀ ਨਾਗਰਿਕਤਾ ਕਿਵੇਂ ਖੋਹੀ ਜਾ ਸਕਦੀ ਹੈ ? ਇਹ ਗੈਰ-ਕਾਨੂੰਨੀ ਹੋਵੇਗਾ।

2019 ਵਿੱਚ, ਜਦੋਂ ਸ਼ਮੀਮਾ ਨੇ ਪਹਿਲੀ ਵਾਰ ਨਾਗਰਿਕਤਾ ਬਹਾਲ ਕਰਨ ਲਈ ਅਪੀਲ ਦਾਇਰ ਕੀਤੀ ਸੀ, ਉਹ ਗਰਭਵਤੀ ਸੀ। ਬਾਅਦ ਵਿੱਚ ਉਸ ਨੇ ਸ਼ਰਨਾਰਥੀ ਕੈਂਪ ਵਿੱਚ ਹੀ ਇੱਕ ਬੱਚੇ ਨੂੰ ਜਨਮ ਦਿੱਤਾ ਸੀ। ਪਹਿਲੇ ਦੋ ਬੱਚਿਆਂ ਦੀ ਸੀਰੀਆ ਵਿੱਚ ਮੌਤ ਹੋ ਗਈ ਸੀ।

ਉਸ ਦੀ ਇਕ ਸਹੇਲੀ ਖਦੀਜਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਸੀਰੀਆ ਵਿੱਚ ਇੱਕ ਬੰਬ ਹਮਲੇ ਦੌਰਾਨ ਮਾਰੀ ਗਈ ਸੀ। ਅਜੇ ਤੱਕ ਅਮੀਰਾ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ।

**ਫੈਸਲੇ 'ਤੇ ਵਕੀਲ ਦੀ ਪ੍ਰਤੀਕਿਰਿਆ**

ਅਦਾਲਤ ਦੇ ਹੁਣੇ ਜਿਹੇ ਆਏ ਫੈਸਲੇ 'ਤੇ ਸ਼ਮੀਮਾ ਦੇ ਵਕੀਲ ਨੇ ਕਿਹਾ- ਇਹ ਦੁਖ ਭਰਿਆ ਫੈਸਲਾ ਹੈ। ਅਦਾਲਤ ਕੋਲ ਪਹਿਲਾਂ ਹੋਈ ਗਲਤੀ ਨੂੰ ਸੁਧਾਰਨ ਦਾ ਮੌਕਾ ਸੀ। ਇਹ ਬੇਇਨਸਾਫ਼ੀ ਜਾਰੀ ਹੈ। ਇਸ ਦਾ ਮਤਲਬ ਹੈ ਕਿ ਜੇਕਰ ਕਿਸੇ ਬਰਤਾਨਵੀ ਬੱਚੇ ਨੂੰ ਮਨੁੱਖੀ ਤਸਕਰੀ ਰਾਹੀਂ ਦੇਸ਼ ਤੋਂ ਬਾਹਰ ਲਿਜਾਇਆ ਜਾਂਦਾ ਹੈ ਤਾਂ ਸਾਡੇ ਗ੍ਰਹਿ ਸਕੱਤਰ ਦੀ ਨਜ਼ਰ ਵਿੱਚ ਉਸ ਨੂੰ ਦੇਸ਼ 'ਚ ਵਾਪਸ ਲਿਆਉਣਾ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੋਵੇਗਾ।

ਐਮਨੈਸਟੀ ਇੰਟਰਨੈਸ਼ਨਲ ਨੇ ਵੀ ਅਦਾਲਤ ਦੇ ਫੈਸਲੇ ਨੂੰ ਗਲਤ ਦੱਸਿਆ ਹੈ। ਕਿਹਾ- ਅਸੀਂ ਇਸ ਤੋਂ ਬਹੁਤ ਨਿਰਾਸ਼ ਹਾਂ। ਦੁਨੀਆਂ ਵਿੱਚ ਕਿਤੇ ਵੀ ਇਸ ਤਰ ਾਂ ਨਾਗਰਿਕਤਾ ਨਹੀਂ ਖੋਹੀ ਜਾਂਦੀ। ਖਾਸ ਤੌਰ 'ਤੇ ਜਦੋਂ ਪੀੜਤ ਨੂੰ ਬਚਪਨ ਵਿੱਚ ਗਲਤ ਕੰਮ ਕਰਨ ਲਈ ਉਕਸਾਇਆ ਗਿਆ ਹੋਵੇ। ਸ਼ਮੀਮਾ ਉਨ੍ਹਾਂ ਹਜ਼ਾਰਾਂ ਔਰਤਾਂ ਅਤੇ ਬੱਚਿਆਂ ਵਿੱਚੋਂ ਇੱਕ ਹੈ ਜੋ ਇੱਕ ਕੋਝੀ ਸਾਜ਼ਿਸ਼ ਦਾ ਸ਼ਿਕਾਰ ਹੋਈ ਅਤੇ ਸ਼ਰਨਾਰਥੀ ਕੈਂਪ ਵਿੱਚ ਪਹੁੰਚ ਗਈ।

ਹਾਲਾਂਕਿ ਸ਼ਮੀਮਾ ਦੀ ਨਾਗਰਿਕਤਾ ਖੋਹਣ ਦਾ ਫੈਸਲਾ ਦੇਣ ਵਾਲੇ ਤਤਕਾਲੀ ਗ੍ਰਹਿ ਸਕੱਤਰ ਸਾਜਿਦ ਜਾਵੇਦ ਨੇ ਅਦਾਲਤ ਦੇ ਫੈਸਲੇ ਨੂੰ ਸਹੀ ਠਹਿਰਾਇਆ ਸੀ। ਕਿਹਾ- ਇਸ ਤੋਂ ਸਾਬਤ ਹੁੰਦਾ ਹੈ ਕਿ ਮੈਂ ਸ਼ਮੀਮਾ ਦੀ ਨਾਗਰਿਕਤਾ ਰੱਦ ਕਰਨ ਦਾ ਜੋ ਫੈਸਲਾ ਲਿਆ ਸੀ, ਉਹ ਸਹੀ ਸੀ। ਉਹ ਸਾਡੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ।



**ਇੱਕ ਉਮੀਦ ਜੋ ਰਹਿੰਦੀ ਹੈ**

ਬ੍ਰਿਟਿਸ਼ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਵਿੱਚ ਦੋ ਗੱਲਾਂ ਧਿਆਨ ਦੇਣਯੋਗ ਹਨ। ਪਹਿਲੀ- ਸ਼ਮੀਮਾ ਨੂੰ ਦੁਬਾਰਾ ਬ੍ਰਿਟੇਨ ਦੀ ਨਾਗਰਿਕਤਾ ਨਹੀਂ ਮਿਲ ਸਕੇਗੀ। ਦੂਜਾ- ਫੈਸਲੇ ਵਿੱਚ ਇਹ ਸਪੱਸ਼ਟ ਨਹੀਂ ਹੈ ਕਿ ਉਸ ਦੇ ਬ੍ਰਿਟੇਨ ਆਉਣ 'ਤੇ ਪਾਬੰਦੀ ਹੋਵੇਗੀ ਜਾਂ ਨਹੀਂ। ਇਸ ਦਾ ਮਤਲਬ ਹੈ ਕਿ ਭਾਵੇਂ ਉਹ ਹੁਣ ਬਰਤਾਨਵੀ ਨਾਗਰਿਕ ਨਹੀਂ ਹੈ ਪਰ ਜੇਕਰ ਉਹ ਕਿਸੇ ਹੋਰ ਤਰੀਕੇ ਨਾਲ ਜਾਂ ਕਿਸੇ ਹੋਰ ਵੀਜ਼ੇ ਨਾਲ ਬਰਤਾਨੀਆ ਆ ਸਕਦੀ ਹੈ ਜਾਂ ਨਹੀਂ ? ਇਹ ਸਪੱਸ਼ਟ ਨਹੀਂ ਹੈ। ਆਉਣ ਵਾਲੇ ਦਿਨਾਂ 'ਚ ਸੰਭਵ ਹੈ ਕਿ ਇਸ ਮੁੱਦੇ ਦੇ ਆਧਾਰ 'ਤੇ ਉਹ ਇਕ ਹੋਰ ਅਪੀਲ ਦਾਇਰ ਕਰਕੇ ਅਸਥਾਈ ਜਾਂ ਟੂਰਿਸਟ ਵੀਜ਼ਾ ਲੈ ਕੇ ਬਰਤਾਨੀਆ ਆ ਜਾਵੇ।

**ਕਸੂਰ ਮੰਨਣ ਲਈ ਤਿਆਰ**

ਪਿਛਲੇ ਸਾਲ 'ਸਕਾਈ ਨਿਊਜ਼' ਨੂੰ ਦਿੱਤੇ ਇੰਟਰਵਿਊ ਵਿੱਚ ਸ਼ਮੀਮਾ ਨੇ ਕਿਹਾ ਸੀ- ਬ੍ਰਿਟਿਸ਼ ਸਰਕਾਰ ਨੇ ਮੇਰੀ ਨਾਗਰਿਕਤਾ ਖੋਹ ਲਈ ਹੈ। ਮੈਂ ਹੁਣ ਕਿਤੇ ਨਹੀਂ ਜਾ ਸਕਦੀ। ਜਦੋਂ ਮੈਂ 15 ਸਾਲ ਦੀ ਉਮਰ ਵਿੱਚ ਬਰਤਾਨੀਆ ਛੱਡਿਆ ਸੀ ਤਾਂ ਮੈਨੂੰ ਕੁਝ ਦੋਸਤਾਂ ਨੇ ਭਰਮਾ ਲਿਆ ਸੀ। ਮੈਂ ਇਨ੍ਹਾਂ ਲੋਕਾਂ ਨੂੰ ਆਨਲਾਈਨ ਮਿਲੀ ਸੀ। ਇਸ ਮਾਮਲੇ ਨੂੰ 7 ਸਾਲ ਬੀਤ ਚੁੱਕੇ ਹਨ। ਹੁਣ ਮੈਂ ਬਰਤਾਨੀਆ ਵਾਪਸ ਪਰਤਣਾ ਚਾਹੁੰਦੀ ਹਾਂ, ਭਾਵੇਂ ਮੈਨੂੰ ਮੇਰੀ ਬਾਕੀ ਦੀ ਜ਼ਿੰਦਗੀ ਜੇਲ੍ਹ ਵਿੱਚ ਬਿਤਾਉਣੀ ਪਵੇ। ਮੈਂ ਸਿਰਫ਼ ਇੱਕ ਹੀ ਗੁਨਾਹ ਕੀਤਾ ਸੀ ਕਿ ਮੈਂ ਸੀਰੀਆ ਗਈ ਸੀ ਅਤੇ ਇੱਕ ਜਿਹਾਦੀ ਨਾਲ ਵਿਆਹ ਕੀਤਾ ਸੀ। ਇਸ ਤੋਂ ਇਲਾਵਾ ਮੈਂ ਕੁਝ ਵੀ ਗਲਤ ਨਹੀਂ ਕੀਤਾ ਹੈ। ਮੈਂ ਕਿਸੇ ਅੱਤਵਾਦੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਸੀ।

**ਕੌਣ ਹੈ ਸ਼ਮੀਮਾ ਬੇਗਮ**

ਉਹ ਬੰਗਲਾਦੇਸ਼ ਮੂਲ ਦੀ ਬ੍ਰਿਟਿਸ਼ ਨਾਗਰਿਕ ਹੈ। 2015 ਵਿੱਚ ਉਹ ਦੋ ਹੋਰ ਕੁੜੀਆਂ ਨਾਲ ਆਈਐਸਆਈਐਸ ਵਿੱਚ ਸ਼ਾਮਲ ਹੋਣ ਲਈ ਸੀਰੀਆ ਗਈ ਸੀ। ਬਾਕੀ ਦੋ ਲੜਕੀਆਂ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ। ਸ਼ਮੀਮਾ 2019 ਵਿੱਚ ਸੀਰੀਆ ਦੇ ਇੱਕ ਸ਼ਰਨਾਰਥੀ ਕੈਂਪ ਵਿੱਚ ਮਿਲੀ ਸੀ। ਸ਼ਮੀਮਾ 'ਤੇ ਦੋਸ਼ ਹੈ ਕਿ ਉਹ ਆਤਮਘਾਤੀ ਹਮਲਾਵਰਾਂ ਲਈ ਜੈਕਟਾਂ ਬਣਾਉਣ ਦੀ ਮਾਹਿਰ ਸੀ, ਹਾਲਾਂਕਿ ਉਹ ਇਸ ਤੋਂ ਇਨਕਾਰ ਕਰਦੀ ਹੈ।

ਸ਼ਮੀਮਾ ਗਲਾਸਗੋ ਦੀ ਰਹਿਣ ਵਾਲੀ 20 ਸਾਲਾ ਔਰਤ ਅਕਸਾ ਮਹਿਮੂਦ ਦੇ ਸੰਪਰਕ ਵਿਚ ਸੀ। ਅਕਸਾ 2013 ਵਿੱਚ ਆਈਐਸਆਈਐਸ ਵਿੱਚ ਸ਼ਾਮਲ ਹੋਣ ਵਾਲੀ ਪਹਿਲੀ ਬ੍ਰਿਟਿਸ਼ ਔਰਤਾਂ ਵਿੱਚੋਂ ਇੱਕ ਸੀ। ਉਹ ਆਈ ਐਸ ਆਈ ਐਸ ਦੀ ਅਲ-ਖਾਨਸਾ ਬ੍ਰਿਗੇਡ ਦੀ ਮੈਂਬਰ ਸੀ, ਜਿਸਦਾ ਕੰਮ ਨੌਜਵਾਨ ਔਰਤਾਂ ਨੂੰ ਜਿਹਾਦੀ ਜਥੇਬੰਦੀ ਨਾਲ ਜੋੜਨਾ ਸੀ। ਉਹ ਸੋਸ਼ਲ ਮੀਡੀਆ 'ਤੇ ਲੜਕੀਆਂ ਦਾ ਬ੍ਰੇਨਵਾਸ਼ ਕਰਦੀ ਸੀ ਅਤੇ ਉਨ ਾਂ ਨੂੰ ਆਈ ਐਸ ਆਈ ਐਸ 'ਚ ਸ਼ਾਮਲ ਹੋਣ ਲਈ ਮਜਬੂਰ ਕਰਦੀ ਸੀ।

# ਅਮਰੀਕਾ, ਯੂਰਪੀ ਯੂਨੀਅਨ, ਕੈਨੇਡਾ ਤੇ ਡੈਨਮਾਰਕ ਨੇ ਟਿਕਟੌਕ ਉੱਪਰ ਲਗਾਈ ਪਾਬੰਦੀ

## ਐਪ ਟਿਕਟੌਕ 'ਤੇ ਲਾਈ ਪਾਬੰਦੀ ਵਾਸ਼ਿੰਗਟਨ ਦੀ ਅਸੁਰੱਖਿਆ ਦੀ ਭਾਵਨਾ ਨੂੰ ਦਰਸਾਉਂਦਾ ਹੈ : ਚੀਨ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ, ਯੂਰਪੀ ਯੂਨੀਅਨ, ਕੈਨੇਡਾ ਤੇ ਡੈਨਮਾਰਕ ਨੇ ਚੀਨੀ ਮਾਲਕੀ ਵਾਲੇ ਵੀਡੀਓ ਸ਼ੇਅਰਿੰਗ ਐਪ 'ਟਿਕਟੌਕ' ਉੱਤੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਮੁਲਕਾਂ ਨੇ ਸਾਰੇ ਸਰਕਾਰੀ ਯੰਤਰਾਂ (ਮੋਬਾਈਲਾਂ) ਵਿਚੋਂ ਐਪ ਹਟਾਉਣ ਲਈ ਆਖ ਦਿੱਤਾ ਹੈ। ਵ੍ਹਾਈਟ ਹਾਊਸ ਨੇ ਆਪਣੀਆਂ ਸੰਘੀ ਏਜੰਸੀਆਂ ਨੂੰ ਇਸ ਕੰਮ ਲਈ 30 ਦਿਨਾਂ ਦੀ ਮੋਹਲਤ ਦਿੱਤੀ ਹੈ। ਅਮਰੀਕਾ ਦੇ ਪ੍ਰਬੰਧਨ ਤੇ ਬਜਟ ਦਫ਼ਤਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਇਹ ਐਪ ਸੰਵੇਦਨਸ਼ੀਲ ਸਰਕਾਰੀ ਡੇਟਾ ਲਈ ਵੱਡਾ ਜੋਖ਼ਮ ਖੜ੍ਹਾ ਕਰ ਸਕਦਾ ਹੈ। ਰੱਖਿਆ, ਗ੍ਰਹਿ ਤੇ ਵਿਦੇਸ਼ ਵਿਭਾਗ ਸਣੇ ਕੁਝ ਹੋਰ ਏਜੰਸੀਆਂ ਐਪ 'ਤੇ ਪਾਬੰਦੀ ਲਈ ਪਹਿਲਾਂ ਹੀ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਚੁੱਕੀਆਂ ਹਨ। ਡੈਨਮਾਰਕ ਦੀ ਸੰਸਦ ਨੇ ਵੀ 179 ਮੈਂਬਰੀ




ਅਸੈਂਬਲੀ ਵਿਚ ਕੰਮ ਕਰਦੇ ਮੁਲਾਜ਼ਮਾਂ ਤੇ ਕਾਨੂੰਨਘਾੜਿਆਂ ਨੂੰ ਸਾਈਬਰ ਸੁਰੱਖਿਆ ਉਪਰਾਲਿਆਂ ਦੇ ਮੱਦੇਨਜ਼ਰ ਆਪੋ ਆਪਣੇ ਮੋਬਾਈਲ ਫੋਨਾਂ 'ਚੋਂ ਟਿਕਟੌਕ ਐਪ ਹਟਾਉਣ ਲਈ ਆਖ ਦਿੱਤਾ ਹੈ। ਸੰਸਦ ਨੇ ਕਿਹਾ ਕਿ ਇਸ ਐਪ ਦੇ ਫੋਨ ਵਿੱਚ ਹੋਣ ਨਾਲ ਜਾਸੂਸੀ ਦਾ ਜੋਖ਼ਮ ਹੋ ਸਕਦਾ ਹੈ। ਚੀਨੀ ਮਾਲਕੀ ਵਾਲਾ 'ਟਿਕਟੌਕ' ਵੀਡੀਓ ਸ਼ੇਅਰਿੰਗ ਐਪ ਹੈ ਤੇ ਸੁਰੱਖਿਆ ਤੇ ਡੇਟਾ ਪ੍ਰਾਈਵੇਸੀ ਨਾਲ ਜੁੜੇ ਫਿਕਰਾਂ ਕਰਕੇ ਕੁਝ ਯੂਰਪੀ ਮੁਲਕਾਂ ਵਿੱਚ ਵੀ ਇਸ ਐਪ ਨੂੰ ਬੰਦ ਕਰਨ ਦੀ ਲਗਾਤਾਰ ਮੰਗ ਉੱਠ ਰਹੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਪੇਈਚਿੰਗ ਪੱਖੀ ਨਜ਼ਰੀਏ ਦੇ ਪ੍ਰਚਾਰ ਪਸਾਰ ਜਾਂ ਵਰਤੋਂਕਾਰਾਂ ਦੀ ਸੂਚਨਾ ਵਿੱਚ ਸੰਨ੍ਹ ਲਈ 'ਟਿਕਟੌਕ' ਦੀ ਵਰਤੋਂ ਕੀਤੀ ਜਾ ਸਕਦੀ ਹੈ। ਡੈਨਿਸ਼ ਸੰਸਦ ਦੇ ਸਪੀਕਰ ਸੋਰੇਨ ਗੇਡ ਨੇ ਕਿਹਾ ਕਿ ਕਾਨੂੰਨਘਾੜਿਆਂ ਤੇ ਮੁਲਾਜ਼ਮਾਂ ਨੂੰ ਬੀਤੇ ਦਿਨੀਂ ਇਕ ਈਮੇਲ ਭੇਜ ਕੇ ਟਿਕਟੌਕ ਐਪ ਨੂੰ ਡਿਲੀਟ ਕੀਤੇ ਜਾਣ ਦੀ ਜ਼ੋਰਦਾਰ ਸਿਫ਼ਾਰਸ਼ ਕੀਤੀ ਗਈ ਸੀ। ਡੈਨਿਸ਼ ਅਸੈਂਬਲੀ ਨੇ ਦੇਸ਼ ਦੇ ਸਾਈਬਰ ਸੁਰੱਖਿਆ ਬਾਰੇ ਕੇਂਦਰ ਵੱਲੋਂ ਕੀਤੀ ਸਮੀਖਿਆ

(ਬਾਕੀ ਸਫ਼ਾ 30 'ਤੇ)

### ਟਿਕਟੌਕ 'ਤੇ ਪਾਬੰਦੀ ਸਰਕਾਰੀ ਤਾਕਤ ਦੀ ਦੁਰਵਰਤੋਂ : ਚੀਨ

ਪੇਈਚਿੰਗ :- ਚੀਨ ਨੇ ਕਿਹਾ ਕਿ ਬਾਈਡਨ ਸਰਕਾਰ ਵੱਲੋਂ ਵੀਡੀਓ ਸ਼ੇਅਰਿੰਗ ਐਪ ਟਿਕਟੌਕ 'ਤੇ ਲਾਈ ਪਾਬੰਦੀ ਵਾਸ਼ਿੰਗਟਨ ਦੀ ਅਸੁਰੱਖਿਆ ਦੀ ਭਾਵਨਾ ਨੂੰ ਦਰਸਾਉਂਦਾ ਹੈ ਤੇ ਇਹ ਸਰਕਾਰੀ ਤਾਕਤ ਦੀ ਦੁਰਵਰਤੋਂ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮਾਓ ਨਿੰਗ ਨੇ ਕਿਹਾ, 'ਅਮਰੀਕੀ ਸਰਕਾਰ ਕੌਮੀ ਸੁਰੱਖਿਆ ਦੇ ਸੰਕਲਪ ਨੂੰ ਬੇਵਜ੍ਹਾ ਖਿੱਚਣ ਦੇ ਨਾਲ ਹੋਰਨਾਂ ਮੁਲਕਾਂ ਦੀਆਂ ਕੰਪਨੀਆਂ ਨੂੰ ਦਬਾਉਣ ਲਈ ਤਾਕਤ ਦੀ ਦੁਰਵਰਤੋਂ ਕਰ ਰਹੀ ਹੈ।'

# ਅਮਰੀਕਾ ’ਚ ਯਹੂਦੀਆਂ ਅਤੇ ਮੁਸਲਮਾਨਾਂ ਤੋਂ ਬਾਅਦ ਸਿੱਖ ਨਸਲੀ ਅਪਰਾਧਾਂ ਦੇ ਸ਼ਿਕਾਰ

## ਅਮਰੀਕਾ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਪਿਛਲੇ ਸਾਲ ਐਫ.ਬੀ.ਆਈ. ਨੂੰ ਕੁੱਲ 7,120 ਨਫ਼ਰਤੀ ਅਪਰਾਧਾਂ ਦੀ ਰਿਪੋਰਟ ਕੀਤੀ ਸੀ



ਪ੍ਰੋ. ਬਲਵਿੰਦਰ ਪਾਲ ਸਿੰਘ
9815700916





ਦੁਨੀਆਂ ਭਰ ਵਿੱਚ ਅੱਤਵਾਦ ਤੋਂ ਵੀ ਵੱਡਾ ਖ਼ਤਰਾ ਰੰਗਭੇਦ ਭਾਵ ਨਸਲੀ ਹਿੰਸਾ ਬਣਦੀ ਜਾ ਰਹੀ ਹੈ। ਅਮਰੀਕਾ ਵਰਗਾ ਤਾਕਤਵਰ ਦੇਸ਼ ਨਸਲੀ ਹਿੰਸਾ ਦੀ ਰੁਝਾਨ ਤੋਂ ਖੁਦ ਨੂੰ ਉਭਾਰ ਨਹੀਂ ਸਕਿਆ। ਅਮਰੀਕਾ ਵਿੱਚ ਰੰਗਭੇਦ ਨੀਤੀ ਦਾ ਇਤਿਹਾਸ ਪੁਰਾਣਾ ਹੈ ਜਿਸਦੀ ਵਜ੍ਹਾ ਨਾਲ ਉੱਥੇ ਗੋਰਿਆਂ ਅਤੇ ਕਾਲਿਆਂ ਵਿਚ 200 ਸਾਲਾਂ ਤੱਕ ਸੰਘਰਸ਼ ਹੋਇਆ ਸੀ। ਹਾਲਾਂਕਿ ਇਹ ਸਥਿਤੀ ਅੱਜ ਬਦਲ ਗਈ ਹੈ ਪਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਹੈ। ਸਿੱਖਾਂ ਉਪਰ ਨਸਲੀ ਹਿੰਸਾ ਗਾਹੇ ਬਗਾਹੇ ਹੁੰਦੀ ਰਹੀ ਹੈ। ਅਮਰੀਕਾ ਸਰਕਾਰ ਇਸ ਤਰ੍ਹਾਂ ਦੀਆਂ ਹਰਕਤਾਂ ’ਤੇ ਲਗਾਮ ਲਾਉਣ ਵਿੱਚ ਨਾਕਾਮ ਸਾਬਿਤ ਹੋਈ ਹੈ। ਅਮਰੀਕਾ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਵਿਰੁਧ ਨਸਲੀ ਹਿੰਸਾ ਦੀ ਮੂਲ ਵਜ੍ਹਾ ਧਾਰਮਿਕ ਪਹਿਰਾਵਾ ਤੇ ਅਲੱਗ ਪਛਾਣ ਹੈ। ਅਮਰੀਕਾ ਵਿੱਚ ਪੱਗ ਦੇਖ ਕੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉੱਥੇ ਕਾਫ਼ੀ ਜ਼ਿਆਦਾ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਲੋਕ ਰਹਿੰਦੇ ਹਨ ।ਇਹ ਧਾਰਮਿਕ ਅੱਤਵਾਦ ਦਾ ਸਭ ਤੋਂ ਘਟੀਆ ਨਫ਼ਰਤ ਭਰਿਆ ਰੂਪ ਹੈ।

ਹੁਣੇ ਜਿਹੇ ਐਫਬੀਆਈ ਦੁਆਰਾ ਜਾਰੀ ਸਾਲਾਨਾ ਰਿਪੋਰਟ ਅਨੁਸਾਰ, 2018 ਵਿੱਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀਆਂ ਤਕਰੀਬਨ 60 ਘਟਨਾਵਾਂ ਯੂਐਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਰਿਪੋਰਟ ਕੀਤੀਆਂ ਗਈਆਂ ਸਨ। ਇਸ ਰਿਪੋਟ ਅਨੁਸਾਰ ਮੁਸਲਮਾਨਾਂ ਤੋਂ ਬਾਅਦ ਸਿੱਖ ਭਾਈਚਾਰਾ ਅਮਰੀਕਾ ਵਿੱਚ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਨ ਵਾਲਾ ਧਾਰਮਿਕ ਭਾਈਚਾਰਾ ਬਣ ਗਿਆ ਹੈ।

ਅਮਰੀਕਾ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਪਿਛਲੇ ਸਾਲ ਐਫਬੀਆਈ ਨੂੰ ਕੁੱਲ 7,120 ਨਫ਼ਰਤੀ ਅਪਰਾਧਾਂ ਦੀ ਰਿਪੋਰਟ ਕੀਤੀ ਗਈ ਸੀ, ਜੋ ਕਿ 2017 ਵਿੱਚ 7,175 ਤੋਂ ਥੋੜ੍ਹਾ ਘੱਟ ਹੈ। ਐਫਬੀਆਈ ਦੀ 2017 ਦੀ ਰਿਪੋਟ ਅਨੁਸਾਰ 8,496 ਨਫਰਤੀ ਅਪਰਾਧ ਹੋਏ ਸਨ। ਧਰਮ ਦੇ ਆਧਾਰ ’ਤੇ ਨਫ਼ਰਤੀ ਅਪਰਾਧਾਂ ਸਬੰਧੀ ਸਭ ਤੋਂ ਵੱਡੀ ਗਿਣਤੀ ਯਹੂਦੀਆਂ (835), ਮੁਸਲਮਾਨਾਂ (188) ਅਤੇ ਸਿੱਖਾਂ (60) ਦੀ ਦਰਜ ਕੀਤੀ ਗਈ ਸੀ। ਐਫਬੀਆਈ ਦੀ ਰਿਪੋਰਟ ਅਨੁਸਾਰ ਹੋਰ ਧਰਮਾਂ ਦੇ ਖਿਲਾਫ 91 ਨਫ਼ਰਤੀ ਅਪਰਾਧ ਦਰਜ ਕੀਤੇ ਗਏ, ਜਿਨ੍ਹਾਂ ਵਿੱਚ ਹਿੰਦੂਆਂ ਵਿਰੁੱਧ 12 ਅਤੇ ਬੋਧੀਆਂ ਵਿਰੁੱਧ 10 ਸ਼ਾਮਲ ਸਨ। ਨਸਲੀ ਆਧਾਰ ’ਤੇ 4,047 ਨਫ਼ਰਤੀ ਅਪਰਾਧਾਂ ਵਿੱਚੋਂ, ਸਭ ਤੋਂ ਵੱਧ 1,943 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਕਾਲੇ ਜਾਂ ਅਫ਼ਰੀਕੀ ਅਮਰੀਕੀਆਂ ਵਿਰੁੱਧ ਸਨ, ਇਸ ਤੋਂ ਬਾਅਦ ਗੋਰੇ-ਵਿਰੋਧੀ (762) ਅਤੇ ਐਂਟੀ-ਹਿਸਪੈਨਿਕ ਜਾਂ ਲਾਤੀਨੀ (485) ਦੇ ਵਿਰੁੱਧ ਸਨ।

ਐਫਬੀਆਈ ਨੇ 2018 ਵਿੱਚ ਏਸ਼ੀਅਨਾਂ ਵਿਰੁੱਧ 148 ਨਫ਼ਰਤੀ ਅਪਰਾਧਾਂ ਦੀ ਰਿਪੋਰਟ ਕੀਤੀ, ਜਦੋਂ ਕਿ ਅਰਬਾਂ ਦੇ ਖਿਲਾਫ 82, ਅਮਰੀਕੀ ਵਿਰੋਧੀ ਭਾਰਤੀਆਂ ਜਾਂ ਅਲਾਸਕਾ ਮੂਲ ਦੇ ਲੋਕਾਂ ਵਿਰੁੱਧ 194 ਸੀ।

ਸਿੱਖ ਕੁਲੀਸ਼ਨ ਨੇ ਕਿਹਾ ਕਿ ਇਹ ‘ਨਿਰਾਸ਼ਾਜਨਕ’ ਹੈ ਕਿ ਸੰਯੁਕਤ ਰਾਜ ਵਿੱਚ ਨਫ਼ਰਤੀ ਅਪਰਾਧ ਯੋਜਨਾਬੱਧ ਢੰਗ ਨਾਲ ‘ਘੱਟ ਰਿਪੋਰਟ ਕੀਤੇ ਗਏ’ ਹਨ।

ਫੈਡਰਲ ਬਿਊਰੋ ਆਫ਼ ਜਸਟਿਸ ਸਟੈਟਿਸਟਿਕਸ ਦੇ ਅਨੁਸਾਰ, ਅਮਰੀਕਨਾਂ ਨੂੰ ਪ੍ਰਤੀ ਸਾਲ ਔਸਤਨ 250,000 ਨਫ਼ਰਤੀ ਅਪਰਾਧਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਉਲਟ ਇਹ ਤਾਜ਼ਾ ਐਫਬੀਆਈ ਡੇਟਾ, ਸਿਰਫ 7,120 ਘਟਨਾਵਾਂ ਨੂੰ ਦਸਤਾਵੇਜ਼ ਬਣਾਉਣ ਵਿੱਚ ਕਾਮਯਾਬ ਰਿਹਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, ‘ਹਾਲਾਂਕਿ ਨਫ਼ਰਤੀ ਅਪਰਾਧ ਰਾਸ਼ਟਰੀ ਪੱਧਰ ’ਤੇ ਮੁਕਾਬਲਤਨ ਸਥਿਰ ਰਹੇ, 2017 ਤੋਂ ਸਿੱਖ-ਵਿਰੋਧੀ ਨਫ਼ਰਤੀ ਅਪਰਾਧਾਂ ਵਿੱਚ 200 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ, ਜਿਸ ਨਾਲ ਸਿਖ ਭਾਈਚਾਰਾ ਡੇਟਾਸੈਟ ਵਿੱਚ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਨ ਵਾਲਾ ਧਾਰਮਿਕ ਸਮੂਹ ਬਣ ਗਿਆ।’

ਸਿੱਖ ਕੁਲੀਸ਼ਨ ਦੇ ਪਾਲਿਸੀ ਐਂਡ ਐਡਵੋਕੇਸੀ ਦੇ ਸੀਨੀਅਰ ਪ੍ਰਬੰਧਕ ਸਿਮ ਜੇ ਨੇ ਕਿਹਾ ਕਿ, ਇਹ ਡੇਟਾ ਸਾਨੂੰ ਸਹੀ ਜਾਣਕਾਰੀ ਨਹੀਂ ਦੇ ਰਿਹਾ ਹੈ ਜੋ ਸਾਨੂੰ ਨਿਸ਼ਾਨਾ ਬਣੇ ਭਾਈਚਾਰਿਆਂ ਦੇ ਵਿਰੁੱਧ ਨਫ਼ਰਤੀ ਅਪਰਾਧਾਂ ਵਿਰੁਧ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਜ਼ਰੂਰੀ ਹੈ।

ਸਰਕਾਰ ਨੂੰ ਅਗਲੀ ਪੀੜ੍ਹੀ ਦਾ ਆਮ ਸੂਝ ਵਾਲਾ ਕਾਨੂੰਨ ਪਾਸ ਕਰਨਾ ਚਾਹੀਦਾ ਹੈ ਜੋ ਨਫ਼ਰਤ ਦੀਆਂ ਘਟਨਾਵਾਂ ਦੀ ਬਿਹਤਰ ਪਛਾਣ ਅਤੇ ਟਰੈਕ ਕਰਨ ਲਈ ਕਾਨੂੰਨ ਬਣਾਵੇ। ਇਹ ਨਫਰਤੀ ਹਿੰਸਾ ਆਧੁਨਿਕ ਸੱਭਿਅਤਾ ਲਈ ਇਹ ਕਿਸੇ ਕਲੰਕ ਤੋਂ ਘੱਟ ਨਹੀਂ ਹੈ। ਅਮਰੀਕਾ ਜੋ ਦੁਨੀਆ ਦਾ ਸ਼ਕਤੀਸ਼ਾਲੀ ਅਤੇ ਕੁਲੀਨ ਦੇਸ਼ ਹੋਣ ’ਤੇ ਮਾਣ ਕਰਦਾ ਹੈ ਉਸ ਦੇਸ਼ ਵਿੱਚ ਜੇਕਰ ਧਰਮ, ਰੰਗ ਅਤੇ ਪਹਿਰਾਵੇ ਦੇ ਆਧਾਰ ’ਤੇ ਹਿੰਸਾ ਹੋਵੇ ਤਾਂ ਇਹ ਸਭਿਅਕ ਵਰਤਾਰਾ ਨਹੀਂ ਹੈ। ਹੈਰਾਨੀ ਇਹ ਵੀ ਹੈ ਕਿ ਬਹੁਤ ਸਾਰੇ ਸਿੱਖ ਆਗੂ ਤੇ ਜਥੇਬੰਦੀਆਂ ਆਪਣੇ ਬਾਰੇ ਇਹੋ ਪ੍ਰਚਾਰ ਕਰ ਰਹੀਆਂ ਹਨ ਕਿ ਉਹ ਮੁਸਲਮਾਨ ਨਹੀਂ ਹਨ, ਉਨ੍ਹਾਂ ਉਤੇ ਮੁਸਲਮਾਨਾਂ ਦੇ ਭੁਲੇਖੇ ਹਮਲਾ ਕਰਨਾ ਗ਼ਲਤ ਹੈ। (ਬਾਕੀ ਸਫ਼ਾ 31 ’ਤੇ)

# ਸਿਆਟਲ ’ਚ ਜਾਤੀ ਵਿਤਕਰੇ ਵਿਰੁੱਧ ਕਾਨੂੰਨ : ਕੈਨੇਡਾ ’ਚ ਵੀ ਅਜਿਹੇ ਕਦਮ ਚੁੱਕਣ ਦੀ ਲੋੜ



ਡਾ. ਗੁਰਵਿੰਦਰ ਸਿੰਘ
001-604-825-1550





ਸਿਆਟਲ ਦੀ ਸਿਟੀ ਕੌਂਸਲਰ ਕਸਮਾ ਸਾਵੰਤ ਦੀ ਦਲੇਰਾਨਾ ਪਹਿਲਕਦਮੀ ਸਦਕਾ ਜਾਤੀ ਵਿਤਕਰੇ ਖਿਲਾਫ ਕਾਨੂੰਨ ਬਣ ਗਿਆ ਹੈ, ਜੋ ਕਿ ਮੰਨੂਵਾਦੀਆਂ ਦੇ ਹੰਕਾਰ ਦੇ ਮੂੰਹ ’ਤੇ ਚਪੇੜ ਹੈ। ਸਿਆਟਲ ਵਿੱਚ ਭੇਦਭਾਵ ਵਿਰੋਧੀ ਕਾਨੂੰਨ ’ਚ ਜਾਤੀ ਸ਼ਬਦ ਨੂੰ ਸ਼ਾਮਲ ਕਰਨਾ ਇਤਿਹਾਸਕ ਜਿੱਤ ਕਹੀ ਜਾ ਸਕਦੀ ਹੈ। ਮਹੱਤਵਪੂਰਨ ਪਹਿਲੂ ਇਹ ਹੈ ਕਿ ਅਮਰੀਕਾ ਵਿੱਚ ਭੇਦਭਾਵ ਦੇ ਵਿਤਕਰੇ ਦੇ ਕਾਨੂੰਨ ਵਿੱਚ ਜਾਤੀ ਵਿਤਕਰੇ ਦਾ ਸ਼ਬਦ ਸ਼ਾਮਲ ਨਹੀਂ ਹੈ।

ਦੂਸਰੇ ਪਾਸੇ ਵੱਖ-ਵੱਖ ਸ਼ਹਿਰਾਂ ਜਾਂ ਸਟੇਟਾਂ ਵਿੱਚ ਭਾਰਤੀ ਮੂਲ ਦੇ ਮਨੂੰਵਾਦੀ ਅਤੇ ਅਖੌਤੀ ਉੱਚ ਜਾਤੀ ਵਰਗ ਵੱਲੋਂ ਦਲਿਤਾਂ ਨਾਲ ਹੋ ਰਹੇ ਵਿਤਕਰੇ ਦੀਆਂ ਸ਼ਿਕਾਇਤਾਂ ਦਿਨੋ-ਦਿਨ ਵਧ ਰਹੀਆਂ ਹਨ। ਇਸ ਆਧਾਰ ’ਤੇ ਹੀ ਸਿਆਟਲ ਦੀ ਸਿਟੀ ਕੌਂਸਲਰ ਕਸਮਾ ਸਾਵੰਤ ਨੇ ਇਹ ਮਤਾ ਲਿਆ ਕੇ ਜਾਤੀ ਵਿਤਕਰੇ ਦੇ ਸ਼ਬਦ ਨੂੰ ਭੇਦਭਾਵ ਦੇ ਕਾਨੂੰਨ ਵਿੱਚ ਸ਼ਾਮਲ ਕਰਨ ਲਈ ਆਵਾਜ਼ ਬੁਲੰਦ ਕੀਤੀ। ਇਸ ਦੀ ਹਮਾਇਤ ਵਿਚ ਡਾ. ਭੀਮ ਰਾਓ ਅੰਬੇਦਕਰੀ ਅਤੇ ਕਈ ਹੋਰ ਸੰਗਠਨਾਂ ਤੋਂ ਇਲਾਵਾ ਅਤੇ ਸਿਆਟਲ ਦੇ ਸਿੱਖ ਭਾਈਚਾਰੇ ਨੇ ਜ਼ੋਰਦਾਰ ਆਵਾਜ਼ ਬੁਲੰਦ ਕੀਤੀ, ਜਦਕਿ ਕੁਝ ਕੱਟੜ ਹਿੰਦੂਤਵੀ ਸੰਗਠਨ ਨੇ ਇਸ ਦਾ ਵਿਰੋਧ ਕੀਤਾ, ਪਰ ਇਸ ਦੇ ਬਾਵਜੂਦ ਇਹ 6-1 ਫ਼ਰਕ ਨਾਲ ਪਾਸ ਹੋ ਗਿਆ। ਮਤੇ ਦੇ ਹੱਕ ਵਿੱਚ 100 ਤੋਂ ਵੱਧ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ ਅਤੇ ਭਾਰਤ ’ਚ ਪਹਿਲਾਂ ਹੀ ਦਲਿਤਾਂ ਤੇ ਹੋਰ ਪਛੜੀਆਂ ਜਾਤੀਆਂ ਨਾਲ ਹੋ ਰਹੇ ਵਿਤਕਰੇ ਬਾਰੇ ਵੀ ਤਕਰੀਰਾਂ ਕੀਤੀਆਂ। ਕੁਝ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੇ ਕਈ ਵਾਰ ਮਤੇ ਦੇ ਵਿਰੋਧ ’ਚ ਰੌਲਾ ਪਾਇਆ, ਜਿਸ ’ਤੇ ਸਪੀਕਰ ਨੇ ਉਨ੍ਹਾਂ ਨੂੰ ਝਾੜ ਵੀ ਪਾਈ। ਸਿਆਟਲ ਸਿਟੀ ਕੌਂਸਲਰ ਕਸਮਾ ਸਾਵੰਤ ਦੇ ਭਾਸ਼ਣ ਵਿੱਚ ਕੱਟੜਵਾਦੀਆਂ ਵੱਲੋਂ ਰੁਕਾਵਟਾਂ ਪਾਈਆਂ ਗਈਆਂ, ਪਰ ਕਸਮਾ ਨੇ ਬੁਲੰਦ ਆਵਾਜ਼ ਵਿੱਚ ਉਨ੍ਹਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ।

ਜਾਤੀ ਵਿਤਕਰੇ ਖਿਲਾਫ ਮਤੇ ਦੀ ਹਮਾਇਤ ਵਿੱਚ ਸਿਆਟਲ ਦੇ ਨਾਮਵਰ ਸਿੱਖਾਂ ਸਤਪਾਲ ਸਿੰਘ ਪੁਰੇਵਾਲ, ਇੰਦਰਜੀਤ ਸਿੰਘ ਬੱਲੋਵਾਲ, ਦਿਲਬਾਗ ਸਿੰਘ, ਬਲਵੀਰ ਸਿੰਘ, ਸਿਮਰਨ ਸਿੰਘ, ਖ਼ਾਲਸਾ ਗੁਰਮਤਿ ਸੈਂਟਰ ਦੇ ਮੁੱਖ ਪ੍ਰਬੰਧਕ ਡਾ. ਜਸਮੀਤ ਸਿੰਘ ਅਤੇ ਹੀਰਾ ਸਿੰਘ ਭੁੱਲਰ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਤੋਂ ਜਾਤ-ਪਾਤ ਵਿਰੋਧੀ ਸੰਸਥਾਵਾਂ ਵਿੱਚੋਂ ਵੀ ਕਮਲੇਸ਼ ਅਹੀਰ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਇਸ ਮੌਕੇ ’ਤੇ ਹਾਜ਼ਰ ਹੋਈਆਂ। ਹੁਣ ਲੋੜ ਇਸ ਗੱਲ ਦੀ ਹੈ ਕਿ ਅਮਰੀਕਾ ਦੇ ਸਿਆਟਲ ਸ਼ਹਿਰ ਦੀ ਤਰਜ਼ ’ਤੇ ਕੈਨੇਡਾ ਵਿੱਚ ਵੀ ਜਾਤੀ ਵਿਤਕਰੇ ਨੂੰ ਭੇਦ-ਭਾਵ ਵਿਰੋਧੀ ਕਾਨੂੰਨੀ ਵਿੱਚ ਸ਼ਾਮਿਲ ਕਰਵਾਇਆ ਜਾਏ ਅਤੇ ਇੱਥੇ ਕੱਟੜਵਾਦੀ ਅਤੇ ਮਨੂੰਵਾਦੀ ਵਿਤਕਰੇ ਖਿਲਾਫ ਜ਼ੋਰਦਾਰ ਕਦਮ ਚੁੱਕੇ ਜਾਣ। ਜਾਤੀ ਵਿਤਕਰਾ ਭੇਦ-ਭਾਵ ਅਤੇ ਨਸਲਵਾਦ ਦਾ ਹੀ ਇਕ ਭਿਅੰਕਰ ਰੂਪ ਹੈ, ਜੋ ਭਾਰਤ ਵਿੱਚ ਅਜੇ ਵੀ ਵੱਧ ਰਿਹਾ ਹੈ ਅਤੇ ਵਿਦੇਸ਼ਾਂ ’ਚ ਵਸਦੇ ਭਾਰਤੀਆਂ ਵਿੱਚੋਂ ਵੀ ਇਸ ਦੀਆਂ ਜੜ੍ਹਾਂ ਪੁੱਟੀਆਂ ਨਹੀਂ ਗਈਆਂ। ਇਨ੍ਹਾਂ ਜੜ੍ਹਾਂ ਨੂੰ ਪੁੱਟਣ ਦੀ ਲੋੜ ਹੈ, ਜਿਵੇਂ ਕਿ ਸਿਆਟਲ ਵਿੱਚ ਹੋਇਆ। ਆਖਰ ਸੱਚ ਦੀ ਜਿੱਤ ਹੋਈ ਅਤੇ ਮਨੂੰਵਾਦ ਦੀ ਹਾਰ ਹੋਈ।

# ਬੰਦੀ ਸਿੰਘਾਂ ਦੇ ਮਸਲੇ ਉੱਪਰ ਕੇਂਦਰ ਅਤੇ ਸੂਬਾ ਸਰਕਾਰਾਂ ਸਿੱਖਾਂ ਨਾਲ ਨਿਆਂ ਕਰਨ



ਤਲਵਿੰਦਰ ਸਿੰਘ ਬੁਟਰ



'ਬੰਦੀ ਸਿੰਘ' ਸ਼ਬਦ ਦੀ ਚਰਚਾ ਪਹਿਲੀ ਵਾਰ ਨਵੰਬਰ 2013 'ਚ ਸੁਣਨ ਨੂੰ ਮਿਲੀ ਸੀ, ਜਦੋਂ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ 6 ਸਿਆਸੀ ਸਿਖ ਕੈਦੀਆਂ ਦੀ ਰਿਹਾਈ ਲਈ ਭੁੱਖ-ਹੜਤਾਲ ਦਾ ਐਲਾਨ ਕੀਤਾ ਸੀ। ਉਦੋਂ ਹੀ ਪਹਿਲੀ ਵਾਰ, ਜੇਲ੍ਹਾਂ ਵਿੱਚ ਦਹਾਕਿਆਂ ਤੋਂ ਨਜ਼ਰਬੰਦ ਸਿਆਸੀ ਸਿੱਖ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦਾ ਮੁੱਦਾ ਕੌਮੀ-ਕੌਮਾਂਤਰੀ ਮੀਡੀਆ ਦੀਆਂ ਸੁਰਖੀਆਂ ਬਣਿਆ ਸੀ। ਭਾਈ ਖ਼ਾਲਸਾ ਨੇ 2014 'ਚ ਦੂਜੀ ਵਾਰ ਭੁੱਖ-ਹੜਤਾਲ ਰੱਖੀ ਅਤੇ ਦੋਵੇਂ ਵਾਰ ਕੁਝ 'ਬੰਦੀ ਸਿੰਘਾਂ' ਨੂੰ ਦਹਾਕਿਆਂ ਬਾਅਦ ਪੈਰੋਲ ਨਸੀਬ ਹੋਈ ਪਰ ਤੀਜੀ ਵਾਰ 2018 'ਚ 'ਬੰਦੀ ਸਿੰਘਾਂ' ਦੀ ਪੱਕੀ ਰਿਹਾਈ ਨੂੰ ਲੈ ਕੇ ਉਨ੍ਹਾਂ ਪਾਣੀ ਵਾਲੀ ਟੈਂਕੀ ਤੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ ਸੀ। ਬਾਅਦ ਵਿੱਚ ਬਾਪੂ ਸੂਰਤ ਸਿੰਘ ਖ਼ਾਲਸਾ ਵਲੋਂ ਵੀ ਸਾਲਾਂਬੱਧੀ ਭੁੱਖ-ਹੜਤਾਲ ਜਾਰੀ ਰੱਖੀ ਗਈ। ਹੁਣ ਇਕ ਪਾਸੇ ਸ਼੍ਰੋਮਣੀ ਕਮੇਟੀ ਵਲੋਂ 9 'ਬੰਦੀ ਸਿੰਘਾਂ' ਦੀ ਰਿਹਾਈ ਲਈ 1 ਦਸੰਬਰ 2022 ਤੋਂ ਦਸਤਖ਼ਤੀ ਮੁਹਿੰਮ ਵਿੱਢ ਕੇ ਇਸ ਮਾਮਲੇ ਨੂੰ ਦੇਸ਼ ਦੇ ਰਾਸ਼ਟਰਪਤੀ ਅਤੇ ਸੰਯੁਕਤ ਰਾਸ਼ਟਰ ਤੱਕ ਲੈ ਕੇ ਜਾਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਦੂਜੇ ਪਾਸੇ ਕੁਝ ਸਿੱਖ ਜਥੇਬੰਦੀਆਂ ਨੇ ਲੰਘੀ 7 ਜਨਵਰੀ ਤੋਂ ਚੰਡੀਗੜ੍ਹ-ਮੋਹਾਲੀ ਹੱਦ 'ਤੇ 'ਬੰਦੀ ਸਿੰਘਾਂ' ਦੀ ਰਿਹਾਈ ਲਈ ਪੱਕਾ ਮੋਰਚਾ ਲਾਇਆ ਹੋਇਆ ਹੈ।

ਕੌਣ ਹਨ ਬੰਦੀ ਸਿੰਘ ?

'ਬੰਦੀ ਸਿੰਘ' ਉਨ੍ਹਾਂ ਸਿਆਸੀ ਸਿੱਖ ਕੈਦੀਆਂ ਨੂੰ ਆਖਿਆ ਜਾਂਦਾ ਹੈ, ਜੋ ਜੂਨ 1984 ਦੇ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਅਤੇ ਨਵੰਬਰ '84 ਦੇ ਸਿੱਖ ਕਤਲੇਆਮ ਤੋਂ ਬਾਅਦ ਪੰਜਾਬ ਵਿਚ ਚੱਲੀ ਹਿੰਸਕ ਲਹਿਰ ਵਿਚ ਸ਼ਮੂਲੀਅਤ ਕਾਰਨ ਕਾਨੂੰਨ ਦੁਆਰਾ ਦਿੱਤੀਆਂ ਸਜ਼ਾਵਾਂ ਤਹਿਤ ਦਹਾਕਿਆਂ ਤੋਂ ਜੇਲ੍ਹਾਂ 'ਚ ਨਜ਼ਰਬੰਦ ਹਨ। ਇਸ ਹਥਿਆਰਬੰਦ ਲਹਿਰ ਪਿੱਛੇ ਇਕ ਇਤਿਹਾਸਕ ਵਰਤਾਰਾ ਜੁੜਿਆ ਹੋਣ ਕਾਰਨ ਇਹ ਹਿੰਸਕ ਲਹਿਰ ਸਿਰਫ਼ ਕਾਨੂੰਨ-ਵਿਵਸਥਾ ਦਾ ਮਾਮਲਾ ਨਹੀਂ, ਸਗੋਂ ਇਕ ਸਿਆਸੀ ਸੰਕਟ ਦੀ ਉਪਜ ਸੀ। ਦੇਸ਼ ਦੀ ਅਜ਼ਾਦੀ ਲਈ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਕਰਨ ਦੇ ਬਾਵਜੂਦ ਦੇਸ਼ ਅੰਦਰ ਬਣਦੇ ਰਾਜਨੀਤਿਕ, ਭੂਗੋਲਿਕ ਤੇ ਆਰਥਿਕ ਹਕੂਕ ਨਾ ਮਿਲਣ ਤੋਂ ਬਾਅਦ 4 ਅਗਸਤ 1982 ਨੂੰ ਸਿੱਖਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ 'ਚ ਲਗਾਏ ਧਰਮ ਯੁੱਧ ਮੋਰਚੇ ਨੂੰ ਸਾਬੋਤਾਜ ਕਰਨ ਲਈ ਕੇਂਦਰ ਨੇ ਜੂਨ '84 ਵਿੱਚ ਦਮਨਕਾਰੀ ਨੀਤੀ ਵਰਤੀ ਸੀ। ਪ੍ਰਤੀਕਰਮ ਵਜੋਂ ਪੰਜਾਬ 'ਚ ਖਾੜਕੂ ਲਹਿਰ ਖੜ੍ਹੀ ਹੋਈ ਤੇ ਆਮ ਘਰਾਂ ਦੇ ਮੁੰਡੇ ਹੱਥਾਂ 'ਚ ਕਿਤਾਬਾਂ ਦੀ ਥਾਂ ਬੰਦੂਕਾਂ ਚੁੱਕਣ ਲਈ ਮਜਬੂਰ ਹੋ ਗਏ। ਖਾੜਕੂਵਾਦ ਦੇ ਖ਼ਾਤਮੇ ਦੇ ਨਾਂ 'ਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਪੰਜਾਬ 'ਚ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰ-ਖਪਾ ਦਿੱਤਾ ਗਿਆ ਅਤੇ ਹਜ਼ਾਰਾਂ ਨੂੰ ਜੇਲ੍ਹਾਂ ਵਿੱਚ 'ਟਾਡਾ' ਵਰਗੇ ਕਾਲੇ ਕਾਨੂੰਨਾਂ ਤਹਿਤ ਡੱਕ ਦਿੱਤਾ ਗਿਆ।

ਸਿਆਸੀ ਸੰਵੇਦਨਹੀਣਤਾ

ਹਾਲਾਂਕਿ ਜੂਨ 1984 ਦੇ ਹਮਲੇ ਤੋਂ ਬਾਅਦ 24 ਜੁਲਾਈ 1985 ਨੂੰ ਹੋਏ 'ਰਾਜੀਵ-ਲੌਂਗੋਵਾਲ ਸਮਝੌਤੇ' ਵਿੱਚ ਵੀ ਉਸ ਵੇਲੇ ਤੱਕ ਜੇਲ੍ਹਾਂ 'ਚ ਬੰਦ ਸਿਆਸੀ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਅਗਸਤ 1985 ਵਿੱਚ ਸੰਤ ਲੌਂਗੋਵਾਲ ਦੀ ਹੱਤਿਆ ਕਾਰਨ ਇਹ ਸਮਝੌਤਾ ਸਿਰੇ ਨਹੀਂ ਚੜ੍ਹ ਸਕਿਆ ਤੇ ਪੰਜਾਬ ਦੇ ਹਾਲਾਤ ਹੋਰ ਵਿਗੜ ਗਏ। 31 ਅਗਸਤ 1995 ਨੂੰ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਇਸ ਹਿੰਸਕ ਦੌਰ ਦਾ ਅੰਤਲਾ ਅਧਿਆਇ ਹੋ ਨਿੱਬੜੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ 2019 'ਚ ਭਾਰਤ ਸਰਕਾਰ ਵਲੋਂ 8 'ਬੰਦੀ ਸਿੰਘਾਂ' ਦੀ ਰਿਹਾਈ ਅਤੇ ਇਕ (ਭਾਈ ਬਲਵੰਤ ਸਿੰਘ ਰਾਜੋਆਣਾ) ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਾਉਣ ਦਾ ਐਲਾਨ ਕੀਤਾ ਗਿਆ ਸੀ, ਜਿਨ੍ਹਾਂ ਵਿਚ ਪਿਛਲੇ 31 ਸਾਲਾਂ ਤੋਂ ਜੇਲ੍ਹ 'ਚ ਨਜ਼ਰਬੰਦ ਗੁਰਦੀਪ ਸਿੰਘ ਖੇੜਾ ਅਤੇ 26 ਸਾਲਾਂ ਤੋਂ ਨਜ਼ਰਬੰਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਜਿਨ੍ਹਾਂ ਦੀ ਮਾਨਸਿਕ ਹਾਲਤ ਵੀ ਜੇਲ੍ਹ ਵਿੱਚ ਲੰਬੀ ਕੈਦ ਕਾਰਨ ਅਸਥਿਰ ਹੋ ਗਈ ਸੀ, ਵੀ ਸ਼ਾਮਿਲ ਸਨ। ਐਲਾਨ ਕੀਤੇ 8 ਨਾਵਾਂ ਵਿਚੋਂ ਤਿੰਨ ਤਾਂ ਪਹਿਲਾਂ ਹੀ ਰਿਹਾਅ ਹੋ ਚੁੱਕੇ ਸਨ ਅਤੇ ਤਿੰਨਾਂ ਨੂੰ ਐਲਾਨ ਤੋਂ ਬਾਅਦ ਰਿਹਾਅ ਕੀਤਾ ਗਿਆ ਪਰ ਪ੍ਰੋ. ਭੁੱਲਰ ਤੇ ਗੁਰਦੀਪ ਸਿੰਘ ਖੇੜਾ ਦੀ ਪੱਕੀ ਰਿਹਾਈ ਅਜੇ ਤੱਕ ਨਹੀਂ ਹੋਈ। 'ਬੰਦੀ ਸਿੰਘਾਂ' ਦੇ ਕਾਨੂੰਨੀ ਮਾਮਲਿਆਂ ਨਾਲ ਜੁੜੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵਲੋਂ ਤਿਆਰ ਕੀਤੀ ਸੂਚੀ ਅਨੁਸਾਰ ਉਮਰ ਕੈਦ ਦੀ ਘੱਟੋ-ਘੱਟ ਮਿਆਦ ਪੂਰੀ ਕਰ ਚੁੱਕੇ 'ਬੰਦੀ ਸਿੰਘਾਂ' ਦੀ ਗਿਣਤੀ 8 ਤੋਂ ਕਿਤੇ ਵੱਧ ਹੈ ਅਤੇ ਕੁੱਲ 22 ਸਿਆਸੀ ਸਿੱਖ ਕੈਦੀ ਜੇਲ੍ਹਾਂ 'ਚ ਉਮਰ ਕੈਦ ਭੁਗਤ ਰਹੇ ਹਨ।

**ਰਿਹਾਈ ਦਾ ਕਾਨੂੰਨੀ ਮਾਪਦੰਡ ?**

ਦੇਸ਼ ਦੇ ਵੱਖ-ਵੱਖ ਸੂਬਿਆਂ ਨੇ ਆਪਣੇ ਜੇਲ੍ਹ ਕਾਨੂੰਨਾਂ ਮੁਤਾਬਿਕ ਉਮਰ ਕੈਦ ਦੀ ਘੱਟੋ-ਘੱਟ ਮਿਆਦ ਤੈਅ ਕੀਤੀ ਹੋਈ ਹੈ। ਕਈ ਮਾਮਲਿਆਂ 'ਚ 8 ਸਾਲ ਸਜ਼ਾ ਪੂਰੀ ਹੋਣ ਤੋਂ ਬਾਅਦ ਜੇਲ੍ਹ ਪ੍ਰਬੰਧਕਾਂ ਵਲੋਂ ਕੈਦੀ ਦੀ ਰਿਹਾਈ ਲਈ ਨਕਸ਼ਾ ਤਿਆਰ ਕਰ ਕੇ ਗ੍ਰਹਿ ਮੰਤਰਾਲੇ ਨੂੰ ਭੇਜਿਆ ਜਾਂਦਾ ਹੈ। ਕੁਝ ਮਾਮਲਿਆਂ ਵਿੱਚ 10, 12 ਜਾਂ 14 ਅਤੇ ਕਈ ਸੂਬਿਆਂ 'ਚ 20 ਸਾਲਾਂ ਬਾਅਦ ਇਹ ਨਕਸ਼ਾ ਭੇਜਿਆ ਜਾਂਦਾ ਹੈ, ਤਾਂ ਜੋ ਸਰਕਾਰ ਉਸ ਦਾ ਮਾਮਲਾ ਵਿਚਾਰ ਕੇ ਕੈਦੀ ਨੂੰ ਰਿਹਾਅ ਕਰਨ ਦਾ ਫ਼ੈਸਲਾ ਕਰ ਸਕੇ। ਪੰਜਾਬ 'ਚ ਪਹਿਲਾਂ ਟਾਡਾ ਕਾਨੂੰਨ ਤਹਿਤ ਸਜ਼ਾਯਾਫ਼ਤਾ ਕੈਦੀਆਂ ਦੀ ਰਿਹਾਈ ਦਾ ਨਕਸ਼ਾ 12 ਸਾਲਾਂ ਬਾਅਦ ਤੁਰਦਾ ਸੀ ਪਰ ਹੁਣ ਸਰਕਾਰ ਨੇ ਇਹ ਮਿਆਦ ਵਧਾ ਕੇ 14 ਸਾਲ ਕਰ ਦਿੱਤੀ ਹੈ। ਇਸ ਤਰ੍ਹਾਂ ਘੱਟੋ-ਘੱਟ ਮਿਆਦ ਪੂਰੀ ਕਰ ਚੁੱਕੇ ਉਮਰ ਕੈਦੀ ਦੇ ਚਾਲ-ਚੱਲਣ, ਉਸ ਦੁਆਰਾ ਕੀਤੇ ਗਏ ਜੁਰਮ ਦੀ ਕਿਸਮ ਅਤੇ ਉਸ ਜੁਰਮ ਦੇ ਸਮਾਜ 'ਤੇ ਪਏ ਪ੍ਰਭਾਵ, ਉਸ ਦੇ ਦੁਬਾਰਾ ਜੁਰਮ ਕਰਨ ਦੀ ਸੰਭਾਵਨਾ ਅਤੇ ਉਸ ਦੇ ਪਰਿਵਾਰ ਦੀ ਸਮਾਜਿਕ-ਆਰਥਿਕ ਹਾਲਤ ਸਮੇਤ ਕੁਝ ਹੋਰ ਪਹਿਲੂਆਂ ਨੂੰ ਵਿਚਾਰ ਕੇ ਉਸ ਨੂੰ ਪੱਕੇ ਤੌਰ 'ਤੇ ਰਿਹਾਅ ਕੀਤਾ ਜਾਂਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 72 ਤਹਿਤ ਦੇਸ਼ ਦੇ ਰਾਸ਼ਟਰਪਤੀ ਅਤੇ ਧਾਰਾ 161 ਤਹਿਤ ਸੂਬਿਆਂ ਦੇ ਰਾਜਪਾਲਾਂ ਕੋਲ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਖ਼ਤਮ ਕਰਨ ਜਾਂ ਮੁਆਫ਼ ਕਰਨ ਦੇ ਅਧਿਕਾਰ ਹੁੰਦੇ ਹਨ।

**ਕਿਉਂ ਨਹੀਂ ਰਿਹਾਅ ਕੀਤੇ ਜਾ ਰਹੇ ਬੰਦੀ ਸਿੰਘ ?**

ਸਮੇਂ-ਸਮੇਂ ਦੀਆਂ ਸਰਕਾਰਾਂ ਅਮਨ-ਕਾਨੂੰਨ ਅਤੇ ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਦੱਸ ਕੇ ਬਹੁਤ ਸਾਰੇ ਉਨ੍ਹਾਂ ਸਿਆਸੀ ਸਿੱਖ ਕੈਦੀਆਂ, ਜੋ ਉਮਰ ਕੈਦ ਦੀ ਘੱਟੋ-ਘੱਟ ਮਿਆਦ ਤੋਂ ਦੂਹਰੀ-ਤੀਹਰੀ ਸਜ਼ਾ ਭੁਗਤ

(ਬਾਕੀ ਸ.ਫ਼ਾ 30 'ਤੇ)

# ਰੂਸ-ਯੂਕਰੇਨ ਜੰਗ ਦਾ ਇੱਕ ਵਰ੍ਹਾ ਬੀਤਿਆ, ਪ੍ਰਮਾਣੂ ਵਿਸ਼ਵ ਜੰਗ ਦਾ ਖ਼ਤਰਾ ਮੰਡਰਾਇਆ

ਰਜਿੰਦਰ ਸਿੰਘ ਪੁਰੇਵਾਲ



ਰੂਸ ਤੇ ਯੂਕਰੇਨ ਵਿਚਾਲੇ ਜੰਗ ਦਾ ਭਲਕੇ ਇਕ ਵਰ੍ਹਾ ਪੂਰਾ ਹੋ ਚੁੱਕਾ ਹੈ। ਇਹ ਜੰਗ ਪਿਛਲੇ ਵਰ੍ਹੇ 24 ਫਰਵਰੀ ਨੂੰ ਸ਼ੁਰੂ ਹੋਈ ਸੀ। ਕੌਮਾਂਤਰੀ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਦੂਜੇ ਸਾਲ ਵਿੱਚ ਦੋਵੇਂ ਧਿਰਾਂ ਵਿਚਾਲੇ ਇਸ ਜੰਗ ਦੇ ਖ਼ਤਰਿਆਂ 'ਚ ਵਾਧਾ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਇਹ ਵਿਸ਼ਵ ਪ੍ਰਮਾਣੂ ਜੰਗ ਵੱਲ ਲਿਜਾ ਸਕਦੀ ਹੈ। ਵੱਖ-ਵੱਖ ਦੇਸ਼ ਆਪਣੀ ਪ੍ਰਮਾਣੂ ਸ਼ਕਤੀ ਵਿੱਚ ਵਾਧਾ ਕਰ ਰਹੇ ਹਨ। ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟਸ 2022 ਦੀ ਰਿਪੋਰਟ ਮੁਤਾਬਕ ਭਾਰਤ ਕੋਲ ਇਸ ਸਮੇਂ 160 ਪ੍ਰਮਾਣੂ ਹਥਿਆਰਾਂ ਦਾ ਭੰਡਾਰ ਹੈ। ਭਾਰਤ ਆਪਣੇ ਪ੍ਰਮਾਣੂ ਹਥਿਆਰਾਂ ਅਤੇ ਉਨ੍ਹਾਂ ਨੂੰ ਚਲਾਉਣ ਦੀ ਤਕਨੀਕ ਨੂੰ ਲਗਾਤਾਰ ਅੱਗੇ ਵਧਾ ਰਿਹਾ ਹੈ। ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟਸ ਦੀ ਤਾਜ਼ਾ ਰਿਪੋਰਟ ਮੁਤਾਬਕ ਭਾਰਤ ਦੀ ਪ੍ਰਮਾਣੂ ਰਣਨੀਤੀ ਦਾ ਫੋਕਸ ਚੀਨ 'ਤੇ ਵੱਧਦਾ ਜਾ ਰਿਹਾ ਹੈ। ਪਹਿਲਾਂ ਇਹ ਰਣਨੀਤੀ ਪਾਕਿਸਤਾਨ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਗਈ ਸੀ। ਐਫਏਐਸ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਘੱਟੋ-ਘੱਟ ਚਾਰ ਨਵੀਆਂ ਹਥਿਆਰ ਪ੍ਰਣਾਲੀਆਂ ਦਾ ਵਿਕਾਸ ਕੀਤਾ ਜਾ ਰਿਹਾ ਹੈ।ਇਹ ਮੌਜੂਦਾ ਹਥਿਆਰਾਂ ਨੂੰ ਰਿਪਲੇਸ ਕਰਨਗੇ ਜਾਂ ਸੁਧਾਰ ਕਰਨਗੇ। ਇਨ੍ਹਾਂ ਵਿੱਚ ਪ੍ਰਮਾਣੂ-ਸਮਰੱਥਾ ਵਾਲੇ ਹਵਾਈ ਜਹਾਜ਼, ਜ਼ਮੀਨ-ਆਧਾਰਿਤ ਡਲਿਵਰੀ ਸਿਸਟਮ ਅਤੇ ਪਣਡੁੱਬੀ ਤੋਂ ਲਾਂਚ ਕੀਤੀਆਂ ਗਈਆਂ ਮਿਜ਼ਾਈਲਾਂ ਸ਼ਾਮਲ ਹਨ।ਅਮਰੀਕੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਸਮੇਂ ਭਾਰਤ ਕੋਲ ਪ੍ਰਮਾਣੂ ਸਮਰੱਥਾ ਨਾਲ ਲੈਸ 8 ਸਿਸਟਮ ਹਨ। ਇਨ੍ਹਾਂ ਵਿਚ 2 ਏਅਰ ਕਰਾਫਟ, 4 ਜ਼ਮੀਨ 'ਤੇ ਆਧਾਰਿਤ ਬੈਲਾਸਟਿਕ ਮਿਜ਼ਾਈਲਾਂ ਅਤੇ 2 ਸਮੁੰਦਰੀ ਜਹਾਜ਼ 'ਤੇ ਆਧਾਰਿਤ ਬੈਲਾਸਟਿਕ ਮਿਜ਼ਾਈਲਾਂ ਸ਼ਾਮਲ ਹਨ। ਵਰਤਮਾਨ ਵਿੱਚ ਵਿਕਸਿਤ ਕੀਤੇ ਜਾ ਰਹੇ 4 ਨਵੇਂ ਸਿਸਟਮ ਜਲਦੀ ਹੀ ਮੈਦਾਨ ਵਿੱਚ ਉਤਰਨ ਲਈ ਤਿਆਰ ਹੋ ਜਾਣਗੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਭਾਰਤੀ ਬੈਲਾਸਟਿਕ ਮਿਜ਼ਾਈਲਾਂ ਦੀ ਰੇਂਜ ਵਿੱਚ ਹੈ।

ਐਫਏਐਸ ਦੇ ਅਨੁਸਾਰ, ਭਾਰਤ ਕੋਲ ਇਸ ਸਮੇਂ 160 ਪ੍ਰਮਾਣੂ ਹਥਿਆਰਾਂ ਦਾ ਭੰਡਾਰ ਹੈ। ਨਵੀਂ ਮਿਜ਼ਾਈਲ ਪ੍ਰਣਾਲੀ ਨੂੰ ਚਲਾਉਣ ਲਈ ਹੋਰ ਪ੍ਰਮਾਣੂ ਹਥਿਆਰ ਵੀ ਬਣਾਉਣੇ ਪੈਣਗੇ। ਇਸ ਦੇ ਲਈ ਭਾਰਤ ਨੇ 700 ਕਿਲੋਗ੍ਰਾਮ ਹਥਿਆਰ-ਗਰੇਡ ਪਲੂਟੋਨੀਅਮ ਦਾ ਉਤਪਾਦਨ ਕੀਤਾ ਹੈ। ਇਸ ਤੋਂ 138 ਤੋਂ 213 ਪ੍ਰਮਾਣੂ ਹਥਿਆਰ ਬਣਾਏ ਜਾ ਸਕਦੇ ਹਨ। ਪਾਕਿਸਤਾਨ ਕੋਲ ਭਾਰਤ ਨਾਲੋਂ ਜ਼ਿਆਦਾ ਪ੍ਰਮਾਣੂ ਹਥਿਆਰ ਹਨ। ਰਿਪੋਰਟ ਮੁਤਾਬਕ ਪਾਕਿਸਤਾਨ ਕੋਲ 165 ਹਥਿਆਰ ਹਨ। ਇਸ ਦੇ ਨਾਲ ਹੀ ਚੀਨ ਕੋਲ 350, ਅਮਰੀਕਾ ਕੋਲ 5,428 ਅਤੇ ਰੂਸ ਕੋਲ 5,977 ਪ੍ਰਮਾਣੂ ਹਥਿਆਰ ਹਨ। ਰਾਸ਼ਟਰਪਤੀ ਪੁਤਿਨ ਨੇ ਦਸੰਬਰ ਵਿੱਚ ਚੇਤਾਵਨੀ ਦਿੱਤੀ ਸੀ ਕਿ ਯੁੱਧ 'ਇੱਕ ਲੰਮੀ ਪ੍ਰਕਿਰਿਆ' ਹੋ ਸਕਦੀ ਹੈ। ਸਮੁੱਚੀ ਮਨੁੱਖਤਾ ਲਈ ਇਹ ਜੰਗ ਵੱਡਾ ਖ਼ਤਰਾ ਸਾਬਿਤ ਹੋਵੇਗੀ। ਅਮਰੀਕਾ ਤੇ ਨਾਟੋ ਦੀ ਮਦਦ ਕਾਰਨ, ਹੁਣ ਯੂਕਰੇਨ ਰੂਸ ਅੱਗੇ ਗੋਡੇ ਟੇਕਣ ਨੂੰ ਤਿਆਰ ਨਹੀਂ। ਯੂਕਰੇਨ ਆਪਣੇ ਖੋਹੇ ਇਲਾਕੇ ਵਾਪਸ ਲੈਣਾ ਚਾਹੁੰਦਾ ਹੈ। ਪਿਛਲੇ ਦਿਨੀਂ ਜਦ ਤੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਯੂਕਰੇਨ ਦਾ ਅਚਾਨਕ ਦੌਰਾ ਕੀਤਾ ਹੈ, ਤਦ ਤੋਂ ਹੀ ਯੂਕਰੇਨ ਹੌਸਲੇ ਵਿਚ ਹੈ। ਬਹੁਤ ਸਾਰੇ ਯੂਰਪੀ ਦੇਸ਼ ਤਾਂ ਪਹਿਲਾਂ ਹੀ ਉਸ ਨਾਲ ਖਲੋਤੇ ਵਿਖਾਈ ਦੇ ਰਹੇ ਹਨ। ਰੂਸ ਨੇ ਕ੍ਰੀਮੀਆ ਦੇ ਕਾਲ਼ੇ ਸਾਗਰ ਵਾਲੇ ਟਾਪੂ 'ਤੇ 2014 ਵਿਚ ਕਬਜ਼ਾ ਕਰ ਲਿਆ ਸੀ। ਓਧਰ ਨਾਟੋ ਦੇ ਸਕੱਤਰ-ਜਨਰਲ ਜੈਨਸ ਸਟੌਲਟਨਬਰਗ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਚੀਨ ਹੁਣ ਰੂਸ ਦੀ ਹਮਾਇਤ ਵਿੱਚ ਨਿੱਤਰ ਸਕਦਾ ਹੈ। ਚੀਨ ਨੇ ਭਾਵੇਂ ਅਜਿਹੀ ਕਿਸੇ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ ਪਰ ਜਿਸ ਹਿਸਾਬ ਨਾਲ ਪਿਛਲੇ ਕੁਝ ਦਿਨਾਂ ਤੋਂ ਇਸ ਮਾਮਲੇ ਨਾਲ ਜੁੜੇ ਘਟਨਾਕ੍ਰਮਾਂ ਵਿੱਚ ਤੇਜ਼ੀ ਆਈ ਹੈ, ਉਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਨਕਾਰਾਤਮਕ ਸੰਭਾਵਨਾਵਾਂ ਸਾਹਮਣੇ ਆਉਂਦੀਆਂ ਵਿਖਾਈ ਦੇ ਰਹੀਆਂ ਹਨ। ਗ਼ੌਰਤਲਬ ਹੈ ਕਿ ਅਮਰੀਕਾ, ਚੀਨ ਤੇ ਹੋਰਨਾਂ ਮੁਲਕਾਂ ਵੱਲੋਂ ਆਪਣੇ ਵਿਰੋਧੀਆਂ ਦੀ ਨਿਗਰਾਨੀ ਕਰਨਾ ਆਮ ਗੱਲ ਹੈ ਪਰ ਚੌਕਸੀ ਨਾਲ ਕੀਤਾ ਜਾਂਦਾ ਹੈ। ਕੁਲ ਮਿਲਾ ਕੇ ਪੂਰਾ ਸੰਸਾਰ ਜੰਗੀ ਮਾਹੌਲ ਦੇ ਚੱਕਰਵਿਊ ਵਿੱਚ ਫਸਿਆ ਲੋਕਾਂ ਲਈ ਗਰੀਬੀ, ਆਰਥਿਕ ਸੰਕਟ ਤੇ ਭੁੱਖਮਰੀ ਦਾ ਕਾਰਨ ਬਣ ਰਿਹਾ ਹੈ।

# ਕੋਵਿਡ ਮਹਾਂਮਾਰੀ ਤੋਂ ਬਾਅਦ ਆਰਥਿਕ ਸੰਕਟ ’ਚ ਫ਼ਸਿਆ ਰਿਹਾ ਕੈਨੇਡਾ

ਦਰਬਾਰਾ ਸਿੰਘ ਕਾਹਲੋਂ
ਸੰਪਰਕ : +1 289 8292929



ਕੀ ਕੈਨੇਡਾ ਗ਼ਲਤ ਅਤੇ ਜ਼ਿੱਲ੍ਹਣ ਭਰੀ ਆਰਥਿਕ ਦਿਸ਼ਾ ਵੱਲ ਵਧ ਰਿਹਾ ਹੈ? ਕੀ ਇਸ ਦੀ ਅਜੋਕੀ ਰਾਜਨੀਤਕ ਲੀਡਰਸ਼ਿਪ ਆਰਥਿਕ ਦਿਸ਼ਾਹੀਣਤਾ ਦੀ ਸ਼ਿਕਾਰ ਹੋ ਚੁੱਕੀ ਹੈ? ਲਗਭਗ 22 ਬਿਲੀਅਨ ਦੀ ਸਾਲਾਨਾ ਪਰਵਾਸੀ ਵਿਦਿਆਰਥੀਆਂ ਆਧਾਰਿਤ ਮਾਰਕੀਟ ਵੀ ਇਸ ਦੀ ਰੋੜ੍ਹੇ ਪਈ ਆਰਥਿਕਤਾ ਨੂੰ ਠੁੰਮ੍ਹਣਾ ਦੇਣ ’ਚ ਨਾਕਾਮ ਸਿੱਧ ਹੋ ਰਹੀ ਹੈ। ਕੀ ਲਿੰਗ ਅਤੇ ਸਮਾਜਿਕ ਅਸਮਾਨਤਾ, ਆਰਥਿਕ ਅਤੇ ਉਜਰਤਾਂ ਵਿਚ ਵਧਦੇ ਪਾੜੇ ਭਰੀ ਬੇਇਨਸਾਫ਼ੀ ਨੇ ਕੈਨੇਡੀਅਨਾਂ ਨੂੰ ਘੋਰ ਨਿਰਾਸ਼ਾ ਅਤੇ ਉਤਸ਼ਾਹ-ਹੀਣਤਾ ਦੇ ਪੀੜਾਜਨਕ ਆਲਮ ਵੱਲ ਧੱਕ ਦਿੱਤਾ ਹੈ? ਕੋਵਿਡ ਮਹਾਂਮਾਰੀ ਤੋਂ ਬਾਅਦ ਹਾਲਾਤ ਇੰਨੇ ਸੰਗੀਨ ਬਣ ਚੁੱਕੇ ਹਨ ਕਿ ਆਏ ਦਿਨ ਰੋਜ਼ਾਨਾ ਜ਼ਰੂਰਤ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਘਰੇਲੂ ਆਰਥਿਕਤਾ ਨੂੰ ਨਿੰਬੂ ਵਾਂਗ ਨਿਚੋੜ ਰਿਹਾ ਹੈ।

ਪਰਿਵਾਰ ਲਈ 500-600 ਡਾਲਰ ਦੀ ਮਾਸਿਕ ਗਰੋਸਰੀ ਹੁਣ 1500-2000 ਡਾਲਰ ਤਕ ਪਹੁੰਚ ਗਈ ਹੈ। ਵਿਆਜ ਦਰਾਂ ਵਿੱਚ ਵਾਧੇ (4.5 ਪ੍ਰਤੀਸ਼ਤ) ਨੇ ਗ਼ਰੀਬ ਅਤੇ ਮੱਧ ਵਰਗ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਔਰਤਾਂ ਅਤੇ ਨੌਜਵਾਨ ਵਰਗ ਅਤਿ ਪੀੜਤ ਮਹਿਸੂਸ ਕਰ ਰਿਹਾ ਹੈ। ਲੇਗਰ ਸਰਵੇ ਅਨੁਸਾਰ ਦੇਸ਼




ਦੀ ਵੱਡੀ ਬਹੁਗਿਣਤੀ ਕੁਝ ਇੰਜ ਮਹਿਸੂਸ ਕਰ ਰਹੀ ਹੈ ਜਿਵੇਂ ਇਸ ਦੇਸ਼ ਅੰਦਰ ਹਰ ਚੀਜ਼ ਬੁਰੀ ਤਰ੍ਹਾਂ ਟੁੱਟਣ ਦੇ ਦਹਾਨੇ ’ਤੇ ਖੜ੍ਹੀ ਹੈ। ਪਚਵੰਜਾ ਸਾਲ ਤੋਂ ਉੱਪਰ ਵਾਲੇ 64 ਪ੍ਰਤੀਸ਼ਤ ਆਦਮੀ ਅਤੇ 70 ਪ੍ਰਤੀਸ਼ਤ ਔਰਤਾਂ ਦਾ ਮੰਨਣਾ ਹੈ ਕਿ ਕੈਨੇਡਾ ਆਰਥਿਕ, ਸਮਾਜਿਕ, ਜਨਤਕ ਸੇਵਾਵਾਂ ਪੱਖੋਂ ਬੁਰੀ ਤਰ੍ਹਾਂ ਨਾਕਾਮ ਸਿੱਧ ਹੋ ਰਿਹਾ ਹੈ। ਅਮਰੀਕਾ ਅਤੇ ਪੱਛਮੀ ਦੇਸ਼ਾਂ ਵਿਚਲੇ ਰਾਜਨੀਤਕ ਆਗੂ ਸਮਝਦੇ ਹਨ ਕਿ ਕੈਨੇਡੀਅਨ ਨਾਗਰਿਕ ਉਨ੍ਹਾਂ ਦੇ ਦੇਸ਼ਾਂ ਦੇ ਨਾਗਰਿਕਾਂ ਨੂੰ ਮਿਲ ਰਹੀਆਂ ਸਹੂਲਤਾਂ, ਤਨਖ਼ਾਹਾਂ, ਰੋਜ਼ਾਨਾ ਉਜਰਤਾਂ, ਜਨਤਕ ਸੇਵਾਵਾਂ ਤੋਂ ਬੁਰੀ ਤਰ੍ਹਾਂ ਪਛੜੇ ਮਹਿਸੂਸ ਕਰ ਰਹੇ ਹਨ। ਪੱਛਮੀ ਦੇਸ਼ ਹੀ ਨਹੀਂ ਬਲਕਿ ਕੈਨੇਡਾ ਦੇ ਮੈਨੀਟੋਬਾ, ਸਸਕੈਚਵਨ, ਅਲਬਰਟਾ ਸੂਬਿਆਂ ਦੇ ਲੋਕ ਸਮਝ ਰਹੇ ਹਨ ਕਿ ਦੇਸ਼ ਬੁਰੀ ਤਰ੍ਹਾਂ ਮਾਰੂ ਖੜੋਤ ਦਾ ਸ਼ਿਕਾਰ ਹੋਇਆ ਪਿਆ ਹੈ। ਕਿਊਬੈਕ ਫਰਾਂਸੀਸੀ ਭਾਸ਼ਾਈ ਸੂਬੇ ਦੇ 59 ਪ੍ਰਤੀਸ਼ਤ ਲੋਕ ਵੀ ਆਰਥਿਕ ਪੱਖੋਂ ਅੰਧੇਰੀਆਂ ਗਲੀਆਂ ਦੇ ਸ਼ਿਕਾਰ ਮਹਿਸੂਸ ਕਰ ਰਹੇ ਹਨ। ਲੇਗਰ ਸਰਵੇ ਦਰਸਾਉਂਦਾ ਹੈ ਕਿ ਸਭ ਤੋਂ ਵੱਡੇ ਮੁੱਦੇ ਜੋ ਕੈਨੇਡੀਅਨ ਨੂੰ ਬੁਰੀ ਤਰ੍ਹਾਂ ਪੀੜਤ ਕਰ ਰਹੇ ਹਨ ਉਹ ਹਨ, ਲਗਾਤਾਰ ਵਧਦੀਆਂ ਰੋਜ਼ਮੱਰਾ ਵਰਤੋਂ ਵਾਲੀਆਂ ਵਸਤਾਂ ਦੀਆਂ ਕੀਮਤਾਂ ਅਤੇ ਸਿਹਤ ਸੇਵਾਵਾਂ ਨਾ ਮਿਲਣ ਤੋਂ 59 ਪ੍ਰਤੀਸ਼ਤ ਲੋਕ ਬੁਰੀ ਤਰ੍ਹਾਂ ਪੀੜਤ ਮਹਿਸੂਸ ਕਰ ਰਹੇ ਹਨ। ਕਿੰਨੀ ਸ਼ਰਮ ਦੀ ਗੱਲ ਹੈ ਕਿ 2.2 ਮਿਲੀਅਨ ਓਂਟੇਰੀਅਨਾਂ ਨੂੰ ਕੋਈ ਫੈਮਲੀ ਡਾਕਟਰ ਉਪਲਬਧ ਨਹੀਂ। ਸਤੰਬਰ 2004 ਵਿਚ ਕੈਨੇਡਾ ਦੇ 21ਵੇਂ ਪ੍ਰਧਾਨ ਮੰਤਰੀ ਪਾਲਮਾਰਟਨ ਨੇ ਦੇਸ਼ ਦੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਇਕ ਵਿਆਪਕ ਸਿਹਤ ਸਮਝੌਤਾ ਕੀਤਾ ਸੀ ਤਾਂ ਕਿ ਦੇਸ਼ ਅੰਦਰ ਫੇਲ ਹੋਈਆਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਇਆ ਜਾ ਸਕੇ।

ਮਕਸਦ ਮੁੱਖ ਤੌਰ ’ਤੇ ਇਹ ਸੀ ਕਿ ਦੇਸ਼ ਦੇ ਹਰ ਨਾਗਰਿਕ ਤਕ ਕੁਆਲਿਟੀ ਵਾਲੀਆਂ ਸਿਹਤ ਸੇਵਾਵਾਂ ਪਹੁੰਚਣ। ਉਸ ਸਮੇਂ ਅੱਖਾਂ, ਗੋਡੇ ਬਦਲਣ, ਚੂਲ਼ਿਆਂ ਦੇ ਟੁੱਟਣ ਸਬੰਧੀ ਸਰਜਰੀਆਂ ਲਈ ਡਾਕਟਰੀ ਸੇਵਾਵਾਂ ਦੀ ਵੱਡੀ ਘਾਟ ਪਾਈ ਜਾ ਰਹੀ ਸੀ। ਪਰਿਵਾਰਾਂ ਸਬੰਧੀ ਡਾਕਟਰਾਂ ਤੋਂ ਸਿਹਤ ਸਬੰਧੀ ਮੁਲਾਕਾਤਾਂ ਦਾ ਸਮਾਂ ਲੈਣਾ ਬਹੁਤ ਔਖਾ ਸੀ। ਲੇਕਿਨ ਕੁਝ ਸਮੇਂ ਬਾਅਦ ਨਵੀਂ ਨੀਤੀ ਫੇਲ੍ਹ ਹੋਣ ਲੱਗੀ। ਸੰਨ 2014 ਵਿਚ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਨ੍ਹਾਂ ਵਿਚ ਵੱਡੇ ਬਦਲਾਅ ਲਿਆਉਣ ਲਈ ਰਾਜਾਂ ਨੂੰ ਅਧਿਕਾਰ ਦੇਣ ਦਾ ਫ਼ੈਸਲਾ ਤਾਂ ਲਿਆ ਪਰ ਫੈਡਰਲ ਸਰਕਾਰ ਵੱਲੋਂ ਰਾਜਾਂ ਨੂੰ ਇਸ ਸਬੰਧੀ ਫੰਡ ਜਾਰੀ ਕਰਨ ਤੋਂ ਹੱਥ ਪਿੱਛੇ ਖਿੱਚਣ ਕਰਕੇ ਇਹ ਬਦਲ ਸਿਰੇ ਨਾ ਚੜ੍ਹਿਆ। ਅੱਜ ਹਾਲਾਤ ਸੰਨ 2004 ਤੋਂ ਵੀ ਮਾੜੇ ਹਨ। ਅੱਖਾਂ, ਗੋਡੇ ਬਦਲਣ, ਚੂਲਿਆਂ ਸਬੰਧੀ ਸਰਜਰੀਆਂ ਅਤੇ ਫੈਮਲੀ ਡਾਕਟਰਾਂ ਨਾਲ ਸਮੇਂ ਸਿਰ ਮੁਲਾਕਾਤਾਂ ਦਾ ਸਮਾਂ ਨਹੀਂ ਮਿਲ ਰਿਹਾ। ਬਹੁਤ ਸਾਰੇ ਭਾਰਤੀ ਤੁਰੰਤ ਇਲਾਜ ਲਈ ਭਾਰਤ ਚਲੇ ਜਾਂਦੇ ਹਨ। ਇਕ ਨਵੀਂ ਸਟੈਟਿਕਸ ਕੈਨੇਡਾ ਰਿਪੋਰਟ ਦਰਸਾਉਂਦੀ ਹੈ ਕਿ ਨੌਜਵਾਨ ਬਾਲਗ ਕੈਨੇਡੀਅਨ ਸ਼ਹਿਰੀਆਂ ਦੀ ਵਿੱਤੀ ਹਾਲਤ ਏਨੀ ਗੰਭੀਰ ਅਤੇ ਚਿੰਤਾਜਨਕ ਦੌਰ ਵਿੱਚ ਪੁੱਜ ਗਈ ਹੈ ਕਿ ਉਹ ਸਮਾਜ ਵਿਚ ਜਿਊਣ ਅਤੇ ਵਿਚਰਨ ਪ੍ਰਤੀ ਬਹੁਤ ਹੀ ਅਸਹਾਇ ਤੇ ਮਾਨਸਿਕ ਤੌਰ ’ਤੇ ਪੀੜਾਜਨਕ ਦਬਾਅ ਹੇਠ ਮਹਿਸੂਸ ਕਰ ਰਹੇ ਹਨ। ਪੈਂਤੀ ਪ੍ਰਤੀਸ਼ਤ ਕੈਨੇਡੀਅਨ ਦੱਸਦੇ ਹਨ ਕਿ ਪਿਛਲੇ ਵਰ੍ਹੇ ਉਹ ਅਤਿ ਦੀ ਘਰੇਲੂ ਵਿੱਤੀ ਘੁਟਣ ਵਿੱਚੋਂ ਗੁਜ਼ਰੇ ਹਨ ਕਿਉਂਕਿ ਉਨ੍ਹਾਂ ਲਈ ਘਰੇਲੂ ਜ਼ਰੂਰਤਾਂ ਦੀ ਪੂਰਤੀ ਅਸੰਭਵ ਹੋ ਗਈ ਸੀ।

ਲਗਭਗ ਅੱਠ ਜ਼ਰੂਰੀ ਵਸਤਾਂ ਤੇ ਉਪਭੋਗਤਾ ਕੀਮਤ ਇੰਡੈਕਸ ਵਿਚ ਸੰਨ 1982 ਤੋਂ ਬਾਅਦ ਇੰਨੇ ਵੱਡੇ ਪੱਧਰ ’ਤੇ ਵਾਧਾ ਹੋਇਆ ਕਿ ਉਹ ਉਨ੍ਹਾਂ ਦੀ ਵਿੱਤੀ ਸਮਰੱਥਾ ਤੋਂ ਬਾਹਰ ਹੁੰਦੇ ਮਹਿਸੂਸ ਹੋ ਗਈਆਂ। ਸੰਨ 2022 ਵਿਚ ਮਕਾਨ ਕਿਰਾਇਆ ਰਾਸ਼ਟਰੀ ਪੱਧਰ ’ਤੇ 11 ਪ੍ਰਤੀਸ਼ਤ ਵਧ ਗਿਆ। ਕਦੇ ਦੁਨੀਆ ਦੇ ਅਤਿ ਵਿਕਸਤ, ਖ਼ੂਬਸੂਰਤ ਅਤੇ ਵਿੱਤੀ ਜ਼ਰੂਰਤਾਂ ਪ੍ਰਤੀ ਸਮਰੱਥ ਅਤੇ ਖ਼ੁਸ਼ਹਾਲ ਦੇਸ਼ ਅਖਵਾਉਣ ਵਾਲੇ ਕੈਨੇਡਾ ਵਿਚ ਅੱਜ ਲੋਕ ਠੱਗੀਆਂ ਮਾਰਨ ’ਤੇ ਉਤਾਰੂ ਹਨ। ਲੇਖਕ ਦੇ ਘਰੋਂ ਇਕ ਕੈਰੇਬੀਅਨ ਗੁਆਂਢਣ 700 ਡਾਲਰ ਮੰਗ ਕੇ ਲੈ ਗਈ, ਪਹਿਲੀ ਤਰੀਕ ਨੂੰ ਦੇਣ ਦਾ ਵਾਅਦਾ ਕਰਕੇ। ਲਗਪਗ 4 ਮਹੀਨੇ ਹੋਣ ਵਾਲੇ ਹਨ ਪਰ ਪਹਿਲੀ ਤਰੀਕ ਅਜੇ ਨਹੀਂ ਆਈ। ਇਕ ਪੰਜਾਬੀ ਨੌਜਵਾਨ ਜੋੜੇ ਤੋਂ ਇਕ ਕਾਰੋਬਾਰ ਖੋਲ੍ਹਣ ਲਈ ਇਕ ਟੋਰਾਂਟੋ ਨਿਵਾਸੀ ਗੋਰਾ ਕਾਰੋਬਾਰੀ ਲਿਖਤੀ-ਪੜ੍ਹਤੀ 30,000 ਡਾਲਰ ਠੱਗ ਕੇ ਲੈ ਜਾਂਦਾ ਹੈ। ਉਹ ਮਿਆਦ ਤੋਂ ਪਹਿਲਾਂ ਨਾਂਹ ਕਰ ਦਿੰਦੇ ਹਨ ਕਾਰੋਬਾਰ ਸਬੰਧੀ। ਕਰੀਬ ਦੋ ਸਾਲ ਹੋਣ ਵਾਲੇ ਹਨ, ਉਹ ਪੈਸੇ ਵਾਪਸ ਕਰਨ ਲਈ ਤਿਆਰ ਨਹੀਂ। ਹੁਣ ਖਾਓ ਅਦਾਲਤਾਂ ਦੇ ਧੱਕੇ।

15 ਤੋਂ 24 ਸਾਲ ਦੇ 60 ਪ੍ਰਤੀਸ਼ਤ, 24 ਤੋਂ 34 ਸਾਲ ਦੇ 56 ਪ੍ਰਤੀਸ਼ਤ ਲੋਕ ਮਕਾਨ ਜਾਂ ਕਿਰਾਏ ਲਈ ਧਨ ਜੁਟਾਉਣ ਤੋਂ ਅਸਮਰੱਥਾ ਜ਼ਾਹਿਰ ਕਰਦੇ ਹਨ। ਲੇਕਿਨ 65 ਸਾਲ ਤੋਂ ਉੱਪਰ ਵਾਲੇ ਇਸ ਸੂਚੀ ਵਿਚ ਆਉਣ ਵਾਲੇ 27 ਪ੍ਰਤੀਸ਼ਤ ਹਨ। ਸੰਨ 2021 ਦੇ ਕੈਨੇਡੀਅਨ ਹਾਊਸਿੰਗ ਸਰਵੇ ਅਨੁਸਾਰ ਪਿਛਲੇ ਦਹਾਕੇ 2010 ਤੋਂ 2020 ਨਾਲੋਂ ਚਾਲੂ ਦਹਾਕੇ ਵਿੱਚ ਨੌਜਵਾਨਾਂ ’ਚ ਮਕਾਨ ਖ਼ਰੀਦਣ ਦੀ ਵਿੱਤੀ ਸਮਰੱਥਾ ’ਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਪਹਿਲਾਂ ਜਿਸ ਮਕਾਨ ਦੇ ਕਰਜ਼ੇ ਦੀਆਂ ਕਿਸ਼ਤਾਂ ਇਕ ਪੀੜ੍ਹੀ ਉਤਾਰ ਸਕਣਯੋਗ ਸੀ ਹੁਣ ਇਹ ਭਾਰ ਦੂਸਰੀ ਪੀੜ੍ਹੀ ਨੂੰ ਵੀ ਉਤਾਰਨਾ ਪਵੇਗਾ। ਚੁਹੱਤਰ ਪ੍ਰਤੀਸ਼ਤ ਕਾਲੇ ਅਤੇ 65 ਪ੍ਰਤੀਸ਼ਤ ਸਾਊਥ ਏਸ਼ੀਅਨ ਕੈਨੇਡੀਅਨਾਂ ਨੂੰ ਜੀਵਨ ਵਿੱਚ ਮਕਾਨ ਖ਼ਰੀਦਣ ਦਾ ਸੁਪਨਾ ਸਾਕਾਰ ਹੁੰਦਾ ਵਿਖਾਈ ਨਹੀਂ ਦਿੰਦਾ ਲੱਗਦਾ। ਬੈਂਕ ਆਫ ਕੈਨੇਡਾ ਦੇ ਪਿਛਲੇ ਮਹੀਨੇ ਦੇ ਸਰਵੇ ਅਨੁਸਾਰ 58.33 % ਕੈਨੇਡੀਅਨ ਆਪਣੀ ਮਾਸਿਕ ਗਰੋਸਰੀਜ਼ (ਕਰਿਆਨਾ) ਤੇ 50 ਪ੍ਰਤੀਸ਼ਤ ਆਪਣੇ ਯਾਤਾਯਾਤ ਦੇ ਖ਼ਰਚਿਆਂ ਵਿੱਚ ਕਟੌਤੀ ਕਰਨ ਲਈ ਮਜਬੂਰ ਹੋਏ ਹਨ। ਅਮਰੀਕੀ ਲੋਕ ਵੀ ਮਹਿੰਗਾਈ ਦੀ ਮਾਰ, ਸਿਹਤ, ਸਿੱਖਿਆ ਸੇਵਾਵਾਂ ਵਿੱਚ ਨਿਘਾਰ ਤੇ ਅਸੁਰੱਖਿਅਤ ਭਵਿੱਖ ਤੋਂ ਏਨੇ ਮਾਯੂਸ ਹਨ ਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਅੰਦਰ ਪੱਛਮ ਵਾਂਗ ਉਜਰਤਾਂ ’ਚੋਂ ਭਾਵੇਂ 50 ਪ੍ਰਤੀਸ਼ਤ ਕਟੌਤੀ ਕਰ ਲਓ ਪਰ ਉਨ੍ਹਾਂ ਵਰਗੀਆਂ ਸਿਹਤ, ਸਿੱਖਿਆ ਤੇ ਜਨਤਕ ਸੇਵਾਵਾਂ ਮੁਹੱਈਆ ਕਰਵਾਓ।

ਆਮ ਅਮਰੀਕੀ ਦੇਸ਼ ਦੀਆਂ ਗਲੋਬਲ ਚੌਧਰਵਾਦੀ ਨੀਤੀਆਂ ਤੋਂ ਤੰਗ ਆਇਆ ਪਿਆ ਹੈ। ਕਿਧਰੇ ਵੀ ਇਸ ਧਰਤੀ ’ਤੇ ਸੁਹਣੇ ਦੇਸ਼ਾਂ ਵਿੱਚੋਂ ਸਰਵੋਤਮ ਪੰਜਾਬ ਵਰਗੀ ਜਰਖੇਜ਼ ਮਿੱਟੀ, ਮਨਮੋਹਕ ਵਾਤਾਵਰਨ, ਮਾਨਵ ਸ਼ਕਤੀ ਭਰਿਆ ਦੇਸ਼ ਨਹੀਂ। ਬਸਤੀਵਾਦੀ ਬ੍ਰਿਟਿਸ਼ ਅਤੇ ਅਮਰੀਕੀ ਸਾਮਰਾਜ ਨੇ ਇਸ ਦੇ ਫ਼ਿਰਕੂ ਜ਼ਹਿਰ ਆਧਾਰਿਤ ਸਾਜ਼ਿਸ਼ ਰਾਹੀਂ ਸੰਨ 1947 ਵਿੱਚ ਦੋ ਟੋਟੇ ਕਰ ਦਿੱਤੇ। ਭਰਾਵਾਂ ਤੋਂ ਭਰਾ ਮਰਵਾ ਦਿੱਤੇ। ਦਸ ਲੱਖ ਪੰਜਾਬੀ ਮਾਰੇ ਗਏ। ਪੰਜਾਬ ਦੀ ਪੱਤ (ਧੀਆਂ-ਭੈਣਾਂ-ਮਾਵਾਂ) ਰੁਲ ਗਈ।

ਪੂਰਬੀ ਪੰਜਾਬ ਨੂੰ ਭਾਰਤ ਰੋਟੀ ਖ਼ਾਤਰ ਚੱਟ ਗਿਆ। ਪੱਛਮੀ ਪੰਜਾਬ ਨੂੰ ਫ਼ੌਜੀ ਜਨਰਲ, ਸਾਮੰਤਵਾਦੀ ਜਾਗੀਰਦਾਰੀ ਅਤੇ ਕੱਟੜਵਾਦੀ ਮੁਲਾਣਾਵਾਦ ਚੱਟ ਗਿਆ। ਪੰਜਾਬੀ ਪੰਜਾਬ ਛੱਡਣ ਲਈ ਮਜਬੂਰ ਹੋ ਗਏ। ਪੰਜਾਬੀ ਜਿਊਂਦੇ ਗੁਰੂਆਂ-ਪੀਰਾਂ-ਨਾਥਾਂ ਦੇ ਨਾਮ ’ਤੇ। ਅੱਜ ਵਿਸ਼ਵ ਦੇ ਹਰ ਕੋਨੇ ਵਿੱਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦਾ ਬੋਲਬਾਲਾ ਹੈ। ਜਿੱਥੇ ਕੈਨੇਡਾ, ਅਮਰੀਕਾ, ਪੱਛਮੀ ਦੇਸ਼ ਮਹਿੰਗਾਈ, ਕੋਵਿਡ ਮਹਾਂਮਾਰੀ, ਸਰਮਾਏਦਰਾਨਾ ਕ੍ਰੋਨੀ ਕਾਰਪੋਰੇਟਵਾਦ, ਆਰਥਿਕ ਅਤੇ ਵਿੱਤੀ ਮੰਦਹਾਲੀ ਤੋਂ ਬੁਰੀ ਤਰ੍ਹਾਂ ਹਾਲੋ-ਬੇਹਾਲ ਹਨ, ਓਥੇ ਹੀ ਪੰਜਾਬੀ ਚੜ੍ਹਦੀ ਕਲਾ ਅਤੇ ਲੋੜਵੰਦਾਂ ਦੀ ਸੇਵਾ ਸੰਭਾਲ ਵੱਲ ਰੁਚਿਤ ਹਨ। ਅਮਰੀਕੀ ਰਾਸ਼ਟਰਪਤੀ, ਕਈ ਰਾਜਾਂ ਦੇ ਗਵਰਨਰ, ਕੈਨੇਡੀਅਨ ਪ੍ਰਧਾਨ ਮੰਤਰੀ ਮੰਨ ਚੁੱਕੇ ਹਨ ਕਿ ਕੁਦਰਤੀ ਕਰੋਪੀਆਂ, ਆਰਥਿਕਤਾ ਅਤੇ ਵਿੱਤੀ ਮੰਦਹਾਲੀਆਂ ਵੇਲੇ ਜਨਤਕ ਸਾਂਭ-ਸੰਭਾਲ ਲਈ ਪੰਜਾਬੀ ਤੇ ਖ਼ਾਸ ਕਰਕੇ ਸਿੱਖ ਭਾਈਚਾਰਾ ਹਰ ਪ੍ਰਾਂਤ ਵਿੱਚ ਲੋੜੀਂਦਾ ਹੈ।



# ਦੁਨੀਆਂ ਦੇ ਸਭ ਤੋਂ ਵੱਡੇ ਏਸ਼ੀਆ ਮਹਾਂਦੀਪ ਦੀ ਤੇਜ਼ੀ ਨਾਲ ਵਿਕਸਿਤ ਹੋ ਰਹੀ ਅਰਥ ਵਿਵਸਥਾ

**ਅਸ਼ਵਨੀ ਚਤਰਥ**
ਸੇਵਾ ਮੁਕਤ ਲੈਕਚਰਾਰ,
ਚੰਦਰ ਨਗਰ, ਬਟਾਲਾ





ਏਸ਼ੀਆ ਮਹਾਂਦੀਪ ਸੰਸਾਰ ਦਾ ਸਭ ਤੋਂ ਵੱਡਾ ਮਹਾਂਦੀਪ ਹੈ, ਜਿਸ ਦਾ ਰਕਬਾ ਕਰੀਬ 4.45 ਲੱਖ ਵਰਗ ਕਿਲੋਮੀਟਰ ਹੈ। ਇਸ ਵਿਚ ਭਾਸ਼ਾ, ਧਰਮ, ਪਹਿਰਾਵੇ ਤੇ ਸੱਭਿਅਤਾ ਪੱਖੋਂ ਵੱਡੀਆਂ ਵਿਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਏਸ਼ੀਆ ਦਾ ਖੇਤਰਫਲ ਧਰਤੀ ਦੇ ਕੁੱਲ ਥਲੀ ਖੇਤਰਫਲ ਦਾ 30 ਫੀਸਦੀ ਬਣਦਾ ਹੈ, ਜਿਸ ਉੱਪਰ ਦੁਨੀਆ ਦੀ ਕੁੱਲ ਅਬਾਦੀ ਦੇ 60 ਫੀਸਦੀ ਲੋਕ ਭਾਵ 4.7 ਬਿਲੀਅਨ ਲੋਕ ਵਸਦੇ ਹਨ। ਇਹ ਦੱਖਣ ਵਲੋਂ ਹਿੰਦ ਮਹਾਂਸਾਗਰ, ਉੱਤਰ ਵਲੋਂ ਆਰਕਟਿਕ ਮਹਾਂਸਾਗਰ, ਪੂਰਬ ਵਲੋਂ ਪ੍ਰਸ਼ਾਂਤ ਮਹਾਂਸਾਗਰ ਅਤੇ ਪੱਛਮ ਵਲੋਂ ਯੂਰਪੀ ਮਹਾਂਦੀਪ ਨਾਲ ਘਿਰਿਆ ਹੋਇਆ ਹੈ। ਸੰਸਾਰ ਦੇ ਸੱਤ ਮਹਾਂਦੀਪਾਂ ਵਿਚੋਂ ਸਭ ਤੋਂ ਲੰਮੀ ਸਮੁੰਦਰ ਤੱਟੀ (ਏਸ਼ੀਆ ਦੀ ਸਮੁੰਦਰ ਤੱਟ ਲੰਬਾਈ 62, 800 ਕਿਲੋਮੀਟਰ ਹੈ) ਵਾਲਾ ਏਸ਼ੀਆ ਮਹਾਂਦੀਪ ਦੁਨੀਆ ਦੀਆਂ ਅਨੇਕਾਂ ਸੱਭਿਅਤਾਵਾਂ ਦਾ ਸਿਰਜਣਹਾਰ ਅਤੇ ਪਾਲਣਹਾਰ ਹੈ। ਮਿਸਰ ਦੇਸ਼ ਦੀ ਸਵੇਜ਼ ਨਹਿਰ ਏਸ਼ੀਆ ਨੂੰ ਅਫਰੀਕਾ ਮਹਾਂਦੀਪ ਨਾਲ ਜੋੜਦੀ ਹੈ, ਜਦਕਿ ਯੂਰਾਲ ਨਦੀ ਅਤੇ ਯੂਰਾਲ ਪਰਬਤ ਏਸ਼ੀਆਂ ਅਤੇ ਯੂਰਪ ਮਹਾਂਦੀਪਾਂ ਵਿਚਕਾਰ ਆਉਂਦੇ ਹਨ। ਸੰਸਾਰ ਦਾ ਸਭ ਤੋਂ ਵੱਡੇ ਦੀਪਾਂ ਦਾ ਸਮੂਹ 'ਮਾਲੇ' ਏਸ਼ੀਆ ਨੂੰ ਓਸ਼ੀਆਨੀਆ ਮਹਾਂਦੀਪ ਨਾਲ ਜੋੜਦਾ ਹੈ। ਚੀਨ ਵਿਚੋਂ ਲੰਘਦੀ 6211 ਕਿਲੋਮੀਟਰ ਲੰਮੀ 'ਯਾਂਗਜੀ' ਨਦੀ ਏਸ਼ੀਆ ਦੀ ਸਭ ਤੋਂ ਲੰਮੀ ਨਦੀ ਹੈ। ਆਕਾਰ ਪੱਖੋਂ ਬਹੁਤ ਵੱਡਾ ਹੋਣ ਕਾਰਨ ਇਸ ਮਹਾਂਦੀਪ ਦੇ ਵੱਖ-ਵੱਖ ਹਿੱਸਿਆਂ ਵਿੱਚ ਮੌਸਮ ਪੱਖੋਂ ਵੱਡੀਆਂ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਜਿੱਥੇ ਇਕ ਪਾਸੇ ਮੱਧ-ਪੂਰਬੀ ਇਲਾਕੇ ਵਿਚ ਖੁਸ਼ਕ ਰੇਗਿਸਤਾਨ ਹੈ, ਉੱਥੇ ਹੀ ਦੂਜੇ ਪਾਸੇ ਸਾਈਬੇਰੀਆ ਇਲਾਕੇ ਵਿੱਚ ਸਰਦੀਆਂ ਰੁੱਤੇ ਅੱਤ ਦੀ ਠੰਢ ਵੇਖਣ ਨੂੰ ਮਿਲਦੀ ਹੈ। ਏਸ਼ੀਆ ਦੇ 49 ਦੇਸ਼ਾਂ ਵਿਚੋਂ ਪੰਜ ਦੇਸ਼ ਰੂਸ, ਤੁਰਕੀ, ਕਜ਼ਾਕਿਸਤਾਨ, ਜਾਰਜੀਆ ਅਤੇ ਐਜ਼ਰਬਾਈਜਾਨ ਅੰਤਰ ਮਹਾਂਦੀਪੀ ਦੇਸ਼ ਹਨ ਭਾਵ ਇਨ੍ਹਾਂ ਦਾ ਇਕ ਹਿੱਸਾ ਏਸ਼ੀਆ ਅਤੇ ਦੂਜਾ ਹਿੱਸਾ ਯੂਰਪ ਨਾਲ ਲੱਗਦਾ ਹੈ। ਯੂਰਪੀ ਦੇਸ਼ ਵਪਾਰ ਕਰਨ ਲਈ ਜਾਂ ਖਣਿਜ ਪਦਾਰਥਾਂ ਦੀ ਖੋਜ ਲਈ ਪੁਰਾਤਨ ਸਮੇਂ ਤੋਂ ਹੀ ਏਸ਼ੀਆਈ ਦੇਸ਼ਾਂ ਖਾਸ ਕਰਕੇ ਭਾਰਤ ਅਤੇ ਚੀਨ ਵੱਲ ਆਕਰਸ਼ਿਤ ਹੁੰਦੇ ਰਹੇ ਹਨ। ਇਸ ਦੀ ਇਕ ਉਦਾਹਰਣ ਯੂਰਪੀ ਦੇਸ਼ਾਂ ਦਾ ਚੀਨ ਨਾਲ ਹੁੰਦਾ ਰਿਹਾ ਵਪਾਰ ਸੀ। ਇਸ ਵਪਾਰ ਦੌਰਾਨ ਰੇਸ਼ਮ ਚੀਨ ਤੋਂ ਯੂਰਪ ਵੱਲ ਅਤੇ ਸੋਨਾ, ਚਾਂਦੀ ਅਤੇ ਉੱਨ ਯੂਰਪ ਤੋਂ ਚੀਨ ਵੱਲ ਜਾਂਦੇ ਸਨ। ਇਹ ਵਪਾਰ ਪਹਿਲੀ ਸਦੀਂ ਤੋਂ ਪੰਦਰਵੀਂ ਸਦੀ ਤੱਕ ਚੱਲਦਾ ਰਿਹਾ ਸੀ। ਚੀਨ, ਤੁਰਕਮੇਨਿਸਤਾਨ, ਉਜ਼ਬੇਕਿਸਤਾਨ, ਅਫਗਾਨਿਸਤਾਨ, ਤੁਰਕੀ, ਇਰਾਕ, ਈਰਾਨ, ਪਾਕਿਸਤਾਨ, ਰੂਸ ਅਤੇ ਸੀਰੀਆ ਦੇਸ਼ਾਂ ਵਿਚੋਂ ਲੰਘਦੇ 6400 ਕਿਲੋਮੀਟਰ ਲੰਮੇ ਰਸਤੇ, ਜਿਸ ਰਸਤੇ ਉੱਤੇ ਇਹ ਵਪਾਰ ਹੁੰਦਾ ਸੀ ਉਸ ਨੂੰ ਸਿਲਕ ਰੂਟ ਜਾਂ ਸਿਲਕ ਰੋਡ ਜਾਂ ਰੇਸ਼ਮ ਰਸਤੇ ਦਾ ਨਾਂ ਦਿੱਤਾ ਗਿਆ ਸੀ।

ਅਜੋਕੇ ਸਮੇਂ ਵਿਚ ਏਸ਼ੀਆ ਅਰਥ ਵਿਵਸਥਾ ਪੱਖੋਂ ਸਭ ਤੋਂ ਵੱਧ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਮਹਾਂਦੀਪ ਹੈ। ਚੀਨ, ਜਾਪਾਨ ਅਤੇ ਭਾਰਤ ਦੀਆਂ ਵਿਕਸਿਤ ਹੋ ਰਹੀਆਂ ਅਰਥਵਿਵਸਥਾਵਾਂ ਇਸ ਦੀਆਂ ਉਦਾਹਰਣਾਂ ਹਨ। ਏਸ਼ੀਆ ਦੇ ਦੇਸ਼ਾਂ ਈਰਾਨ, ਕਜ਼ਾਕਿਸਤਾਨ, ਕੁਵੈਤ, ਤੁਰਕਮੇਨਿਸਤਾਨ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ



ਅਤੇ ਓਮਾਨ ਆਦਿ ਵਿੱਚ ਖਣਿਜ ਪਦਾਰਥਾਂ ਦੇ ਅਥਾਹ ਭੰਡਾਰ ਮੌਜੂਦ ਹਨ, ਜੋ ਇਸ ਇਲਾਕੇ ਦੀ ਤਰੱਕੀ 'ਚ ਵੱਡੀ ਭੂਮਿਕਾ ਨਿਭਾਅ ਰਹੇ ਹਨ। ਇਕ ਸਮਾਂ ਸੀ ਜਦੋਂ ਭਾਰਤ ਨੂੰ ਵੀ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਇਕ ਉੱਘੇ ਇਤਿਹਾਸਕਾਰ ਅੰਗਸ ਮੈਡੀਸਨ ਦੁਆਰਾ ਲਿਖੀ ਕਿਤਾਬ 'ਦਿ ਵਰਲਡ ਇਕਾਨਮੀ' ਵਿੱਚ ਦੱਸਿਆ ਗਿਆ ਹੈ ਕਿ ਦਸਵੀਂ ਸਦੀ ਤੱਕ ਭਾਰਤ ਵਿਸ਼ਵ ਦੀ ਸਭ ਤੋਂ ਵੱਡੀ ਅਰਥ ਵਿਵਸਥਾ ਸੀ। ਦੁਨੀਆ ਦੀ ਕੁੱਲ ਅਬਾਦੀ ਦੇ ਅੱਧੇ ਤੋਂ ਵੱਧ ਵਸੋਂ ਵਾਲੇ ਏਸ਼ੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਪੈਟਰੋਲੀਅਮ, ਕੋਲਾ, ਤਾਂਬਾ, ਚਾਂਦੀ, ਜੰਗਲਾਤ ਅਤੇ ਮੱਛੀ ਦੇ ਅਥਾਹ ਭੰਡਾਰ ਮੌਜੂਦ ਹਨ ਅਤੇ ਨਾਲ ਹੀ ਇੱਥੇ ਹੁਨਰਮੰਦ ਕਿਰਤੀ ਅਤੇ ਅਕੁਸ਼ਲ ਮਜ਼ਦੂਰ ਘੱਟ ਮਿਹਨਤਾਨੇ 'ਤੇ ਉਪਲੱਬਧ ਹਨ। ਇਸ ਲਈ ਦੁਨੀਆ ਭਰ ਦੀਆਂ ਬਹੁਕੌਮੀ ਕੰਪਨੀਆਂ ਆਪਣੇ ਅਦਾਰੇ ਏਸ਼ੀਆ ਵਿੱਚ ਖੋਲ੍ਹਣਾ ਪਸੰਦ ਕਰਦੀਆਂ ਹਨ।

ਸੱਭਿਆਚਾਰ ਪੱਖੋਂ ਵੀ ਏਸ਼ੀਆ ਦਾ ਇਕ ਬੇਹੱਦ ਅਮੀਰ ਵਿਰਸਾ ਹੈ। ਬੰਗਾਲੀ ਕਵੀ, ਨਾਟਕਕਾਰ ਅਤੇ ਪ੍ਰਸਿੱਧ ਲੇਖਕ ਰਵਿੰਦਰ ਨਾਥ ਟੈਗੋਰ ਨੂੰ ਸੰਨ 1913 ਵਿਚ ਉਸ ਦੀ ਰਚਨਾ 'ਗੀਤਾਂਜਲੀ' ਲਈ ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ ਸੀ। ਅਜਿਹੀ ਉਪਲਬਧੀ ਹਾਸਲ ਕਰਨ ਵਾਲਾ ਉਹ ਪਹਿਲਾ ਭਾਰਤੀ ਬਣਿਆ ਸੀ। ਏਸ਼ੀਆ ਵਿਚ ਸਭ ਤੋਂ ਵੱਧ 24 ਨੋਬਲ ਪੁਰਸਕਾਰ ਜਾਪਾਨ ਨੂੰ ਮਿਲੇ ਹਨ ਅਤੇ ਦੂਜੇ ਨੰਬਰ 'ਤੇ ਭਾਰਤ ਆਉਂਦਾ ਹੈ, ਜਿਸ ਨੂੰ 13 ਨੋਬਲ ਪੁਰਸਕਾਰ ਪ੍ਰਾਪਤ ਹੋਏ ਹਨ।



ਸੱਭਿਆਚਾਰਕ ਵਿਰਸੇ ਪੱਖੋਂ ਭਾਰਤ ਏਸ਼ੀਆ ਦਾ ਇਕ ਪੁਰਾਤਨ ਦੇਸ਼ ਹੈ। ਇੱਥੇ ਕਰੋੜਾਂ ਵਿਦੇਸ਼ੀ ਸੈਲਾਨੀ ਹਰ ਸਾਲ ਦਿੱਲੀ, ਪੰਜਾਬ, ਆਗਰਾ, ਮੁੰਬਈ ਅਤੇ ਜੈਪੁਰ ਵਿਖੇ ਯਾਤਰਾ ਲਈ ਆਉਂਦੇ ਰਹਿੰਦੇ ਹਨ। ਆਗਰਾ ਦਾ ਤਾਜ ਮਹਿਲ, ਦਿੱਲੀ ਦਾ ਲਾਲ ਕਿਲ੍ਹਾ ਅਤੇ ਜੈਪੁਰ ਦੇ ਸਿਟੀ ਪੈਲੇਸ, ਜੰਤਰ ਮੰਤਰ ਅਤੇ ਹਵਾ ਮਹਿਲ ਯਾਤਰੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਪੰਜਾਬ ਦਾ ਅਮੀਰ ਸੱਭਿਆਚਾਰਕ ਵਿਰਸਾ ਸੈਲਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਜ਼ਿਕਰਯੋਗ ਹੈ ਕਿ ਰੋਜ਼ਾਨਾ ਹੀ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਸਾਰੀ ਮਨੁੱਖਤਾ ਨੂੰ ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ਵਾਲੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੁੰਦੇ ਹਨ ਅਤੇ ਗੁਰਬਾਣੀ ਦੇ ਨਿਰੰਤਰ ਚੱਲਦੇ ਅੰਮ੍ਰਿਤਮਈ ਪ੍ਰਵਾਹ ਦਾ ਅਨੰਦ ਮਾਣਦੇ ਹਨ। ਏਸ਼ੀਆ ਦਾ ਸਭ ਤੋਂ ਵੱਡਾ ਹਿਮਾਲਾ ਪਰਬਤ ਚਾਰ ਦੇਸ਼ਾਂ ਭੂਟਾਨ, ਭਾਰਤ, ਚੀਨ ਅਤੇ ਨਿਪਾਲ ਵਿਚੋਂ ਹੋ ਕੇ ਲੰਘਦਾ ਹੈ, ਜਿਸ ਦੀ ਤਕਰੀਬਨ ਲੰਬਾਈ 2400 ਕਿਲੋਮੀਟਰ ਹੈ। ਇਹ ਭਾਰਤੀ ਉਪ ਮਹਾਂਦੀਪ ਦੇ ਮੈਦਾਨਾਂ ਨੂੰ ਤਿੱਬਤ ਦੇ ਪਠਾਰਾਂ ਤੋਂ ਵੱਖ ਕਰਦਾ ਹੈ। ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ, ਜਿਸਦੀ ਉਚਾਈ 8848.86 ਮੀਟਰ ਜਾਂ 29031.7 ਫੁੱਟ ਹੈ, ਹਿਮਾਲਿਆ ਪਰਬਤ ਦਾ ਹੀ ਹਿੱਸਾ ਹੈ। ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਬੁਰਜ ਖ਼ਲੀਫਾ ਏਸ਼ੀਆ ਦੇ ਦੁਬਈ ਵਿੱਚ ਸਥਿਤ ਹੈ। ਏਸ਼ੀਆ ਦੇ ਨਿਪਾਲ, ਭੂਟਾਨ, ਅਫਗਾਨਿਸਤਾਨ, ਮੰਗੋਲੀਆ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਐਜ਼ਰਬਾਈਜਾਨ ਅਤੇ ਆਰਮੀਨੀਆ ਦੇਸ਼ਾਂ ਦੀ ਹੱਦ ਕਿਸੇ ਸਮੁੰਦਰ ਨਾਲ ਨਹੀਂ ਲੱਗਦੀ ਹੈ। ਏਸ਼ੀਆ ਦੇ ਸਭ ਤੋਂ ਵੱਡੇ ਟਾਪੂ 'ਬਾਰਨਿਓ' ਉੱਤੇ ਤਿੰਨ ਦੇਸ਼ਾਂ ਮਲੇਸ਼ੀਆ, ਬਰੂਨੀ ਅਤੇ ਇੰਡੋਨੇਸ਼ੀਆ ਦਾ ਹੱਕ ਹੈ। ਏਸ਼ੀਆ, ਜੋ ਕਿ ਵਿਸ਼ਵ ਦੇ ਅਨੇਕਾਂ ਪ੍ਰਮੁੱਖ ਧਰਮਾਂ ਦਾ ਜਨਮ ਸਥਾਨ ਵੀ ਹੈ, ਵਿੱਚ ਸਾਰਿਆਂ ਹੀ ਧਰਮਾਂ ਦੇ ਲੋਕ ਆਪਸ ਵਿੱਚ ਮਿਲਵਰਤਨ ਅਤੇ



ਭਾਈਚਾਰੇ ਦੀ ਭਾਵਨਾ ਨਾਲ ਰਹਿੰਦੇ ਹਨ। ਇਸ ਮਹਾਂਦੀਪ ਵਿੱਚ 2300 ਦੇ ਕਰੀਬ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਭਾਰਤ ਵਿਚ 20 ਮਿਲੀਅਨ ਟਨ ਅੰਬ ਹਰ ਸਾਲ ਪੈਦਾ ਕੀਤੇ ਜਾਂਦੇ ਹਨ, ਜੋ ਕਿ ਵਿਸ਼ਵ ਵਿੱਚ ਸਭ ਤੋਂ ਵੱਧ ਉਤਪਾਦਨ ਹੈ। ਸੰਸਾਰ ਵਿਚ ਸਭ ਤੋਂ ਵੱਧ ਚਾਵਲ ਏਸ਼ੀਆ ਵਿੱਚ ਹੀ ਪੈਦਾ ਕੀਤੇ ਜਾਂਦੇ ਹਨ। ਦੁਨੀਆ 'ਚ ਸਭ ਤੋਂ ਵੱਧ ਮਨੁੱਖੀ ਔਸਤ ਉਮਰ ਏਸ਼ੀਆ ਦੇ ਹਾਂਗਕਾਂਗ ਅਤੇ ਜਾਪਾਨ ਦੇ ਲੋਕਾਂ ਦੀ ਹੈ। ਸੰਸਾਰ ਦਾ ਸਭ ਤੋਂ ਘੱਟ ਕਾਰਬਨ ਨਿਕਾਸੀ ਕਰਨ ਵਾਲਾ ਦੇਸ਼ ਭੂਟਾਨ ਵੀ ਏਸ਼ੀਆ ਵਿੱਚ ਹੀ ਹੈ। ਇੰਡੋਨੇਸ਼ੀਆ ਵਿਚ ਸਭ ਤੋਂ ਵੱਧ ਸਰਗਰਮ ਜਵਾਲਾਮੁਖੀ ਮੌਜੂਦ ਹਨ। ਕਾਗਜ਼ ਦੀ ਖੋਜ ਕਰੀਬ ਦੋ ਹਜ਼ਾਰ ਸਾਲ ਪਹਿਲਾਂ ਚੀਨ ਵਿਚ ਹੋਈ ਸੀ। ਇੰਡੋਨੇਸ਼ੀਆ ਸਭ ਤੋਂ ਜ਼ਿਆਦਾ ਨਾਰੀਅਲ ਬਰਾਮਦ ਕਰਨ ਵਾਲਾ ਦੇਸ਼ ਹੈ। ਇਜ਼ਰਾਈਲ ਅਤੇ ਜਾਰਡਨ ਵਿਚਾਲੇ ਸਥਿਤ 'ਡੈੱਡ ਸੀ' ਭਾਵ 'ਮ੍ਰਿਤ ਸਾਗਰ', ਧਰਤੀ ਦੀ ਸਭ ਤੋਂ ਨੀਵੀਂ ਥਾਂ ਹੈ। ਭੂਟਾਨ ਇਕੱਲਾ ਦੇਸ਼ ਹੈ, ਜਿਸ ਵਿਚ ਤੰਬਾਕੂ ਉੱਤੇ ਰੋਕ ਲੱਗੀ ਹੋਈ ਹੈ।

ਦੁਨੀਆ ਦੀ ਸਭ ਤੋਂ ਉੱਚੀ ਸੜਕ ਲੱਦਾਖ ਵਿੱਚ ਹੈ। ਸੰਸਾਰ ਵਿੱਚ ਅਰਬਪਤੀਆਂ ਦੀ ਗਿਣਤੀ ਏਸ਼ੀਆ ਵਿੱਚ ਸਭ ਤੋਂ ਜ਼ਿਆਦਾ ਹੈ। ਜਾਪਾਨ ਦਾ ਟੋਕੀਓ ਸ਼ਹਿਰ ਸਭ ਤੋਂ ਵੱਧ ਵਸੋਂ ਵਾਲਾ ਸ਼ਹਿਰ ਹੈ, ਜਿੱਥੇ 38 ਮਿਲੀਅਨ ਲੋਕ ਰਹਿੰਦੇ ਹਨ। 2,81,800 ਵਰਗ ਕਿਲੋਮੀਟਰ ਰਕਬੇ ਵਾਲਾ ਗੋਬੀ ਮਾਰੂਥਲ ਏਸ਼ੀਆ ਦਾ ਸਭ ਤੋਂ ਵੱਡਾ, ਠੰਢਾ ਅਤੇ ਖੁਸ਼ਕ ਰੇਗਿਸਤਾਨ ਹੈ। ਦੁਨੀਆ ਦੇ ਸੱਤ ਅਜੂਬਿਆਂ ਵਿਚੋਂ ਤਿੰਨ ਅਜੂਬੇ ਤਾਜ ਮਹਿਲ (ਭਾਰਤ), ਚੀਨ ਦੀ ਦੀਵਾਰ ਅਤੇ ਜਾਰਡਨ ਦਾ ਪੈਟਰਾ ਗੁੰਬਦ ਏਸ਼ੀਆ ਵਿੱਚ ਹੀ ਹਨ।

# ਇਤਿਹਾਸਕ ਕਿਲ੍ਹਿਆਂ ਦੀ ਨਗਰੀ- ਸ੍ਰੀ ਅਨੰਦਪੁਰ ਸਾਹਿਬ

ਬਹਾਦਰ ਸਿੰਘ ਗੋਸਲ







ਖ਼ਾਲਸੇ ਦੀ ਜਨਮ ਭੂਮੀ ਅਨੰਦਪੁਰ ਸਾਹਿਬ ਦਾ ਨਾਂ ਸੁਣਦਿਆਂ ਹੀ ਸਿਰ ਸਿਜਦੇ ਵਿੱਚ ਝੁਕ ਜਾਂਦਾ ਹੈ। ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਸ ਥਾਂ ਦੀ ਵਿਲੱਖਣਤਾ ਦੇਖਦਿਆਂ ਇੱਥੇ ਇਹ ਨਗਰੀ ਵਸਾਉਣ ਦਾ ਫ਼ੈਸਲਾ ਲਿਆ ਸੀ। ਇਸ ਥਾਂ ਦੀ ਸੁੰਦਰਤਾ ਤੇ ਕੁਦਰਤੀ ਨਜ਼ਾਰਿਆਂ ਕਾਰਨ ਇਸ ਨੂੰ ਧਰਮ ਪ੍ਰਚਾਰ ਲਈ ਚੁਣਿਆ ਗਿਆ। ਇਤਿਹਾਸਕ ਖੋਜ ਤੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਅਨੰਦਪੁਰ ਵਾਲੀ ਜਗ੍ਹਾ, ਬਿਲਾਸਪੁਰ ਦੀ ਵਿਧਵਾ ਰਾਣੀ ਨੇ ਮਾਤਾ ਨਾਨਕੀ ਨੂੰ ਪੰਜ ਸੌ ਰੁਪਏ ਵਿੱਚ ਦਿੱਤੀ ਸੀ ਅਤੇ ਫਿਰ ਅੱਸੂ ਸੰਮਤ 1722 ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਇੱਥੇ ਨਾਨਕੀ ਚੱਕ ਦੀ ਨੀਂਹ ਰੱਖੀ ਸੀ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਲਗਭਗ 25 ਸਾਲ ਇੱਥੇ ਗੁਜ਼ਾਰੇ। ਭੰਗਾਣੀ ਦੇ ਯੁੱਧ ਤੋਂ ਬਾਅਦ ਦਸਮ ਪਿਤਾ ਨੇ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਤੋਂ ਰੱਖਿਆ ਲਈ ਅਨੰਦਪੁਰ ’ਚ ਪੰਜ ਕਿਲ੍ਹੇ ਤਿਆਰ ਕਰਵਾਏ। ਕਈ ਜਗ੍ਹਾ ਇਨ੍ਹਾਂ ਕਿਲ੍ਹਿਆਂ ਦੀ ਗਿਣਤੀ ਛੇ ਵੀ ਲਿਖੀ ਜਾਂਦੀ ਹੈ ਕਿਉਂਕਿ ਸ੍ਰੀ ਕੇਸਗੜ੍ਹ ਸਾਹਿਬ ਵੀ ਕੇਂਦਰੀ ਕਿਲ੍ਹੇ ਵਜੋਂ ਜਾਣਿਆ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਇਹ ਇਤਿਹਾਸਕ ਕਿਲ੍ਹੇ ਹੁਣ ਗੁਰਦੁਆਰਿਆਂ ਦੇ ਰੂਪ ਵਿੱਚ ਮੌਜੂਦ ਹਨ : **ਤਖ਼ਤ ਸ੍ਰੀ ਕੇਸਗੜ੍ਹ ਸਾਹਿਬ:** ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸਾਰੇ ਗਏ ਕੇਂਦਰੀ ਕਿਲ੍ਹੇ ਨੂੰ ਕੇਸਗੜ੍ਹ ਸਾਹਿਬ ਦਾ ਨਾਂ ਦਿੱਤਾ ਗਿਆ ਅਤੇ ਇਹ 1699 ਵਿੱਚ ਤਿਆਰ ਹੋਇਆ। ਇਹ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ। ਆਮ ਤੌਰ ਉੱਤੇ ਕੇਸਗੜ੍ਹ ਸਾਹਿਬ ਨੂੰ ਕਿਲ੍ਹਾ ਨਹੀਂ ਜਾਣਿਆ ਜਾਂਦਾ ਕਿਉਂਕਿ ਇਸ ਦੀ ਬਣਤਰ ਬਾਕੀ ਪੰਜ ਕਿਲ੍ਹਿਆਂ ਨਾਲੋਂ ਭਿੰਨ ਸੀ। ਉੱਚੀ ਪਹਾੜੀ ਉਤੇ ਦਰਬਾਰ ਲਗਾਉਣ ਲਈ 1689 ਵਿੱਚ ਇਸ ਦਾ ਨਿਰਮਾਣ ਸ਼ੁਰੂ ਹੋਇਆ ਅਤੇ ਇਹ 1699 ਤਕ ਚੱਲਦਾ ਰਿਹਾ। ਇਸ ਸਥਾਨ ਉੱਤੇ ਹੀ ਪੰਜ ਪਿਆਰਿਆਂ ਦੀ ਚੋਣ ਕਰ ਕੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਗਈ। **ਕਿਲ੍ਹਾ ਲੋਹਗੜ੍ਹ ਸਾਹਿਬ:** ਇਹ ਕਿਲ੍ਹਾ, ਸ੍ਰੀ ਕੇਸਗੜ੍ਹ ਸਾਹਿਬ ਤੋਂ ਡੇਢ ਕਿਲੋਮੀਟਰ ਦੱਖਣ-ਪੱਛਮ ਦਿਸ਼ਾ



ਵਿੱਚ ਸੁਸ਼ੋਭਿਤ ਹੈ। ਇਸ ਅਸਥਾਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹਥਿਆਰ ਤਿਆਰ ਕਰਨ ਦੀ ਫੈਕਟਰੀ ਲਾਈ ਗਈ ਸੀ। ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਉੱਤੇ ਕਈ ਵਾਰ ਹਮਲੇ ਕੀਤੇ ਪਰ ਇਸ ਕਿਲ੍ਹੇ ਤਕ ਪੁੱਜਣ ਦਾ ਉਨ੍ਹਾਂ ਦਾ ਹੌਸਲਾ ਨਹੀਂ ਸੀ ਪੈਂਦਾ।

**ਕਿਲ੍ਹਾ ਹੋਲਗੜ੍ਹ ਸਾਹਿਬ :** ਇਸ ਕਿਲ੍ਹੇ ਦਾ ਦੂਜਾ ਨਾਂ ਅਗਮਗੜ੍ਹ ਵੀ ਹੈ ਅਤੇ ਇਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1701 ਵਿੱਚ ਬਸੰਤ ਰੁੱਤ ਵਿੱਚ ਤਿਆਰ ਕਰਵਾਇਆ ਗਿਆ ਸੀ। ਇਸ ਕਿਲ੍ਹੇ ਵਿੱਚ ਹਿੰਦੂਆਂ ਵੱਲੋਂ ਹੋਲੀ ਮਨਾਉਣ ਸਮੇਂ ਰੰਗਾਂ ਦੀ ਵਰਤੋਂ ਕਰਨ ਦੀ ਥਾਂ ਗੁਰੂ ਜੀ ਨੇ ਸਿੰਘਾਂ ਲਈ ਆਪਣੀ ਹਥਿਆਰ ਕਲਾ ਦਾ ਪ੍ਰਦਰਸ਼ਨ ਕਰ ਕੇ ਹੋਲਾ ਮਹੱਲਾ ਸ਼ੁਰੂ ਕੀਤਾ। ਇੱਥੇ ਹੀ ਯੁੱਧ ਨੀਤੀ ਦੇ ਅਭਿਆਸ ਕੀਤੇ ਜਾਂਦੇ ਸਨ।

**ਕਿਲ੍ਹਾ ਅਨੰਦਗੜ੍ਹ ਸਾਹਿਬ :** ਅਨੰਦਗੜ੍ਹ ਸਾਹਿਬ ਦਾ ਕਿਲ੍ਹਾ, ਸ੍ਰੀ ਕੇਸਗੜ੍ਹ ਸਾਹਿਬ ਤੋਂ 800 ਮੀਟਰ ਦੀ ਦੂਰੀ ਉੱਤੇ ਦੱਖਣ-ਪੂਰਬ ਵੱਲ ਬਣਾਇਆ ਗਿਆ ਸੀ। ਇਸ ਕਿਲ੍ਹੇ ਵਿੱਚ ਪਵਿੱਤਰ ਬਾਉਲੀ ਸਾਹਿਬ ਬਣਾਈ ਗਈ ਹੈ। ਅਨੰਦਗੜ੍ਹ ਸਾਹਿਬ ਪਹੁੰਚਣ ਲਈ ਪੌੜੀਆਂ ਬਣਾਈਆਂ ਗਈਆਂ ਅਤੇ ਇਸ ਦਾ ਪ੍ਰਵੇਸ਼ ਦੁਆਰ ਕੀਰਤਪੁਰ ਸਾਹਿਬ ਵੱਲ ਰੱਖਿਆ ਗਿਆ।

**ਕਿਲ੍ਹਾ ਫ਼ਤਿਹਗੜ੍ਹ ਸਾਹਿਬ:** ਅਨੰਦਪੁਰ ਸਾਹਿਬ ਦੀ ਰੱਖਿਆ ਲਈ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਹ ਕਿਲ੍ਹਾ ਸਹੋਤਾ ਪਿੰਡ ਦੀ ਜੂਹ ਵਿੱਚ ਬਣਾਇਆ ਗਿਆ। ਜਦੋਂ ਇਹ ਕਿਲ੍ਹਾ ਬਣਾਇਆ ਗਿਆ, ਉਸ ਸਮੇਂ ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ ਹੋਇਆ ਸੀ, ਜਿਸ ਕਰਕੇ ਇਸ ਕਿਲ੍ਹੇ ਦਾ ਨਾਂ ਵੀ ਫ਼ਤਹਿਗੜ੍ਹ ਰੱਖ ਦਿੱਤਾ ਗਿਆ। ਇਹ ਕਿਲ੍ਹਾ ਅਨੰਦਪੁਰ ਸਾਹਿਬ ਦੇ ਉੱਤਰੀ ਬਾਹਰੀ ਇਲਾਕੇ ਵਿੱਚ ਬਣਾਇਆ ਗਿਆ।

**ਕਿਲ੍ਹਾ ਤਾਰਾਗੜ੍ਹ ਸਾਹਿਬ :** ਤਾਰਾਗੜ੍ਹ ਸਾਹਿਬ ਦਾ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਬਾਹਰ ਪੰਜ ਕਿਲੋਮੀਟਰ ਦੂਰ ਸਥਿਤ ਹੈ। ਇਹ ਉੱਚੀ ਪਹਾੜੀ ਦੀ ਚੋਟੀ ’ਤੇ ਬਣਾਇਆ ਗਿਆ ਸੀ ਤਾਂ ਕਿ ਦੂਰ-ਦੂਰ ਤੱਕ ਕਹਿਲੂਰ ਰਾਜ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖੀ ਜਾ ਸਕੇ। ਇਹ ਕਿਲ੍ਹਾ ਬਣਾਉਣ ਦਾ ਉਦੇਸ਼ ਪਹਾੜੀ ਰਾਜਿਆਂ ਨੂੰ ਅਨੰਦਪੁਰ ਸਾਹਿਬ ਤੋਂ ਦੂਰ ਹੀ ਘੇਰ ਕੇ ਪਛਾੜਨਾ ਸੀ। ਉੱਚੀ ਥਾਂ ਉੱਤੇ ਹੋਣ ਕਰਕੇ ਇਹ ਦੁਸ਼ਮਣ ਫ਼ੌਜਾਂ ਨੂੰ ਹਰਾਉਣ ਵਿੱਚ ਕਾਫ਼ੀ ਕਾਰਗਰ ਸਿੱਧ ਹੋਇਆ। ਇਸ ਤਰ੍ਹਾਂ ਅਨੰਦਪੁਰ ਸਾਹਿਬ ਦੀ ਰੱਖਿਆ ਲਈ ਇੱਕ ਘੇਰੇ ਦੇ ਰੂਪ ਵਿੱਚ ਸ੍ਰੀ ਕੇਸਗੜ੍ਹ ਸਾਹਿਬ ਦੇ ਚੌਗਿਰਦੇ ਇਹ ਪੰਜ ਕਿਲ੍ਹੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨਿਗਰਾਨੀ ਅਤੇ ਵਿਸ਼ੇਸ਼ ਵਿਉਂਤਬੰਦੀ ਨਾਲ ਬਣਾਏ ਸਨ। ਇਨ੍ਹਾਂ ਕਿਲ੍ਹਿਆਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੀ ਸੁਰੱਖਿਆ ਵਿਲੱਖਣ ਸਿੱਧ ਹੋਈ।



# ਅੰਨ੍ਹੇ ਘੋੜੇ ਦਾ ਦਾਨ ਬਨਾਮ ਰੰਗਲਾ ਪੰਜਾਬ



ਗੁਰਮੀਤ ਸਿੰਘ ਪਲਾਹੀ
ਮੋ. 9815802070

ਪੰਜਾਬ 'ਚ ਇੱਕੋ ਦਿਨ ਵਿੱਚ ਤਿੰਨ ਅਹਿਮ ਘਟਨਾਵਾਂ ਵਾਪਰੀਆਂ। ਅੰਮ੍ਰਿਤਪਾਲ ਸਿੰਘ ਦੇ ਤਲਵਾਰਾਂ ਅਤੇ ਲਾਠੀਆਂ ਨਾਲ ਲੈਸ ਵੱਡੀ ਗਿਣਤੀ 'ਚ ਸਾਥੀਆਂ ਦਾ ਅੰਮ੍ਰਿਤਸਰ ਦੇ ਕਸਬਾ ਅਜਨਾਲਾ ਵਿੱਚ ਪੁਲਿਸ ਥਾਣੇ ਦੇ ਬਾਹਰ-ਅੰਦਰ ਟਕਰਾਅ ਦਾ ਹੋਣਾ ਪਹਿਲੀ ਘਟਨਾ ਸੀ। ਆਖ਼ਰ ਇਹੋ ਜਿਹੇ ਹਾਲਾਤ ਕਿਉਂ ਬਣੇ ਜਾਂ ਬਣਨ ਦਿੱਤੇ ਗਏ ਕਿ ਰੋਹ ਆਪਸੀ ਟਕਰਾਅ ਤੱਕ ਵਧਣ ਦਿੱਤਾ ਗਿਆ।

ਦੂਜੀ ਘਟਨਾ ਸੂਬੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਵਲੋਂ ਪੰਜਾਬ ਸਰਕਾਰ ਦੀ ਕੈਬਨਿਟ ਵਲੋਂ ਮਤਾ ਪਾਸ ਕਰਕੇ ਪੰਜਾਬ ਅਸੰਬਲੀ ਦਾ ਤਿੰਨ ਮਾਰਚ ਤੋਂ ਬਜਟ ਇਜਲਾਸ ਸੱਦਣ ਦੀ ਪ੍ਰਵਾਨਗੀ ਨੂੰ ਕਾਨੂੰਨੀ ਸਲਾਹ ਲੈਣ ਦੀ ਆੜ 'ਚ ਲਟਕਾਉਣਾ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੀ ਸਥਿਤੀ ਗੈਰ ਭਾਜਪਾ ਸ਼ਾਸ਼ਤ ਰਾਜਾਂ ਵਿੱਚ ਹੀ ਕਿਉਂ ਹੈ?

ਤੀਜੀ 5ਵੇਂ ਪ੍ਰੋਗਰੈਸਿਵ ਪੰਜਾਬ ਇਨਵੈਸਟਰ ਸਮਿੱਟ 2023 'ਚ ਕੌਮਾਂਤਰੀ ਅਤੇ ਕੌਮੀ ਨਿਵੇਸ਼ਕਾਂ ਵਲੋਂ ਪੰਜਾਬ ਵਿੱਚ ਨਿਵੇਸ਼ ਕਰਨ ਲਈ ਲਗਭਗ ਨਾਂਹ ਦੇ ਬਰਾਬਰ ਹੁੰਗਾਰਾ ਅਤੇ ਸੂਬੇ ਦੇ ਸਨਅੱਤਕਾਰਾਂ ਦੀ ਸੰਪੂਰਨ ਰੂਪ 'ਚ ਗੈਰ ਹਾਜ਼ਰੀ। ਸਵਾਲ ਹੈ ਕਿ ਪੰਜਾਬ 'ਚ ਨਿਵੇਸ਼ ਕਿਉਂ ਨਹੀਂ ਹੋਣ ਦਿੱਤਾ ਜਾ ਰਿਹਾ?

ਘਟਨਾਵਾਂ ਸਾਧਾਰਨ ਨਹੀਂ। ਇਹ ਦਿੱਲੀ ਹਾਕਮਾਂ ਵਲੋਂ ਸੂਬੇ ਪੰਜਾਬ ਨੂੰ ਅਰਾਜਕਤਾ ਵੱਲ ਧੱਕ ਸੁੱਟਣ ਦਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਾਉਣ ਦੀ ਦਿਸ਼ਾ 'ਚ ਤਿੱਖਾ ਤੇ ਕੋਝਾ ਯਤਨ ਹਨ। ਪੰਜਾਬ ਦੇ ਹਾਲਾਤ ਇਹੋ ਜਿਹੇ ਬਣਾਏ ਜਾ ਰਹੇ ਹਨ ਕਿ ਪੰਜਾਬ ਨੂੰ ਚੁਣੀ ਹੋਈ ਸਰਕਾਰ ਤੋਂ ਖੋਹ ਕੇ (ਜੋ ਭਾਵੇਂ ਚੰਗਾ ਕੰਮ ਕਰ ਰਹੀ ਹੈ ਜਾਂ ਮਾੜਾ, ਪੰਜਾਬ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ) ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ। ਇਹੋ ਜਿਹੀ ਮੰਗ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਰ ਵੀ ਦਿੱਤੀ ਹੈ।

ਕਿਸੇ ਨਾ ਕਿਸੇ ਬਹਾਨੇ ਸੂਬੇ ਦਾ ਗਵਰਨਰ ਬਨਵਾਰੀ ਲਾਲ ਪ੍ਰੋਹਿਤ ਕਦੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ ਕਰਦਾ ਹੈ, ਕਦੇ ਵੰਨੇ-ਸਵੰਨੇ ਹੁਕਮ ਜਾਰੀ ਕਰਕੇ ਪੰਜਾਬ ਸਰਕਾਰ ਤੋਂ ਸਪੱਸ਼ਟੀਕਰਨ ਮੰਗ ਰਿਹਾ ਹੈ। ਸੂਬੇ ਦੇ ਲੋਕ ਲਗਾਤਾਰ ਇਸ ਗੱਲ ਲਈ ਸਵਾਲ ਚੁੱਕਦੇ ਹਨ ਕਿ ਕੀ ਗਵਰਨਰ ਪੰਜਾਬ ਦੀ ਇਹ ਭੂਮਿਕਾ ਜਾਇਜ਼ ਹੈ? ਬਿਨ੍ਹਾਂ ਸ਼ੱਕ ਗਵਰਨਰ ਦੇ ਅਧਿਕਾਰ ਹਨ। ਉਹ ਸਰਕਾਰ ਤੋਂ ਸਪੱਸ਼ਟੀਕਰਨ ਮੰਗ ਸਕਦੇ ਹਨ। ਪਰ ਸਰਹੱਦੀ ਸੂਬੇ 'ਚ ਸੰਵਿਧਾਨਿਕ ਸੰਕਟ ਪੈਦਾ ਕਰਨਾ, ਕੀ ਚੰਗਾ ਹੈ?

ਉਪਰੋਂ ਕਦੇ ਗੈਂਗਸਟਰਾਂ ਰਾਹੀਂ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਭੰਗ ਕਰਕੇ ਇਹੋ ਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਕਿ ਸੂਬੇ ਦੇ ਲੋਕ ਚੈਨ ਨਾਲ ਨਾ ਰਹਿਣ। ਕੁਝ ਘਟਨਾਵਾਂ ਇਹੋ ਜਿਹੀਆਂ ਵਾਪਰਨ ਦਿੱਤੀਆਂ ਜਾ ਰਹੀਆਂ ਹਨ ਕਿ ਲੋਕਾਂ 'ਚ ਡਰ ਪੈਦਾ ਹੋਵੇ। ਲੋਕ ਖਾਸ ਕਰਕੇ ਨੌਜਵਾਨ ਮਹਿਸੂਸ ਕਰਨ ਕਿ ਉਨ੍ਹਾਂ ਨੂੰ ਨਿਆਂ ਨਹੀਂ ਮਿਲ ਰਿਹਾ। ਜਿਵੇਂ 1980ਵਿਆਂ 'ਚ ਵਾਪਰਿਆ ਸੀ ਜਾਂ ਵਾਪਰਨ ਦਿੱਤਾ ਗਿਆ ਸੀ। ਸਿੱਟੇ ਵਜੋਂ ਦੇਸ਼ ਦੀ ਇੱਕ ਵੱਡੀ ਸਿਆਸੀ ਪਾਰਟੀ ਨੇ ਪੰਜਾਬ ਨੂੰ ਮਿੱਧਕੇ ਦੇਸ਼ 'ਚ ਆਪਣੀ ਹਕੂਮਤ ਅੱਗੇ ਵਧਾਈ ਸੀ। ਕੀ ਇਤਿਹਾਸ ਮੁੜ ਤਾਂ ਨਹੀਂ ਦੁਹਰਾਇਆ ਜਾ ਰਿਹਾ ਚਾਰ ਦਹਾਕਿਆਂ ਬਾਅਦ?

ਜਦੋਂ ਅਗਲੇ ਵਰ੍ਹੇ 'ਦੇਸ਼ ਮਹਾਨ' 'ਚ ਚੋਣਾਂ ਹੋਣ ਜਾ ਰਹੀਆਂ ਹਨ, ਦੇਸ਼ ਦੇ ਲੋਕ ਬਦਹਾਲ ਹਨ, ਉਪਰਾਮ ਹਨ, ਗਰੀਬੀ, ਭ੍ਰਿਸ਼ਟਾਚਾਰ ਨਾਲ ਨਪੀੜੇ ਜਾ ਰਹੇ ਹਨ ਅਤੇ ਦੇਸ਼ ਦੀ ਹੁਣ ਦੀ ਸਭ ਤੋਂ ਵੱਡੀ ਪਾਰਟੀ ਸਰਹੱਦੀ ਸੂਬੇ ਪੰਜਾਬ 'ਚ ਉਹੋ ਜਿਹੀ ਸਥਿਤੀ ਪੈਦਾ ਕਰਕੇ 2024 ਦੀਆਂ ਚੋਣਾਂ ਜਿੱਤਣ ਲਈ ਇੱਕ ਸਟੇਜ ਤਿਆਰ ਕਰ ਰਹੀ ਹੈ। ਜਿਸ ਨਾਲ ਦੇਸ਼ ਦੇ ਦੂਜੇ ਰਾਜਾਂ ਦੇ ਲੋਕਾਂ ਨੂੰ ਡਰਾਇਆ ਜਾਵੇ, ਉਨ੍ਹਾਂ 'ਚ ਨਫਰਤੀ ਰੰਗ ਖਿਲਾਰਿਆ ਜਾਵੇ। ਉਨ੍ਹਾਂ ਦਾ ਧਰੁਵੀਕਰਨ ਕਰਕੇ ਲੋਕਾਂ ਨੂੰ ਜਾਤ, ਧਰਮ ਦੇ ਨਾਂ 'ਤੇ ਵੰਡ ਕੇ 'ਇਕੋ ਰੰਗ' ਦੀਆਂ ਵੋਟਾਂ ਪ੍ਰਾਪਤ ਕੀਤੀਆਂ ਜਾਣ ਅਤੇ ਅਗਲੇ ਪੰਜ ਸਾਲਾਂ ਲਈ ਆਪਣੀ ਗੱਦੀ ਸੁਰੱਖਿਅਤ ਕਰ ਲਈ ਜਾਵੇ।

ਦੇਸ਼ ਦਾ ਹਾਕਮ ਪਿਛਲਾ ਕੁਝ ਸਮਾਂ ਪੰਜਾਬੀਆਂ ਦੇ ਏਕੇ ਤੋਂ ਹਿਤਾਸ਼ ਹੋਇਆ ਹੈ, ਘਬਰਾਇਆ ਹੈ, ਪ੍ਰੇਸ਼ਾਨ ਹੋਇਆ ਹੈ, ਕਿਸਾਨ ਅੰਦੋਲਨ ਨੇ ਉਸਦੇ ਛੱਕੇ ਛੁਡਾਏ ਹਨ, ਉਸ ਨੂੰ ਲੋਕਾਂ ਦੇ ਕਟਿਹਰੇ 'ਚ ਨਤਮਸਤਕ ਹੋਣ 'ਤੇ ਮਜ਼ਬੂਰ ਹੋਣਾ ਪਿਆ ਹੈ, ਲੋਕ ਵਿਰੋਧੀ ਕਾਨੂੰਨ ਉਸ ਨੂੰ ਵਾਪਿਸ ਲੈਣੇ ਪਏ ਹਨ। ਇਸ ਗੱਲ ਦਿੱਲੀ ਹਾਕਮ ਦੇ ਸੀਨੇ 'ਚ ਹੈ। ਇਸੇ ਵਜ੍ਹਾ ਕਰਕੇ ਉਹ ਪੰਜਾਬ ਨੂੰ ਪ੍ਰੇਸ਼ਾਨ ਕਰਦਾ ਹੈ, ਇੱਥੇ ਸਮੱਸਿਆਵਾਂ ਖੜੀਆਂ ਕਰਦਾ ਹੈ। ਇਥੋਂ ਦੀ ਆਰਥਿਕਤਾ ਨੂੰ ਖੋਰਾ ਲਾਉਣ ਲਈ ਲਗਾਤਾਰ ਕਦਮ ਚੁੱਕਦਾ ਹੈ। ਇਹੋ ਕਾਰਨ ਹੈ ਕਿ ਪੰਜਾਬੀ, ਕੇਂਦਰ ਤੋਂ ਪ੍ਰੇਸ਼ਾਨ ਰਹਿੰਦੇ ਹਨ, ਉਨ੍ਹਾਂ ਨੂੰ ਆਪਣੇ ਪ੍ਰਤੀ ਕੀਤਾ ਜਾਂਦਾ ਦੁਪਰਿਆਰਾ ਸਲੂਕ ਚੁੱਭਦਾ ਹੈ। ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਨਾਲ ਨਿਆਂ ਨਹੀਂ ਹੋ ਰਿਹਾ। ਉਹ ਆਪਣੇ ਹੱਕਾਂ ਤੋਂ ਬਾਂਝੇ ਕੀਤੇ ਜਾ ਰਹੇ ਹਨ। ਤਦੇ ਉਬਾਲ ਬਣਕੇ ਕਿਸੇ ਨਾ ਕਿਸੇ ਰੂਪ 'ਚ ਸਾਹਮਣੇ ਆਉਂਦਾ ਹੈ।

ਪ੍ਰਸਿੱਧ ਵਿਚਾਰਵਾਨ ਅਤੇ ਪੰਜਾਬੀ ਟ੍ਰਿਬਿਊਨ ਦੇ ਮੁੱਖ ਸੰਪਾਦਕ ਸਵਰਾਜਬੀਰ 26 ਫਰਵਰੀ 2023 ਦੀ ਸੰਪਾਦਕੀ 'ਚ ਲਿਖਦੇ ਹਨ, 'ਇਨ੍ਹਾਂ ਸਮਿਆਂ ਵਿੱਚ ਸਮਾਜ 'ਚ ਜਿਹੜਾ ਵਰਤਾਰਾ ਵੱਡੇ ਰੂਪ ਵਿੱਚ ਹਾਜ਼ਰ ਹੈ, ਉਹ ਹੈ ਨਿਆਂ ਦੀ ਗੈਰਹਾਜ਼ਰੀ। ਸਿਆਸੀ ਆਗੂਆਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਪੰਜਾਬ ਨਾਲ ਧ੍ਰੋਹ ਕੀਤਾ, ਜਿਸ ਕਾਰਨ 1984 ਵਿੱਚ ਫੌਜ ਦਰਬਾਰ ਸਾਹਿਬ 'ਚ ਦਾਖ਼ਲ ਹੋਈ। 1984 ਵਿੱਚ ਹੀ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ, ਕਾਨਪੁਰ ਤੇ ਹੋਰ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਦੋਸ਼ੀਆਂ ਨੂੰ ਕੋਈ ਸਜ਼ਾ ਨਾ ਹੋਈ ਅਤੇ ਕਤਲੇਆਮ ਕਰਾਉਣ ਵਾਲੇ ਆਗੂ ਸੱਤਾ ਭੋਗਦੇ ਰਹੇ। 7-8 ਸਾਲ ਪਹਿਲਾਂ ਪੰਜਾਬ ਵਿੱਚ ਧਰਮ ਆਧਾਰਿਤ ਸਿਆਸਤ ਦਾ ਦਖ਼ਲ ਦੁਬਾਰਾ ਹੋਇਆ। ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ, ਬੇਅਦਬੀ ਦਾ ਵਿਰੋਧ ਕਰ ਰਹੇ ਨਿਹੱਥੇ ਲੋਕਾਂ 'ਤੇ ਗੋਲੀ ਚਲਾਈ ਗਈ। ਸਰਕਾਰਾਂ ਬਦਲੀਆਂ ਪਰ ਕੋਈ ਵੀ ਸਰਕਾਰ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਅਜਿਹੀ ਕਰਵਾਈ ਨਾ ਕਰ ਸਕੀ, ਜਿਸ ਨਾਲ ਲੋਕਾਂ ਦੇ ਦਿਲਾਂ 'ਤੇ ਲੱਗੇ ਜ਼ਖਮਾਂ 'ਤੇ ਮਲ੍ਹਮ ਲੱਗਦੀ। ਇਨ੍ਹਾਂ ਸਮਿਆਂ ਵਿੱਚ ਹੀ ਨਸ਼ਿਆਂ ਦਾ ਫੈਲਾਅ ਹੋਇਆ, ਬਦਮਾਸ਼ਾਂ ਦੇ ਟੋਲੇ (ਗੈਂਗ) ਉਭਾਰੇ ਤੇ ਪਰਵਾਸ ਦੇ ਰੁਝਾਨ ਨੇ ਜ਼ੋਰ ਫੜਿਆ।'

ਅਸਲ ਵਿੱਚ ਇਹ ਹਾਲਤਾਂ 'ਚ ਦੇਸ਼ ਦੇ ਚਤੁਰ, ਸ਼ਾਤਰ ਹਾਕਮ ਦੀ ਬਦੌਲਤ ਪੰਜਾਬ ਵਿਚ ਬਣਾਈਆਂ ਗਈਆਂ ਜਾਂ ਹੁਣ ਬਣਾਈਆਂ ਜਾ ਰਹੀਆਂ ਹਨ। ਅਜ਼ਾਦੀ ਦੇ 75 ਸਾਲਾਂ 'ਚ ਸਮੇਂ-ਸਮੇਂ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਕਿ ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵੱਧ ਜਾਨਾਂ ਦੇਣ ਵਾਲਾ ਤੇ ਵੱਡਾ ਯੋਗਦਾਨ ਪਾਉਣ ਵਾਲਾ ਸੂਬਾ ਪੰਜਾਬ ਬੁਰੀ ਤਰ੍ਹਾਂ ਪੀੜਤ ਹੋਇਆ। '84 ਦੀ ਵੰਡ 'ਚ ਲੱਖਾਂ ਇਧਰਲੇ-ਉਧਰਲੇ ਪੰਜਾਬੀ ਮਰੇ, ਉਜੜੇ, ਪ੍ਰੇਸ਼ਾਨ, ਬਰਬਾਦ ਹੋਏ। ਸੌਖਾ ਸਾਹ ਆਇਆ ਸੀ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਅਤੇ ਹੋਰ ਹੱਕਾਂ ਲਈ ਪੰਜਾਬੀਆਂ ਨੂੰ ਸਿਰ ਦੇਣੇ ਪਏ। ਕੌਣ ਭੁੱਲ ਜਾਏਗਾ 1984 ਦੇ ਦੇਸ਼ ਭਰ 'ਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਅਤੇ ਉਨ੍ਹਾਂ ਵਿਰੁੱਧ ਫੈਲਾਈ ਨਫ਼ਰਤ ਨੂੰ। ਇਸ ਨਫ਼ਰਤੀ ਵਰਤਾਰੇ ਨਾਲ ਪੰਜਾਬੀਆਂ 'ਚ ਰੋਸ ਵਧਿਆ। ਦੁਪਰਿਆਰਾਪਨ ਪਨਪਿਆ ਅਤੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਹੋਏ, ਰੋਹ ਵਧੇ। ਇਹੋ ਰੋਹ ਅਤੇ ਸੂਬੇ 'ਚ ਫੈਲੀ ਅਸੁਰੱਖਿਆ ਅਤੇ ਸਾਜ਼ਿਸ਼ਨ ਪੰਜਾਬ ਦੀ ਜੁਆਨੀ ਦੀ ਤਬਾਹੀ ਲਈ ਨਸ਼ਿਆਂ ਦਾ ਹਮਲਾ ਅਤੇ ਫਿਰ ਬੇਰੁਜ਼ਗਾਰੀ ਪੈਦਾ ਕਰਕੇ ਪੰਜਾਬੀਆਂ ਦਾ ਲੱਕ ਭੰਨਣ ਦੀਆਂ ਸਾਜ਼ਿਸ਼ਾਂ ਨੇ ਪੰਜਾਬ ਕੰਗਾਲ ਬਣਾ ਛੱਡਿਆ। ਹੱਸਦੇ, ਰਸਦੇ, ਪੰਜਾਬ ਨੂੰ, ਦੇਸ਼ 'ਚ ਮੋਹਰੀ ਪੰਜਾਬ ਦੀ ਆਰਥਿਕਤਾ ਨੂੰ, ਰੋਕਾਂ ਪਾਉਣ ਲਈ 'ਦਿੱਲੀ ਸਰਕਾਰਾਂ' ਨੇ ਕਸਰ ਨਹੀਂ ਛੱਡੀ। ਰਾਜਧਾਨੀ ਖੋਹੀ। ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਖੋਹੇ। ਪੰਜਾਬ ਦੇ ਦਰਿਆਈ ਪਾਣੀਆਂ ਤੇ ਡਾਕਾ ਮਾਰਿਆ। ਹਰੀ ਕ੍ਰਾਂਤੀ ਦੇ ਨਾਂ 'ਤੇ ਪੰਜਾਬ ਦੀ ਜਰਖੇਜ਼ ਜ਼ਮੀਨ ਤੇ ਧਰਤੀ ਹੇਠਲਾ ਪਾਣੀ ਦੇਸ਼ ਦੇ ਅੰਨ ਦੀ ਘਾਟ ਪੂਰੀ ਕਰਨ ਦੇ ਲੇਖੇ ਲਾ ਦਿੱਤਾ। ਪੰਜਾਬ ਦਾ ਪਾਕਿਸਤਾਨ ਨਾਲ ਵਪਾਰ, ਸਰਹੱਦੀ ਲੜਾਈਆਂ ਦੀ ਭੇਂਟ ਚੜ੍ਹਾ, ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਾਇਆ। ਪੰਜਾਬ 'ਚ ਕੋਈ ਵੱਡਾ ਉਦਯੋਗ ਪਸਰਣ ਨਹੀਂ ਦਿੱਤਾ ਗਿਆ। ਪ੍ਰਸਿੱਧ ਅਰਥਸ਼ਾਸ਼ਤਰੀ ਸੁੱਚਾ ਸਿੰਘ ਗਿੱਲ ਅਨੁਸਾਰ 'ਅਸਲ ਵਿੱਚ ਉਦਯੋਗਿਕ ਇਕਾਈਆਂ ਨੂੰ 1982-92 ਦੌਰਾਨ ਪੰਜਾਬ 'ਚ ਕੋਈ ਹਿੰਸਾ ਨੇ ਐਸੀ ਮਾਰ ਮਾਰੀ ਕਿ ਇਹ ਮੁੜ ਉੱਠ ਹੀ ਨਹੀਂ ਸਕੀਆਂ। ਰਹਿੰਦੀ ਕਸਰ ਗੁਆਂਢੀ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਸੂਬਿਆਂ ਨੂੰ ਕੇਂਦਰ ਸਰਕਾਰ ਵਲੋਂ ਉਦਯੋਗਿਕ ਇਕਾਈਆਂ ਨੂੰ ਵਿਸ਼ੇਸ਼ ਟੈਕਸ ਰਿਆਇਤਾਂ/ਸਹੂਲਤਾਂ ਦੇਣ ਨਾਲ ਪੰਜਾਬ ਦੇ ਉਦਯੋਗਿਕ ਵਿਕਾਸ ਤੇ ਮਾੜਾ ਅਸਰ ਪਿਆ ਹੈ।'

ਹੁਣ ਜਦੋਂ ਪੰਜਾਬ 'ਚ ਖੇਤੀ ਘਾਟੇ ਦਾ ਧੰਦਾ ਹੈ। ਉਦਯੋਗ ਖੇਤਰ ਖਿਲਰਿਆ ਪੁਲਰਿਆ ਹੈ। ਰੁਜ਼ਗਾਰ ਦੇ ਸਾਧਨ ਘੱਟ ਗਏ ਹਨ ਜਾਂ ਨਿੱਤ ਘੱਟ ਰਹੇ ਹਨ। ਜਦੋਂ ਪੰਜਾਬ ਨਿੱਤ ਵੱਡਾ ਕਰਜਾਈ ਹੋ ਰਿਹਾ ਹੈ ਆਰਥਿਕ ਪੱਖੋਂ ਕੰਮਜ਼ੋਰ ਹੋ ਰਿਹਾ ਹੈ ਅਤੇ ਜਦੋਂ ਦੇਸ਼ ਦੇ ਹਾਕਮ ਪੰਜਾਬ ਦੀ ਵਰਤੋਂ ਸਿਰਫ ਆਪਣੇ 'ਲਾਹੇ' ਜਾਂ ਕੁਰਸੀ ਪ੍ਰਾਪਤੀ ਦੇ ਇੱਕ ਟੂਲ ਵਜੋਂ ਵਰਤ ਰਹੇ ਹਨ ਤਾਂ ਪੰਜਾਬ ਆਖ਼ਿਰ ਪੰਜਾਬ ਬਣਿਆ ਕਿਵੇਂ ਰਹੇਗਾ?

ਦਿੱਲੀ ਹਾਕਮਾਂ ਦੀ ਨਜ਼ਰ ਪੰਜਾਬ ਦੀ ਸੱਤਾ ਹਥਿਆਉਣ ਦੀ ਹੈ। ਨਿੱਤ ਸੂਬੇ ਦੇ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ 'ਭਾਜਪਾ 'ਚ ਭਰਤੀ' ਕਰਕੇ **(ਬਾਕੀ ਸਫ਼ਾ 31 'ਤੇ)**



# ਕਿਸਾਨੀ ਸੰਕਟ, ਡੇਰਾਵਾਦ, ਗੈਂਗਸਟਰਵਾਦ ਅਤੇ ਪ੍ਰਵਾਸ ਕਾਰਨ ਉਜਾੜੇ ਵੱਲ ਵਧ ਰਿਹਾ ਪੰਜਾਬ

ਸਤਨਾਮ ਸਿੰਘ ਮਾਣਕ

ਅਜੋਕੇ ਪੰਜਾਬ ਵਿੱਚ ਵਾਪਰਦੇ ਬਹੁਤ ਸਾਰੇ ਵਰਤਾਰਿਆਂ ਨੂੰ ਜੇਕਰ ਗੰਭੀਰਤਾ ਨਾਲ ਦੇਖਦੇ ਹਾਂ ਤਾਂ ਬੇਹੱਦ ਚਿੰਤਾ ਪੈਦਾ ਹੁੰਦੀ ਹੈ। ਨੌਜਵਾਨਾਂ ਦਾ ਇਕ ਵੱਡਾ ਵਰਗ ਅਪਰਾਧ ਦੀ ਦੁਨੀਆ ਵੱਲ ਚਲਾ ਗਿਆ ਹੈ। ਬਹੁਤ ਸਾਰੇ ਨੌਜਵਾਨਾਂ ਨੇ ਆਪੋ-ਆਪਣੇ ਗੈਂਗ ਬਣਾ ਲਏ ਹਨ। ਵੱਡੀ ਪੱਧਰ 'ਤੇ ਅਜਿਹੇ ਨੌਜਵਾਨਾਂ ਵਲੋਂ ਜਾਇਜ਼-ਨਾਜਾਇਜ਼ ਢੰਗ ਨਾਲ ਹਥਿਆਰ ਹਾਸਲ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਵਰਤੋਂ ਫਿਰੌਤੀਆਂ ਹਾਸਲ ਕਰਨ ਜਾਂ ਸੁਪਾਰੀਆਂ ਲੈ ਕੇ ਲੋਕਾਂ ਨੂੰ ਕਤਲ ਕਰਨ ਲਈ ਕੀਤੀ ਜਾ ਰਹੀ ਹੈ। ਅਜਿਹੇ ਨੌਜਵਾਨਾਂ ਦਾ ਇਕ ਵੱਡਾ ਵਰਗ ਨਸ਼ਿਆਂ ਦੀ ਤਸਕਰੀ ਕਰਨ ਲੱਗਾ ਹੋਇਆ ਹੈ। ਨਸ਼ਿਆਂ ਦੀ ਤਸਕਰੀ ਕਰਦਿਆਂ-ਕਰਦਿਆਂ ਅਜਿਹੇ ਨੌਜਵਾਨ ਖੁਦ ਵੀ ਨਸ਼ੇ ਖਾਣ ਲੱਗ ਪੈਂਦੇ ਹਨ ਅਤੇ ਨਸ਼ਿਆਂ ਦੀ ਵਧੇਰੇ ਮਾਤਰਾ ਲੈਣ ਕਾਰਨ ਜਾਨ ਤੋਂ ਹੱਥ ਵੀ ਧੋ ਬੈਠਦੇ ਹਨ। ਦਰਜਨਾਂ ਨੌਜਵਾਨ ਝਪਟਮਾਰੀ ਕਰਨ, ਏ.ਟੀ.ਐਮ. ਤੋੜ ਕੇ ਪੈਸੇ ਕੱਢਣ ਅਤੇ ਬੈਂਕਾਂ ਲੁੱਟਣ ਵੀ ਲੱਗੇ ਹੋਏ ਹਨ। ਉਪਰੋਕਤ ਅਨੈਤਿਕ ਅਤੇ ਅਪਰਾਧਕ ਕਾਰਵਾਈਆਂ ਵਿੱਚ ਲੱਗੇ ਬਹੁਤੇ ਨੌਜਵਾਨ ਅਜਿਹੇ ਹਨ ਜਿਨ੍ਹਾਂ ਨੂੰ ਨਾ ਤਾਂ ਚੰਗੀ ਸਿੱਖਿਆ ਮਿਲ ਸਕੀ ਹੈ ਅਤੇ ਨਾ ਹੀ ਚੰਗੇ ਰੁਜ਼ਗਾਰ ਦੇ ਮੌਕੇ ਮਿਲ ਸਕੇ ਹਨ।

ਨੌਜਵਾਨਾਂ ਦਾ ਦੂਜਾ ਵਰਗ ਅਜਿਹਾ ਹੈ ਜਿਨ੍ਹਾਂ ਦੇ ਮਾਪੇ ਔਖੇ-ਸੌਖੇ ਹੋ ਕੇ ਉਨ੍ਹਾਂ ਨੂੰ ਚੰਗੇ ਸਕੂਲਾਂ ਵਿਚ ਸਿੱਖਿਆ ਦਿਵਾਉਣ ਵਿੱਚ ਕਾਮਯਾਬ ਹੋ ਰਹੇ ਹਨ ਪਰ ਇਨ੍ਹਾਂ ਨੂੰ ਵੀ ਆਪਣੇ ਇਸ ਦੇਸ਼ ਅਤੇ ਖਾਸ ਕਰਕੇ ਆਪਣੇ ਇਸ ਰਾਜ ਵਿਚ 10+2 ਤੋਂ ਬਾਅਦ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। ਇਸ ਕਰ ਕੇ ਉਹ ਆਇਲੈਟਸ ਕਰ ਕੇ ਵਿਦੇਸ਼ਾਂ ਨੂੰ ਉਡਾਰੀਆਂ ਮਾਰੀ ਜਾ ਰਹੇ ਹਨ। ਸਾਲ ਵਿੱਚ ਲਗਭਗ ਡੇਢ ਤੋਂ ਦੋ ਲੱਖ ਤੱਕ ਨੌਜਵਾਨ ਵਿਦਿਆਰਥੀ ਵਿਦੇਸ਼ਾਂ ਨੂੰ ਹਿਜਰਤ ਕਰ ਰਹੇ ਹਨ। ਇਸ ਕਾਰਨ ਆਉਣ ਵਾਲੇ ਸਮੇਂ ਵਿੱਚ ਪੰਜਾਬ ਨੂੰ ਅਨੇਕਾਂ ਪਹਿਲੂਆਂ ਤੋਂ ਨੁਕਸਾਨ ਉਠਾਉਣੇ ਪੈਣਗੇ।

ਨੌਜਵਾਨਾਂ ਤੋਂ ਬਾਅਦ ਜੇਕਰ ਕਿਸਾਨਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਹਾਲਤ ਵੀ ਬੇਹੱਦ ਮਾੜੀ ਨਜ਼ਰ ਆ ਰਹੀ ਹੈ। ਪਿਛਲੇ ਕਈ ਦਹਾਕਿਆਂ ਤੋਂ ਕਿਸਾਨੀ ਤੇ ਖੇਤੀ ਸੰਕਟ ਦਾ ਸ਼ਿਕਾਰ ਹਨ। ਲੋੜ ਤਾਂ ਇਸ ਗੱਲ ਦੀ ਸੀ ਕਿ 70ਵਿਆਂ ਵਿੱਚ ਜਦੋਂ ਹਰੀ ਕ੍ਰਾਂਤੀ ਆਪਣੀ ਸਿਖ਼ਰ 'ਤੇ ਪਹੁੰਚ ਗਈ ਸੀ ਤਾਂ ਰਾਜ ਵਿਚ ਵੱਡੀ ਪੱਧਰ 'ਤੇ ਖੇਤੀ ਆਧਾਰਿਤ ਸਨਅੱਤਾਂ ਲਾਈਆਂ ਜਾਂਦੀਆਂ ਅਤੇ ਇਸ ਤਰ੍ਹਾਂ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਅਤੇ ਖੇਤੀ ਵਿੱਚ ਵਿਭਿੰਨਤਾ ਬਣੀ ਰਹਿੰਦੀ ਅਤੇ ਇਹ ਚਿਰਹੰਢਣੀ ਵੀ ਹੁੰਦੀ। ਖੇਤੀ ਫਲ, ਸਬਜ਼ੀਆਂ ਤੇ ਅਨਾਜ ਖੇਤੀ ਜੋ ਕੁਝ ਵੀ ਪੈਦਾ ਕਰਦੀ ਸਨਅਤਾਂ ਉਸ ਦੀ ਪ੍ਰੋਸੈਸਿੰਗ ਕਰਕੇ ਖ਼ੁਰਾਕੀ ਵਸਤਾਂ ਬਣਾ ਸਕਦੀਆਂ ਸਨ ਅਤੇ ਉਨ੍ਹਾਂ ਵਸਤਾਂ ਨੂੰ ਦੇਸ਼-ਵਿਦੇਸ਼ ਵਿਚ ਵੱਡੀ ਮਾਰਕੀਟ ਮਿਲ ਸਕਦੀ ਸੀ। ਪਰ ਸਮੇਂ ਦੀਆਂ ਕੇਂਦਰੀ ਸਰਕਾਰਾਂ ਅਤੇ ਰਾਜ ਸਰਕਾਰਾਂ ਨੇ ਹਰੀ ਕ੍ਰਾਂਤੀ ਤੋਂ ਬਾਅਦ ਰਾਜ ਵਿੱਚ ਸਨਅੱਤਾਂ ਨੂੰ ਹੁਲਾਰਾ ਦੇਣ ਲਈ ਖਾਸ ਪ੍ਰਭਾਵੀ ਯੋਜਨਾਵਾਂ ਤਿਆਰ ਨਹੀਂ ਕੀਤੀਆਂ, ਜਿਸ ਕਾਰਨ ਕਿਸਾਨਾਂ ਲਈ ਆਪਣੀਆਂ ਫ਼ਸਲਾਂ ਦੇ ਮੰਡੀਕਰਨ ਦੀਆਂ ਮੁਸ਼ਕਲਾਂ ਪੈਦਾ ਹੋਈਆਂ। ਫਲ, ਸਬਜ਼ੀਆਂ, ਦਾਲਾਂ, ਤੇਲ ਬੀਜ ਆਦਿ ਦਾ ਉਤਪਾਦਨ ਕਿਸਾਨ ਇਸ ਕਰਕੇ ਘੱਟ ਕਰਦੇ ਰਹੇ, ਕਿਉਂਕਿ ਇਨ੍ਹਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਬਹੁਤ ਘੱਟ ਸਨ। ਕਣਕ ਅਤੇ ਝੋਨੇ ਦੀ ਕਿਉਂਕਿ ਸਰਕਾਰੀ ਖ਼ਰੀਦ ਹੁੰਦੀ ਸੀ ਇਸ ਕਰਕੇ ਬਹੁਤੇ ਕਿਸਾਨ ਇਹ ਦੋ ਫ਼ਸਲਾਂ ਹੀ ਬੀਜਦੇ ਰਹੇ। ਦਹਾਕਿਆਂ ਤੱਕ ਇਨ੍ਹਾਂ ਦੋ ਫ਼ਸਲਾਂ ਦੀ ਹੀ ਕਾਸ਼ਤ ਹੁੰਦੀ ਰਹਿਣ ਕਰਕੇ ਪੰਜਾਬ ਦੀ ਧਰਤੀ ਦੀ ਉਪਜਾਊ ਸ਼ਕਤੀ ਵੀ ਘਟੀ ਅਤੇ ਇਸ ਦੇ ਨਾਲ ਹੀ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਗੰਭੀਰ ਸੰਕਟ ਵੀ ਪੈਦਾ ਹੋਇਆ। ਜਿਸ ਕਾਰਨ ਹੁਣ ਖ਼ਤਰੇ ਦੀਆਂ ਘੰਟੀਆਂ ਵੱਜ ਰਹੀਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਰਾਜ ਵਿੱਚ ਧਰਤੀ ਹੇਠਲਾ ਪਾਣੀ ਸਿਰਫ਼ 15-20 ਸਾਲਾਂ ਤੱਕ ਹੀ ਚੱਲ ਸਕੇਗਾ, ਇਸ ਤੋਂ ਬਾਅਦ ਖੇਤੀ, ਸਨਅਤਾਂ ਅਤੇ ਹੋਰ ਵਪਾਰਕ ਲੋੜਾਂ ਪੂਰੀਆਂ ਕਰਨੀਆਂ ਤਾਂ ਇਕ ਪਾਸੇ ਰਹੀਆਂ ਲੋਕਾਂ ਨੂੰ ਪੀਣ ਲਈ ਪਾਣੀ ਦੇ ਲਾਲੇ ਵੀ ਪੈ ਸਕਦੇ ਹਨ।

ਰਾਜ ਦੇ ਜੇਕਰ ਧਾਰਮਿਕ ਅਤੇ ਸੱਭਿਆਚਾਰਕ ਵਰਤਾਰਿਆਂ ਨੂੰ ਦੇਖੀਏ ਤਾਂ ਉਹ ਵੀ ਘੱਟ ਚਿੰਤਾਜਨਕ ਨਹੀਂ ਹਨ। ਧਰਮਾਂ ਦੇ ਨਾਂ 'ਤੇ ਵੱਖ-ਵੱਖ ਡੇਰੇ ਬਣ ਗਏ ਹਨ, ਜੋ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸੋਸ਼ਣ ਕਰਦੇ ਹਨ। ਗ਼ਰੀਬੀ ਅਤੇ ਬੇਰੁਜ਼ਗਾਰੀ ਕਾਰਨ ਲੋਕਾਂ ਦਾ ਇਕ ਵੱਡਾ ਵਰਗ ਮਾਨਸਿਕ ਤੌਰ 'ਤੇ ਦਬਾਅ ਵਿੱਚ ਹੈ। ਅਜਿਹੇ ਵਰਗ ਨੂੰ ਵੱਖ-ਵੱਖ ਧਰਮਾਂ 'ਤੇ ਆਧਾਰਿਤ ਡੇਰੇ ਆਪਣੇ ਵੱਲ ਖਿੱਚਣ ਵਿੱਚ ਕਾਮਯਾਬ ਹੋ ਜਾਂਦੇ ਹਨ ਜਾਂ ਅਜਿਹੇ ਕਿਸਮਤ ਮਾਰੇ ਲੋਕ ਖ਼ੁਦ ਹੀ ਡੇਰਿਆਂ ਦਾ ਰੁਖ਼ ਕਰਦੇ ਹਨ। ਗੰਭੀਰ ਬਿਮਾਰੀਆਂ ਦਾ ਗ਼ਰੀਬ ਲੋਕ ਮਹਿੰਗੇ ਹਸਪਤਾਲਾਂ ਵਿੱਚ ਇਲਾਜ ਨਹੀਂ ਕਰਵਾ ਸਕਦੇ, ਦੂਜੇ ਪਾਸੇ ਸਰਕਾਰੀ ਹਸਪਤਾਲਾਂ 'ਚ ਪਹਿਲਾਂ ਹੀ ਇਲਾਜ ਦੀਆਂ ਬਿਹਤਰ ਸਹੂਲਤਾਂ ਮੌਜੂਦ ਨਹੀਂ ਹਨ। ਅਜਿਹੀ ਸਥਿਤੀ ਵਿੱਚ ਵੱਖ-ਵੱਖ ਡੇਰਿਆਂ ਦੇ ਸੰਚਾਲਕ ਉਨ੍ਹਾਂ ਨੂੰ ਕਰਾਮਾਤਾਂ ਰਾਹੀਂ ਛੂਹ ਕੇ ਜਾਂ ਉਨ੍ਹਾਂ ਲਈ ਵਿਸ਼ੇਸ਼ ਪ੍ਰਾਰਥਨਾਵਾਂ ਕਰਕੇ ਉਨ੍ਹਾਂ ਨੂੰ ਸਿਹਤਯਾਬ ਕਰਨ ਦੇ ਸਬਜ਼ਬਾਗ਼ ਦਿਖਾਉਂਦੇ ਹਨ। ਅਜਿਹੇ ਡੇਰੇਦਾਰਾਂ ਤੋਂ ਗੁੰਮਰਾਹ ਹੋ ਕੇ ਵੀ ਬਹੁਤ ਸਾਰੇ ਲੋਕ ਆਪਣੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਨਹੀਂ ਕਰਵਾਉਂਦੇ, ਸਗੋਂ ਡੇਰਿਆਂ ਦੀ ਪਰਿਕਰਮਾ ਕਰਕੇ ਡੇਰੇਦਾਰਾਂ ਹੱਥੋਂ ਹੀ ਆਪਣੀ ਲੁੱਟ-ਖਸੁੱਟ ਕਰਵਾਉਂਦੇ ਰਹਿੰਦੇ ਹਨ। ਅਜਿਹੇ ਵੱਖ-ਵੱਖ ਡੇਰੇ ਬਹੁਤ ਸਾਰੇ ਲੋਕਾਂ ਨੂੰ ਇਹ ਵੀ ਆਖਦੇ ਹਨ ਕਿ ਉਨ੍ਹਾਂ 'ਤੇ ਈਸ਼ਵਰ ਦੀ ਕ੍ਰਿਪਾ ਤਾਂ ਹੀ ਹੋਵੇਗੀ ਜੇਕਰ ਉਹ ਆਪਣਾ ਧਰਮ ਬਦਲ ਲੈਣ। ਲੋਕਾਂ ਨੂੰ ਸਿਹਤਯਾਬ ਹੋਣ ਦੇ ਸੁਪਨੇ ਦਿਖਾ ਕੇ ਰਾਜ ਵਿੱਚ ਅੱਜ ਕੱਲ੍ਹ ਵੱਡੀ ਪੱਧਰ 'ਤੇ ਲੋਕਾਂ ਦੇ ਧਰਮ ਬਦਲੇ ਜਾ ਰਹੇ ਹਨ। ਸਿਰਫ਼ ਬਿਮਾਰੀਆਂ ਦੇ ਇਲਾਜ ਦੇ ਬਹਾਨੇ ਹੀ ਨਹੀਂ ਸਗੋਂ ਵਿਦੇਸ਼ ਜਾਣ ਲਈ ਵੀਜ਼ੇ ਲਵਾਉਣ, ਨੌਕਰੀਆਂ ਦਿਵਾਉਣ ਅਤੇ ਘਰਾਂ ਦੀਆਂ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਕਰਵਾਉਣ ਦੇ ਨਾਂ 'ਤੇ ਵੀ ਲੋਕਾਂ ਨੂੰ ਧਰਮ ਬਦਲਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਪੰਜਾਬ ਦੀਆਂ ਅਜੋਕੀਆਂ ਆਰਥਿਕ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਸਥਿਤੀਆਂ ਮੰਗ ਕਰਦੀਆਂ ਹਨ ਕਿ ਰਾਜ ਨੂੰ ਯੋਗ ਰਾਜਨੀਤਕ ਅਗਵਾਈ ਮਿਲੇ। ਕੇਂਦਰ ਅਤੇ ਰਾਜ ਸਰਕਾਰ ਮਿਲ ਕੇ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਲਈ



ਪ੍ਰਭਾਵੀ ਕਾਰਜ ਯੋਜਨਾ ਤਿਆਰ ਕਰਨ। ਖ਼ਾਸ ਕਰਕੇ ਫੌਰੀ ਤੌਰ 'ਤੇ ਰਾਜ ਵਿੱਚ ਖੇਤੀ ਆਧਾਰਿਤ ਅਤੇ ਹੋਰ ਸਨਅੱਤਾਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਅਜਿਹੀਆਂ ਸਨਅੱਤਾਂ ਨੂੰ ਪਹਾੜੀ ਰਾਜਾਂ ਦੀ ਤਰ੍ਹਾਂ ਹੀ ਘੱਟੋ-ਘੱਟ 30-40 ਸਾਲ ਲਈ ਵੱਖ-ਵੱਖ ਤਰ੍ਹਾਂ ਦੇ ਟੈਕਸਾਂ ਤੋਂ ਛੋਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਪ੍ਰਾਂਤ ਵਿੱਚ ਆਪਣਾ ਭਵਿੱਖ ਨਜ਼ਰ ਆਵੇਗਾ ਅਤੇ ਉਹ 10+2 ਤੋਂ ਬਾਅਦ ਵਿਦੇਸ਼ਾਂ ਨੂੰ ਉਡਾਰੀਆਂ ਮਾਰਨ ਦੀ ਥਾਂ ਇਥੇ ਰਹਿ ਕੇ ਆਪਣਾ ਭਵਿੱਖ ਬਣਾਉਣ ਲਈ ਪ੍ਰੇਰਿਤ ਹੋਣਗੇ।

ਇਸ ਦੇ ਨਾਲ ਹੀ ਇਹ ਬੇਹੱਦ ਜ਼ਰੂਰੀ ਹੈ ਕਿ ਰਾਜ ਵਿੱਚ ਬਿਹਤਰ ਸਿਹਤ ਅਤੇ ਸਿੱਖਿਆ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਖੇਤਰਾਂ ਵਿਚ ਬੁਨਿਆਦੀ ਢਾਂਚੇ ਵਿਚ ਸੁਧਾਰ ਕਰਕੇ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਲੋੜੀਂਦਾ ਅਮਲਾ (ਬਾਕੀ ਸਫ਼ਾ 31 'ਤੇ)

# ਪੰਜਾਬ ਦੇ ਵਿਕਾਸ ਲਈ ਖੇਤੀ ਸਨਅਤ ਨੀਤੀ ਲਿਆਉਣ ਦੀ ਲੋੜ



ਪ੍ਰੋ. ਬੀਐੱਸ ਘੁੰਮਣ
ਸਾਬਕਾ ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੇਤੀਬਾੜੀ ਖੇਤਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਨੂੰ ਤੁਰੰਤ ਢੁਕਵੀਂ ਸਨਅੱਤ ਨੀਤੀ ਲਿਆਉਣ ਦੀ ਲੋੜ ਹੈ ਜਿਸ ਦਾ ਉਦੇਸ਼ ਕਿਸਾਨੀ ਦੇ ਸਰੋਤਾਂ, ਤਜਰਬਿਆਂ ਅਤੇ ਊਰਜਾ ਨੂੰ ਉਤਪਾਦਕ ਉਦੇਸ਼ਾਂ ਨਾਲ ਜੋੜ ਕੇ ਉਨ੍ਹਾਂ ਨੂੰ ਨਿਰਣਾਇਕ ਤੌਰ 'ਤੇ ਗੈਰ-ਖੇਤੀ ਵਾਲੇ ਵੱਖ-ਵੱਖ ਉੱਦਮਾਂ ਰਾਹੀ ਸਨਅਤੀਕਰਨ ਨਾਲ ਜੋੜਿਆ ਜਾ ਸਕੇ। ਇਸ ਪੱਖੋਂ ਇੱਕ ਨੁਕਤਾ ਇਹ ਵੀ ਹੈ ਕਿ ਸੂਬੇ ਅੰਦਰ ਹਾਲ ਹੀ ਵਿੱਚ ਸਨਅੱਤੀ ਪਾਰਕ ਅਤੇ ਜ਼ੀਰਾ ਫੈਕਟਰੀ ਬਾਰੇ ਕਿਸਾਨਾਂ ਦੇ ਕਰੜੇ ਵਿਰੋਧ ਦੇ ਮੱਦੇਨਜ਼ਰ ਸਨਅੱਤੀਕਰਨ ਵਿੱਚ ਕਿਸਾਨਾਂ ਦੀ ਮਾਲਕੀ ਦਾ ਮੁੱਦਾ ਵੀ ਵਧੇਰੇ ਮਹੱਤਵਪੂਰਨ ਹੈ।

ਇਸ ਪਿਛੋਕੜ 'ਚ ਪੰਜਾਬ ਅੰਦਰ ਖੇਤੀਬਾੜੀ ਨੂੰ ਸਨਅਤੀਕਰਨ ਦਾ ਸਰੋਤ ਬਣਾਉਣ ਦੇ ਵਿਚਾਰ ਨੂੰ ਗੰਭੀਰਤਾ ਸਹਿਤ ਵਿਚਾਰਨ ਦੀ ਲੋੜ ਹੈ। ਇਹ ਵਿਚਾਰ ਅਜੇ ਆਪਣੇ ਸ਼ੁਰੂਆਤੀ ਪੜਾਅ ਉੱਤੇ ਹੀ ਹੈ, ਫਿਰ ਵੀ ਇਸ ਨਾਲ ਉਪਜਣ ਵਾਲੀਆਂ ਅਨੁਕੂਲ ਹਾਲਤਾਂ ਅਤੇ ਇਸ ਦੇ ਵੱਡੇ ਫਾਇਦਿਆਂ ਨੂੰ ਧਿਆਨ ਵਿਚ ਰੱਖਦਿਆਂ ਇਸ ਵਿਚਾਰ ਰਾਹੀਂ ਖੇਤੀ ਸੰਕਟ ਘੱਟ ਕਰਨ ਅਤੇ ਸੂਬੇ ਦੇ ਵਿਕਾਸ ਦੀ ਕਹਾਣੀ ਨੂੰ ਮੁੜ ਪੇਸ਼ ਕਰਨ ਦੀ ਸਮਰੱਥਾ ਮੌਜੂਦ ਹੈ।

ਪੰਜਾਬ ਇਸ ਮਾਮਲੇ ਵਿੱਚ ਸਨਅੱਤੀਕਰਨ ਲਈ ਖੇਤੀਬਾੜੀ ਦੀਆਂ ਵੱਡੀਆਂ ਸੰਭਾਵਨਾਵਾਂ ਨੂੰ ਵਰਤਣ ਹਿਤ ਰੈਗਨਰ ਨਰਕਸੇ, ਡਬਲਿਊ ਆਰਥਰ ਲੂਈਸ, ਜੀ ਰੈਨਿਸ ਅਤੇ ਜੌਨ ਫੇ ਜਿਹੇ ਅਰਥ ਸ਼ਾਸਤਰੀਆਂ ਦੇ ਵਿਕਸਤ ਕੀਤੇ ਮਾਡਲਾਂ ਤੋਂ ਪ੍ਰੇਰਨਾ ਲੈ ਸਕਦਾ ਹੈ। ਇਨ੍ਹਾਂ ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਖੇਤੀਬਾੜੀ ਖੇਤਰ ਅਕਸਰ ਛੁਪੀ ਹੋਈ ਬੇਰੁਜ਼ਗਾਰੀ ਦਾ ਅਨੁਭਵ ਹੰਢਾਉਂਦਾ ਹੈ। ਇਹ ਅਜਿਹੀ ਹਾਲਤ ਹੁੰਦੀ ਹੈ ਜਿਸ ਵਿੱਚ ਵੱਡੀ ਗਿਣਤੀ ਲੋਕ ਰੁਜ਼ਗਾਰ ਪ੍ਰਾਪਤ ਹੋਣ ਵਾਲੀ ਹਾਲਤ ਵਿਚ ਜਾਪਦੇ ਹਨ ਪਰ ਅਸਲ ਅਰਥਾਂ 'ਚ ਉਤਪਾਦਨ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਯੋਗਦਾਨ ਜ਼ੀਰੋ ਦੇ ਤੁੱਲ ਹੁੰਦਾ ਹੈ; ਭਾਵ, ਜੇਕਰ ਮਜ਼ਦੂਰਾਂ ਦਾ ਵੱਡਾ ਹਿੱਸਾ ਖੇਤੀ ਖੇਤਰ ਵਿੱਚੋਂ ਬਾਹਰ ਕੱਢ ਲਿਆ ਜਾਂਦਾ ਹੈ ਤਾਂ ਵੀ ਉਤਪਾਦਨ ਉੱਤੇ ਕੋਈ ਬੁਰਾ ਅਸਰ ਨਹੀਂ ਪੈਂਦਾ। ਚੀਨ, ਜਾਪਾਨ, ਤਾਈਵਾਨ, ਦੱਖਣੀ ਕੋਰੀਆ, ਦੱਖਣੀ ਅਫਰੀਕਾ ਆਦਿ ਮੁਲਕਾਂ ਵਿੱਚ ਇਹ ਮਾਡਲ ਸਹੀ ਸਿੱਧ ਹੋਏ ਹਨ। ਪੰਜਾਬ ਵਿੱਚ ਛੁਪੀ ਹੋਈ ਬੇਰੁਜ਼ਗਾਰੀ ਵਿਆਪਕ ਤੌਰ 'ਤੇ ਹੈ ਜੋ ਖੇਤੀ ਕਾਰਜਾਂ ਦੇ ਮਸ਼ੀਨੀਕਰਨ ਨਾਲ ਹੁਣ ਵਧੇਰੇ ਸਪੱਸ਼ਟ ਹੋ ਰਹੀ ਹੈ। ਪੰਜਾਬ ਨੂੰ ਵੱਡੀ ਗਿਣਤੀ ਲੋਕਾਂ ਨੂੰ ਖੇਤੀਬਾੜੀ ਤੋਂ ਗੈਰ-ਖੇਤੀ ਖੇਤਰ ਵਿਚ ਤਬਦੀਲ ਕਰਨ ਦੀ ਲੋੜ ਹੈ। ਇਹ ਤਬਦੀਲੀ ਨਾ ਸਿਰਫ਼ ਖੇਤੀਬਾੜੀ ਨੂੰ ਵਿਹਾਰਕ ਕਿੱਤਾ ਬਣਾਵੇਗੀ ਬਲਕਿ ਉਤਪਾਦਕਤਾ ਲਾਭਾਂ ਕਾਰਨ ਵਿਕਾਸ ਦੀਆਂ ਨਵੀਆਂ ਸਰਹੱਦਾਂ ਖੋਲ੍ਹੇਗੀ।

ਇਸ ਤੋਂ ਇਲਾਵਾ ਪੰਜਾਬ ਦੀ ਧਰਤੀ ਖੇਤੀ ਕੇਂਦਰਤ ਸਨਅਤੀਕਰਨ ਲਈ ਕਈ ਹੋਰ ਪੱਖਾਂ ਤੋਂ ਵੀ ਢੁਕਵੀਂ ਥਾਂ ਹੈ। ਇੱਥੋਂ ਦੀ ਖੇਤੀਬਾੜੀ ਨਾਲ ਸਬੰਧਤ ਪ੍ਰਤੀ ਪਰਿਵਾਰ ਮਾਸਿਕ ਆਮਦਨ (26,701 ਰੁਪਏ) ਮੇਘਾਲਿਆ (29348 ਰੁਪਏ) ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਇਹ ਅਜਿਹੀ ਔਸਤ ਆਮਦਨੀ ਹੈ ਜੋ ਸੁਝਾਅ ਦਿੰਦੀ ਹੈ ਕਿ ਪੰਜਾਬ ਦੇ ਬਹੁਤ ਸਾਰੇ ਖੇਤੀ ਨਾਲ ਜੁੜੇ ਪਰਿਵਾਰਾਂ ਕੋਲ ਨਿਵੇਸ਼ ਲਈ ਸਰੋਤ ਮੌਜੂਦ ਹਨ ਬਸ਼ਰਤੇ ਉਨ੍ਹਾਂ ਕੋਲ ਇਸ ਦਿਸ਼ਾ ਵਿੱਚ ਨਿਵੇਸ਼ ਕਰਨ ਲਈ ਆਪਣੇ ਘਰ ਦੇ ਨਜ਼ਦੀਕ ਵਿਹਾਰਕ ਆਰਥਿਕ ਰਸਤੇ ਹੋਣ।

ਅਰਥ ਸ਼ਾਸਤਰੀ ਲੂਈਸ ਦੀ ਇਸ ਮਾਮਲੇ ਵਿੱਚ ਦਲੀਲ ਹੈ ਕਿ ਜੇ ਘਰੇਲੂ ਬੱਚਤਾਂ ਦੀ ਵਰਤੋਂ ਨਿਵੇਸ਼ ਲਈ ਨਹੀਂ ਕੀਤੀ ਜਾ ਸਕਦੀ ਤਾਂ ਸਬੰਧਤ ਉੱਦਮੀ ਬੈਂਕਾਂ ਤੋਂ ਉਧਾਰ ਲੈ ਸਕਦੇ ਹਨ। ਇਸ ਲਿਹਾਜ਼ ਨਾਲ਼ ਵੀ ਪੰਜਾਬ ਦੀ ਹਾਲਤ ਅਨੁਕੂਲ ਹੈ। ਪੰਜਾਬ ਵਿੱਚ ਬੈਂਕ ਐਡਵਾਂਸ-ਡਿਪਾਜ਼ਿਟ ਅਨੁਪਾਤ ਬਹੁਤ ਘੱਟ ਹੈ। 31 ਮਾਰਚ, 2021 ਦੇ ਅੰਕੜਿਆਂ ਅਨੁਸਾਰ ਇਹ 54.38 ਫ਼ੀਸਦ ਸੀ, ਭਾਵ ਵਪਾਰਕ ਬੈਂਕਾਂ ਨੇ ਪੰਜਾਬ ਤੋਂ ਇਕੱਠੇ ਕੀਤੇ 100 ਰੁਪਏ ਵਿਚੋਂ ਸਿਰਫ਼ 54.38 ਰੁਪਏ ਦਾ ਨਿਵੇਸ਼ ਕੀਤਾ। ਦੂਜੇ ਪਾਸੇ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਮਹਾਰਾਸ਼ਟਰ ਵਿਚ ਇਹ ਅਨੁਪਾਤ ਕ੍ਰਮਵਾਰ 128.72 ਫ਼ੀਸਦ, 101.50 ਫ਼ੀਸਦ ਅਤੇ 94.83 ਫ਼ੀਸਦ ਹੈ। 70 ਫ਼ੀਸਦ ਦਾ ਤੈਅ ਮਾਪਦੰਡ ਪੰਜਾਬ ਵਿਚ ਬੈਂਕ ਕਰਜ਼ੇ ਦੀ ਵੱਡੀ ਸੰਭਾਵਨਾ ਦਰਸਾਉਂਦਾ ਹੈ। ਨਾਬਾਰਡ (ਐੱਨਏਬੀਆਰਡੀ) ਵੀ ਫੂਡ ਪ੍ਰੋਸੈਸਿੰਗ ਯੂਨਿਟਾਂ, ਵੇਅਰਹਾਊਸਾਂ, ਕੋਲਡ ਸਟੋਰੇਜ ਅਤੇ ਕੋਲਡ ਚੇਨ ਬੁਨਿਆਦੀ ਢਾਂਚਾ ਕ੍ਰੈਡਿਟ ਸਹੂਲਤਾਂ ਲਈ ਮਾਰਕੀਟਿੰਗ ਫੈਡਰੇਸ਼ਨਾਂ ਅਤੇ ਉਤਪਾਦਕ ਸੰਗਠਨਾਂ ਦੀ ਵਿੱਤੀ ਇਮਦਾਦ ਕਰਦਾ ਹੈ।

ਪੰਜਾਬ 'ਚ ਕਣਕ ਅਤੇ ਝੋਨੇ ਦੀ ਸਭ ਤੋਂ ਵੱਧ ਪੈਦਾਵਾਰ ਹੈ। ਇਸ ਵਿਚੋਂ ਕੱਚੇ ਰੂਪ ਵਿੱਚ ਜਿਆਦਾਤਰ ਖੇਤੀ ਉਪਜ ਜਾਂ ਤਾਂ ਕੇਂਦਰੀ ਪੂਲ ਦੇ ਰੂਪ ਵਿੱਚ ਜਾਂ ਹੋਰ ਥਾਈਂ ਭੇਜੀ ਜਾਂਦੀ ਹੈ। ਇਸ ਲਿਹਾਜ਼ ਨਾਲ਼ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਉਦਯੋਗ ਲਈ ਵੀ ਵੱਡੀ ਸੰਭਾਵਨਾ ਬਣਦੀ ਹੈ।

ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦਾ ਚੰਗਾ ਜਥੇਬੰਦਕ ਤਾਣਾ-ਬਾਣਾ ਹੈ। ਇਨ੍ਹਾਂ ਜਥੇਬੰਦੀਆਂ ਦੇ ਮੈਂਬਰ ਪੜ੍ਹੇ-ਲਿਖੇ ਨੌਜਵਾਨ ਹਨ ਜੋ ਮਿਸਾਲੀ ਪੱਧਰ ਦਾ ਜਥੇਬੰਦਕ ਹੁਨਰ ਰੱਖਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਅਗਾਂਹਵਧੂ ਕਿਸਾਨ ਪਹਿਲਾਂ ਹੀ ਖੇਤੀਬਾੜੀ ਤੋਂ ਇਲਾਵਾ ਹੋਰ ਕਾਰੋਬਾਰ ਕਰ ਰਹੇ ਹਨ। ਉਦਾਹਰਨ ਵਜੋਂ ਕੁੱਲ ਕਮਿਸ਼ਨ ਏਜੰਟਾਂ ਵਿਚੋਂ ਲਗਭਗ 30 ਫ਼ੀਸਦ ਗਿਣਤੀ ਕਿਸਾਨਾਂ ਦੀ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਕਿਸਾਨ ਪੈਸੇ ਉਧਾਰ ਦੇਣ ਦੇ ਕਾਰੋਬਾਰ ਵਿੱਚ ਵੀ ਸ਼ਾਮਿਲ ਹਨ। ਇਸੇ ਤਰ੍ਹਾਂ ਲਗਭਗ 20 ਫ਼ੀਸਦ ਚੌਲ ਮਿੱਲਾਂ ਕਿਸਾਨਾਂ ਦੀ ਮਲਕੀਅਤ ਵਾਲੀਆਂ ਹਨ। ਵੇਅਰਹਾਊਸਾਂ, ਪੈਟਰੋਲ ਪੰਪਾਂ, ਬੀਜਾਂ, ਖਾਦ ਅਤੇ ਕੀਟਨਾਸ਼ਕਾਂ, ਪਸ਼ੂਆਂ ਦੇ ਚਾਰੇ, ਟਰਾਂਸਪੋਰਟ, ਰੀਅਲ ਐਸਟੇਟ ਅਤੇ ਉਸਾਰੀ ਸਮੱਗਰੀ ਵਰਗੀਆਂ ਖੇਤੀ ਸਮੱਗਰੀਆਂ ਵਿੱਚ ਕਿਸਾਨਾਂ ਦੀ ਮਲਕੀਅਤ ਵੀ ਧਿਆਨ ਦੇਣ ਯੋਗ ਹੈ। ਅਗਾਂਹਵਧੂ ਕਿਸਾਨਾਂ ਦੇ ਸੂਬੇ ਭਰ ਵਿੱਚ ਯੂਥ ਕਲੱਬ ਹਨ। ਉਹ ਸੂਚਨਾ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਬਾਰੇ ਵੀ ਚੰਗੀ ਤਰ੍ਹਾਂ ਜਾਣੂ ਹਨ। ਦੁਨੀਆ ਭਰ ਵਿੱਚ ਫੈਲੇ ਪੰਜਾਬੀ ਡਾਇਸਪੋਰਾ ਨਾਲ ਕਿਸਾਨਾਂ ਦਾ ਚੰਗਾ ਗਲੋਬਲ ਨੈੱਟਵਰਕ ਹੋਣਾ ਉਨ੍ਹਾਂ ਦੀ ਸਮਾਜਿਕ ਪੂੰਜੀ ਨੂੰ ਮਜ਼ਬੂਤ ਕਰਦਾ ਹੈ। ਪੰਜਾਬ ਵਿਚ ਖੇਤੀ ਆਧਾਰਿਤ ਸਨਅੱਤੀ ਵਿਕਾਸ ਲਈ ਚੰਗੀ ਤਰ੍ਹਾਂ ਵਿਕਸਿਤ ਬੁਨਿਆਦੀ ਢਾਂਚੇ ਦੇ ਰੂਪ ਵਿੱਚ ਸਹੂਲਤਾਂ ਵੀ ਹਨ ਜਿਨ੍ਹਾਂ ਵਿੱਚ ਪੇਂਡੂ ਸੜਕਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ।

ਇਨ੍ਹਾਂ ਤੱਥਾਂ ਦੇ ਆਧਾਰ 'ਤੇ ਪਤਾ ਲੱਗਦਾ ਹੈ ਕਿ ਉੱਦਮਤਾ, ਪੂੰਜੀ, ਜਥੇਬੰਦਕ ਹੁਨਰ, ਸੰਸਥਾਈ ਫੰਡਿੰਗ, ਖੇਤੀਬਾੜੀ ਦੇ ਕੱਚੇ ਮਾਲ, ਹੋਰ ਕਾਰੋਬਾਰੀ ਤਜਰਬਿਆਂ ਅਤੇ ਡਾਇਸਪੋਰਾ ਦੇ ਨੈਟਵਰਕ ਦੇ ਮਾਮਲੇ ਵਿੱਚ ਪੰਜਾਬ ਖੇਤੀਬਾੜੀ ਰਾਹੀਂ ਸੰਚਾਲਿਤ ਸਨਅੱਤੀਕਰਨ ਲਈ ਬਿਹਤਰ ਹਾਲਤ 'ਚ ਹੈ।ਉਂਝ, ਵਿਚਾਰਨਯੋਗ ਗੱਲ ਇਹ ਹੈ ਕਿ ਖੇਤੀ ਸੰਚਾਲਿਤ ਸਨਅੱਤੀਕਰਨ ਲਈ ਢੁਕਵੇਂ ਹਾਲਾਤ ਹੋਣ ਦੇ ਬਾਵਜੂਦ ਕਿਸਾਨਾਂ ਦੀ ਮਾਨਸਿਕਤਾ ਸਨਅੱਤ ਵੱਲ ਉੱਦਮ ਕਰਨ ਲਈ ਤਿਆਰ ਨਹੀਂ। ਇਸ ਪੱਖੋਂ ਵੱਖ ਵੱਖ ਮੁਹਾਜ਼ਾਂ (ਬਾਕੀ ਸਫ਼ਾ 31 'ਤੇ)

# ਜ਼ਿੰਦਗੀ ਦੀ ਲੋੜ 'ਆਤਮ-ਵਿਸ਼ਵਾਸ'

ਡਾ. ਇਕਬਾਲ ਸਿੰਘ ਸਕਰੌਦੀ





ਹਰ ਇਨਸਾਨ ਦੀ ਇਹ ਦਿਲੀ ਇੱਛਾ ਹੁੰਦੀ ਹੈ ਕਿ ਉਹ ਹਮੇਸ਼ਾ ਤੰਦਰੁਸਤ ਰਹੇ, ਖ਼ੁਸ਼ਹਾਲ ਰਹੇ ਅਤੇ ਜੀਵਨ ਦੀ ਹਰ ਮੰਜ਼ਿਲ ਨੂੰ ਫ਼ਤਹਿ ਕਰੇ। ਦੋਸਤਾਂ ਮਿੱਤਰਾਂ, ਸਕੇ ਸਬੰਧੀਆਂ, ਆਂਢੀਆਂ- ਗੁਆਂਢੀਆਂ ਅਤੇ ਸਹਿਕਰਮੀਆਂ ਵਿੱਚ ਉਸ ਦਾ ਮਾਣ ਸਤਿਕਾਰ ਹੋਵੇ। ਪ੍ਰੰਤੂ ਸਭ ਕੁਝ ਵਿਅਕਤੀ ਦੀ ਇੱਛਾ ਅਨੁਸਾਰ ਹੀ ਨਹੀਂ ਹੁੰਦਾ। ਕਈ ਵਾਰ ਸਾਡੇ ਕੋਲ ਲੋੜੀਂਦੀ ਕਾਬਲੀਅਤ ਹੋਣ ਦੇ ਬਾਵਜੂਦ ਵੀ ਨਾਕਾਮਯਾਬੀ ਹੀ ਸਾਡੇ ਪੱਲੇ ਪੈਂਦੀ ਹੈ। ਇਸ ਦਾ ਇੱਕੋ ਇੱਕ ਕਾਰਨ ਇਹ ਹੁੰਦਾ ਹੈ ਕਿ ਸਾਨੂੰ ਖ਼ੁਦ ਆਪਣੇ ਉੱਤੇ ਅਤੇ ਆਪਣੀ ਕਾਬਲੀਅਤ ਉੱਤੇ ਭਰੋਸਾ ਹੀ ਨਹੀਂ ਹੁੰਦਾ। ਸਾਡੇ ਵਿੱਚ ਆਤਮ-ਵਿਸ਼ਵਾਸ ਦੀ ਘਾਟ ਹੁੰਦੀ ਹੈ। ਕਈ ਵਾਰ ਬਹੁਤ ਜ਼ਿਆਦਾ ਹੁਸ਼ਿਆਰ ਵਿਦਿਆਰਥੀ ਵੀ ਆਤਮ-ਵਿਸ਼ਵਾਸ ਦੀ ਘਾਟ ਕਾਰਨ ਪ੍ਰੀਖਿਆ ਵਿੱਚੋਂ ਚੰਗੇ ਅੰਕ ਹਾਸਲ ਨਹੀਂ ਕਰ ਸਕਦਾ। ਇਸੇ ਤਰ੍ਹਾਂ ਆਤਮ-ਵਿਸ਼ਵਾਸ ਦੀ ਘਾਟ ਕਾਰਨ ਇੱਕ ਚੰਗਾ ਖਿਡਾਰੀ ਵੀ ਖੇਡ ਦੇ ਮੈਦਾਨ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਦਾ ਅਤੇ ਜਿੱਤਿਆ ਹੋਇਆ ਮੈਚ ਹਾਰ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਆਤਮ-ਵਿਸ਼ਵਾਸ ਦੀ ਘਾਟ ਨੂੰ ਦੂਰ ਕਿਵੇਂ ਕੀਤਾ ਜਾਵੇ ? ਉਹ ਕਿਹੜਾ ਢੰਗ ਹੈ, ਜਿਸ ਨਾਲ ਮਨੁੱਖ ਵਿੱਚ ਆਤਮ-ਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ ? ਇਸ ਲਈ ਸਭ ਤੋਂ ਪਹਿਲਾ ਸਿਧਾਂਤ ਤਾਂ ਇਹ ਹੈ ਕਿ ਹਰ ਇਨਸਾਨ ਸਭ ਤੋਂ ਪਹਿਲਾਂ ਆਪਣੀਆਂ ਕਮੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਕੇ ਅਤੇ ਫ਼ਿਰ ਦ੍ਰਿੜ੍ਹ ਇਰਾਦੇ ਨਾਲ਼ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚੋਂ ਦੂਰ ਕਰੇ। ਜਦੋਂ ਇੱਕ ਵਾਰੀ ਕਾਰਨਾਂ ਦੀ ਨਿਸ਼ਾਨਦੇਹੀ ਹੋ ਗਈ ਤਾਂ ਦ੍ਰਿੜ੍ਹ ਮਨ ਨਾਲ ਉਨ੍ਹਾਂ ਕਮੀਆਂ ਨੂੰ ਆਪਣੇ ਜੀਵਨ ਵਿੱਚੋਂ ਦੂਰ ਕਰ ਦੇਣਾ ਚਾਹੀਦਾ ਹੈ।

ਆਤਮ-ਵਿਸ਼ਵਾਸ ਨੂੰ ਹਾਸਲ ਕਰਨ ਲਈ ਸਭ ਤੋਂ ਵਧੀਆ ਢੰਗ ਇਹ ਹੈ ਕਿ ਅਸੀਂ ਸਖ਼ਤ ਮਿਹਨਤ ਕਰਨ ਤੋਂ ਕਦੇ ਵੀ ਨਾ ਘਬਰਾਈਏ। ਜਦੋਂ ਕੋਈ ਕੰਮ ਵਾਰ-ਵਾਰ ਕਰਦੇ ਹੋਏ ਅਸੀਂ ਅੱਕ ਅਤੇ ਥੱਕ ਜਾਂਦੇ ਹਾਂ ਤਾਂ ਇਹੋ ਅੱਕਣਾ ਅਤੇ ਥੱਕਣਾ ਸਾਡੀ ਜਿੱਤ ਦੇ ਰਸਤੇ ਵਿੱਚ ਰੁਕਾਵਟ ਬਣ ਜਾਂਦੇ ਹਨ। ਇਸ ਲਈ ਸਾਨੂੰ ਇਨ੍ਹਾਂ ਦੋਵਾਂ ਸ਼ਬਦਾਂ ਅੱਕਣਾ ਅਤੇ ਥੱਕਣਾ ਨੂੰ ਆਪਣੇ ਜੀਵਨ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਔਖੇ ਤੋਂ ਔਖਾ ਕੰਮ ਵੀ ਵਾਰ-ਵਾਰ ਕਰਨ ਨਾਲ਼ ਸਾਨੂੰ ਸੌਖਾ ਲੱਗਣ ਲੱਗ ਜਾਂਦਾ ਹੈ। ਕੋਈ ਵੀ ਕੰਮ ਸਾਨੂੰ ਓਨੀ ਦੇਰ ਤੱਕ ਹੀ ਔਖਾ ਲੱਗਦਾ ਹੈ, ਜਿੰਨੀ ਦੇਰ ਤੱਕ ਅਸੀਂ ਉਸ ਨੂੰ ਲਗਨ ਅਤੇ ਸ਼ੌਂਕ ਨਾਲ ਕਰਨ ਦਾ ਵਾਰ-ਵਾਰ ਅਭਿਆਸ ਨਹੀਂ ਕਰਦੇ। ਅਸੀਂ ਪੜ੍ਹਾਈ ਕਰਨੀ ਹੋਵੇ, ਕੋਈ ਖੇਡ ਖੇਡਣੀ ਹੋਵੇ ਜਾਂ ਕਿਸੇ ਕਲਾ ਵਿੱਚ ਮੁਹਾਰਤ ਹਾਸਲ ਕਰਨੀ ਹੋਵੇ, ਬੱਸ ਇੱਕੋ ਗੱਲ ਦੀ ਲੋੜ ਹੈ ਕਿ ਉਸ ਵਿੱਚ ਪੂਰੀ ਦਿਲਚਸਪੀ ਰੱਖ ਕੇ ਉਸ ਨੂੰ ਪੂਰੀ ਲਗਨ ਅਤੇ ਸ਼ੌਂਕ ਨਾਲ਼ ਕੀਤਾ ਜਾਵੇ। ਇਹ ਕਦੇ ਵੀ ਨਾ ਸੋਚੋ ਕਿ 'ਉਹ ਕੰਮ ਮੈਂ ਨਹੀਂ ਕਰ ਸਕਦਾ।' 'ਅਸੰਭਵ' ਸ਼ਬਦ ਕਮਜ਼ੋਰ ਅਤੇ ਬੁਜ਼ਦਿਲ ਲੋਕਾਂ ਨੇ ਆਪਣੀਆਂ ਕਮਜ਼ੋਰੀਆਂ ਛੁਪਾਉਣ ਲਈ ਹੀ ਬਣਾਇਆ ਹੋਇਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਵਿੱਚ ਇੰਨਾ ਜ਼ਿਆਦਾ ਆਤਮ-ਵਿਸ਼ਵਾਸ ਭਰ ਦਿੱਤਾ ਸੀ ਕਿ ਇੱਕ ਇੱਕ ਸਿੰਘ ਲੱਖਾਂ ਮੁਗ਼ਲ ਸੈਨਿਕਾਂ ਨਾਲ਼ ਟੱਕਰ ਲੈਣ ਲਈ ਤਿਆਰ ਹੋ ਜਾਂਦਾ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦ੍ਰਿੜ੍ਹ ਆਤਮ-ਵਿਸ਼ਵਾਸ ਦੀ ਭਾਵਨਾ ਹੀ ਸੀ ਕਿ ਉਹ ਮੁੱਠੀ ਭਰ ਖ਼ਾਲਸਾਈ ਯੋਧਿਆਂ ਨਾਲ ਲੱਖਾਂ ਦੀ ਗਿਣਤੀ ਵਿੱਚ ਮੁਗ਼ਲ ਸੈਨਾਵਾਂ ਨਾਲ ਟੱਕਰ ਲੈ ਕੇ ਯੁੱਧ ਵਿੱਚ ਹਰਾਉਂਦੇ ਰਹੇ। ਆਤਮ-ਵਿਸ਼ਵਾਸ ਹੀ ਇਕ ਅਜਿਹੀ ਸ਼ਕਤੀ ਹੈ, ਜੋ ਸਾਨੂੰ ਜੀਵਨ ਵਿੱਚ ਵਿਚਰਦਿਆਂ ਜਿੱਤ ਦੇ ਮਾਰਗ 'ਤੇ ਤੋਰਦੀ ਹੈ।

# ਸਰਦਾਰ ਕੰਵਰਅਜੀਤ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ



ਡਾ. ਦਿਲਬਰ ਸਿੰਘ



ਸਰਦਾਰ ਕੰਵਰਜੀਤ ਸਿੰਘ ਦਾ ਜਨਮ 24 ਸਤੰਬਰ 1938 ਨੂੰ ਪਿਤਾ ਸਰਦਾਰ ਜਸਵੰਤ ਸਿੰਘ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ ਪਿੰਡ ਜਬੋ ਮਾਜਰਾ ਜ਼ਿਲ੍ਹਾ ਸੰਗਰੂਰ (ਮੌਜੂਦਾ ਮਲੇਰਕੋਟਲਾ) ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਐਕਸਾਈਜ਼ ਵਿਭਾਗ ਵਿਚ ਇੰਸਪੈਕਟਰ ਸਨ। ਆਪ ਜੀ ਦੇ ਤਿੰਨ ਭਰਾ ਅਤੇ ਤਿੰਨ ਭੈਣਾਂ ਸਨ। ਬਚਪਨ ਤੋਂ ਹੀ ਆਪ ਬੜੇ ਹੋਣਹਾਰ ਅਤੇ ਪੜ੍ਹਾਈ ਵਿਚ ਹੁਸ਼ਿਆਰ ਸਨ। ਆਪ ਜੀ ਨੂੰ ਗੁਰਬਾਣੀ ਨਾਲ ਵੀ ਬਹੁਤ ਪ੍ਰੇਮ ਸੀ। ਆਪ ਬਚਪਨ ਤੋਂ ਹੀ ਹਰ ਰੋਜ ਨਿਤਨੇਮ ਕਰਦੇ ਸਨ ਅਤੇ ਉਨ੍ਹਾਂ ਦਾ ਗੁਰਬਾਣੀ ਨਾਲ ਇਹ ਪਿਆਰ ਉਨ੍ਹਾਂ ਦੇ ਸੁਆਸਾਂ ਨਾਲ ਨਿਭਿਆ। ਆਪਣੀ ਮੁਢਲੀ ਵਿਦਿਆ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੇ ਆਈ.ਟੀ.ਆਈ. ਪਟਿਆਲਾ ਤੋਂ ਵਿਦਿਆ ਪ੍ਰਾਪਤ ਕੀਤੀ ਅਤੇ ਉਨ੍ਹਾਂ ਨੂੰ ਰੇਲਵੇ ਦੇ ਤਕਨੀਕੀ ਵਿਭਾਗ ਵਿਚ ਨੌਕਰੀ ਮਿਲ ਗਈ। ਉਨ੍ਹਾਂ ਨੇ 1994 ਤੱਕ ਨੌਕਰੀ ਕੀਤੀ ਅਤੇ ਰੇਲਵੇ ਵਿਭਾਗ ਵਿਚੋਂ ਸੇਵਾਮੁਕਤ ਹੋਏ। ਸੇਵਾਮੁਕਤ ਹੋਣ ਉਪਰੰਤ ਉਨ੍ਹਾਂ ਨੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਆਪਣੀ ਕਮਰਕਸ ਲਈ। ਉਨ੍ਹਾਂ ਨੇ ਉਸ ਵੇਲੇ ਲਿਖਣਾ ਸ਼ੁਰੂ ਕੀਤਾ ਜਦੋਂ 1996 ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪ੍ਰੋ. ਦੁਸਾਂਝ ਦਾ ਲਿਖਿਆ ਇਕ ਲੇਖ ਪੰਜਾਬੀ ਟ੍ਰਿਬਿਊਨ ਅਖਬਾਰ ਵਿਚ 'ਪੰਜਾਬ ਦਾ ਅਜੋਕਾ ਸੰਕਟ ਬ੍ਰਾਹਮਣੀਵਾਦੀ ਸਿੱਖਾਂ ਦੀ ਦੇਣ' ਸਿਰਲੇਖ ਅਧੀਨ ਛਪਿਆ ਪੜ੍ਹਿਆ ਅਤੇ ਉਨ੍ਹਾਂ ਨੇ ਪੂਰੀ ਸਰਗਰਮੀ ਨਾਲ ਸਿੱਖ ਇਤਿਹਾਸ ਦੀ ਖੋਜ ਸ਼ੁਰੂ ਕਰ ਦਿੱਤੀ। ਸਿੱਖ ਇਤਿਹਾਸ ਦੇ ਛੁਪੇ ਹੋਏ ਪ੍ਰਮੁੱਖ ਤੱਥਾਂ ਨੂੰ ਉਜਾਗਰ ਕਰਨ ਲਈ ਅਨੇਕਾਂ ਟ੍ਰੈਕਟ ਲਿਖੇ ਅਤੇ ਮੁਫ਼ਤ ਵੰਡੇ ਜੋ ਕਿ ਸਿੱਖ ਸੰਗਤਾਂ ਵਿੱਚ ਬੜੇ ਮਕਬੂਲ ਹੋਏ। ਸੰਨ 2000 ਵਿੱਚ ਉਨ੍ਹਾਂ ਨੇ ਸਿੱਖ ਵਿਰੋਧੀ ਤਾਕਤਾਂ ਦਾ ਜੁਆਬ ਦੇਣ ਲਈ ਖਾਲਸਾ ਸਾਜਨਾ ਦੇ 300 ਸਾਲਾ ਤੇ 10 ਹਜ਼ਾਰ ਟ੍ਰੈਕਟ ਫ੍ਰੀ ਵਿੱਚ ਵੰਡੇ ਅਤੇ ਸੱਚ ਨੂੰ ਸਾਹਮਣੇ ਲਿਆਂਦਾ। ਸਿਖ ਸੰਸਥਾਵਾਂ ਵਲੋਂ ਉਨ੍ਹਾਂ ਦੀ ਹਰ ਇਕ ਰਚਨਾ ਨੂੰ 'ਜੀ ਆਇਆਂ' ਆਖਿਆ ਜਾਂਦਾ ਰਿਹਾ। ਉਹ ਅਕਾਲ ਪੁਰਖ ਦੇ ਸੇਵਕ ਸਨ ਅਤੇ ਉਨ੍ਹਾਂ ਨੇ ਸਿੱਖ ਸੰਗਤਾਂ ਦੇ ਸਹਿਯੋਗ ਸਦਕਾ ਅਨੇਕਾਂ ਪੁਸਤਕਾਂ ਅਤੇ ਟ੍ਰੈਕਟ ਪ੍ਰਕਾਸ਼ਿਤ ਕੀਤੇ। ਸਿੱਖ ਪ੍ਰਚਾਰ-ਪ੍ਰਸਾਰ ਲਈ ਉਨ੍ਹਾਂ ਨੇ 'ਗੁਰਮਤਿ ਵਿਚਾਰ ਕੇਂਦਰ ਪਟਿਆਲਾ' ਦੀ ਸਥਾਪਨਾ ਕੀਤੀ। ਉਨ੍ਹਾਂ ਦੀਆਂ ਪੁਸਤਕਾਂ : ਕਾਮਰੇਡੀ ਸਿੱਖਾਂ ਦੇ ਕੌਤਕ ਭਾਗ ਪਹਿਲਾ ਅਤੇ ਦੂਜਾ, ਸਭ ਦੁਸ਼ਟ ਝਖ ਮਾਰਾ, ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤਰੀ, ਗੁਰਮਤਿ ਸਿਧਾਂਤ : ਭਾਗ ਪਹਿਲਾ, ਦੂਜਾ, ਤੀਜਾ ਅਤੇ ਚੌਥਾ, ਪੰਥ ਕਰੂਗਾ ਫੈਸਲਾ, ਬਾਬੇ ਦੀ ਬਗਦਾਦ ਫੇਰੀ, ਚਰਿਤ੍ਰੋ ਪਾਖਿਆਨ: ਵਿਸ਼ਾ ਵਸਤੂ ਤੇ ਸਾਰੰਸ਼, ਸਰਦਾਰ ਭਗਤ ਸਿੰਘ ਦੀ ਨਾਸਤਿਕਤਾ : ਇਕ ਪੜਚੋਲ, ਤੇ ਸੰਤ ਭਲੇ ਗੁਰਸਿੱਖ ਹੈ, ਅਬਿਨਾਸ਼ੀ ਲੀਲਾ, ਵਿਰਲੈ ਕਿਨੈ ਵੀਚਾਰਿਆ, ਗੰਜ ਸ਼ਹੀਦਾਂ, ਨਕਲੀ ਸਿੱਖ ਪ੍ਰਬੋਧ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਮਾਨਤਾ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਇਤਿਹਾਸਕ ਅਤੇ ਅਧਿਆਤਮਕ ਪੱਖ, ਸਤਿਗੁਰ ਬਾਝਹੁ ਗੁਰ ਨਹੀ ਕੋਈ ਆਦਿ ਹਨ। ਉਨ੍ਹਾਂ ਨੇ ਸਿੱਖ ਧਰਮ ਦੇ ਇਤਿਹਾਸ, ਸਿਧਾਂਤਾਂ, ਗੁਰਬਾਣੀ, ਸੰਪਰਦਾਵਾਂ ਅਤੇ ਰਹਿਤ ਮਰਿਆਦਾ ਤੇ ਕਿੰਤੂ ਕਰਨ ਵਾਲਿਆਂ ਨੂੰ ਆੜੇ ਹੱਥੀਂ ਲਿਆ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਨਿੰਦਿਆ ਕਰਨ ਵਾਲੇ ਅਖੌਤੀ ਵਿਦਵਾਨਾਂ ਨੂੰ ਝੱਖ ਮਾਰਨ ਵਾਲੇ ਦੱਸਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਾਣੀ ਦੀ ਬੇਅੰਤ ਉਪਮਾ ਕਰਕੇ ਸੰਗਤ ਵਿੱਚ ਪ੍ਰਚਾਰ ਪ੍ਰਸਾਰ ਕੀਤਾ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਬਾਰੇ ਅਨੇਕਾਂ ਟ੍ਰੈਕਟ ਪ੍ਰਕਾਸ਼ਿਤ ਕਰਕੇ ਵੰਡੇ। ਉਨ੍ਹਾਂ ਨੇ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਦੀ ਆਪਸੀ ਸਮਾਨਤਾ ਦਾ ਵੀ ਵਧੇਰੇ ਉਲੇਖ ਕੀਤਾ। ਉਨ੍ਹਾਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਇਤਿਹਾਸਕ ਅਤੇ ਅਧਿਆਤਮਕ ਪੱਖ ਨੂੰ ਵੀ ਉਜਾਗਰ ਕੀਤਾ।1996 ਤੋਂ ਲੈ ਕੇ ਆਪਣੇ ਅੰਤਿਮ ਸਮੇਂ ਤੱਕ ਉਹ ਨਿਰੰਤਰ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਕਰਨ ਵਿੱਚ ਰੁੱਝੇ ਰਹੇ। ਨਿਤਾਪ੍ਰਤੀ ਵਿਦਵਾਨ ਲੋਕ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਉਨ੍ਹਾਂ ਨੂੰ ਆ ਕੇ ਮਿਲਦੇ ਰਹਿੰਦੇ ਸਨ। ਉਹ ਆਪਣੇ ਆਪ ਵਿੱਚ ਇਕ ਸੰਸਥਾ ਸਨ। ਸਾਰੀਆਂ ਸਿਖ ਸੰਪਰਦਾਵਾਂ ਉਨ੍ਹਾਂ ਦਾ ਸਤਿਕਾਰ ਕਰਦੀਆਂ ਸਨ। ਸਿੱਖੀ ਦੇ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਇਹ ਸ਼ਖਸੀਅਤ 2 ਜਨਵਰੀ 2023 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੀ। ਉਨ੍ਹਾਂ ਨੇ ਆਪਣੀ ਵਸੀਅਤ ਵਿੱਚ ਦਰਜ ਕਰਵਾਇਆ ਸੀ ਕਿ ਉਨ੍ਹਾਂ ਦੀ ਅੰਤਿਮ ਅਰਦਾਸ ਦਸ਼ਮੇਸ਼ ਅਕੈਡਮੀ ਪਟਿਆਲਾ ਵਿਖੇ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਅਸਥੀਆਂ ਪਟਿਆਲਾ 'ਚ ਹੀ ਭਾਖੜਾ ਵਿੱਚ ਪ੍ਰਵਾਹ ਕੀਤੀਆਂ ਜਾਣ। ਉਨ੍ਹਾਂ ਦੇ ਭਤੀਜੇ ਸਰਦਾਰ ਜਸਜੀਤ ਸਿੰਘ ਨੇ ਉਨ੍ਹਾਂ ਦੀ ਵਸੀਅਤ ਮੁਤਾਬਿਕ ਉਨ੍ਹਾਂ ਦੀ ਅੰਤਮ ਅਰਦਾਸ ਦਾ ਸਮਾਗਮ ਕਰਵਾਇਆ। ਇਸ ਤਰ੍ਹਾਂ ਸਰਦਾਰ ਕੰਵਰਅਜੀਤ ਸਿੰਘ ਜੀ ਨੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਨੂੰ ਹੀ ਆਪਣੇ ਜੀਵਨ ਦਾ ਮੁੱਖ ਮਨੋਰਥ ਬਣਾਇਆ ਅਤੇ ਕਲਮ ਨਾਲ ਬੇਅੰਤ ਵੱਡੀ ਸੇਵਾ ਕੀਤੀ। ਉਹ ਪੰਥ ਲਈ ਆਪਣੀਆਂ ਲਿਖਤਾਂ ਦਾ ਅਤਿ ਦੁਰਲੱਭ ਖਜ਼ਾਨਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ,
ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ
ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT
Basic Web packages are available on comparatively economical rates we work as per your requirement and charge only according to work
Services
Web Development
Web Designing
Seo Services
Web Re-Design
Technical Support
Logo Design
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
wma WEB MEDIA ART
Mob: +91-8437636421
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ
webmediaart24@gmail.com www. Webmediaart.com

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਕੈਂਸਰ ਦੇ ਮਰੀਜ਼ਾਂ ਲਈ ਦੇਸੀ ਦਵਾਈਆਂ ਕਿੰਨੀਆਂ ਅਸਰਦਾਰ ?



ਡਾ. ਹਰਸ਼ਿੰਦਰ ਕੌਰ,
ਐਮ. ਡੀ.
0175-2216783



ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਔਫ਼ ਹੈਲਥ ਨੇ ਸਰਵੇਖਣ ਕਰ ਕੇ ਦੱਸਿਆ ਹੈ ਕਿ ਲਗਭਗ 40 ਫੀਸਦੀ ਕੈਂਸਰ ਦੇ ਮਰੀਜ਼ ਪਿਛਲੇ 10 ਸਾਲਾਂ ਵਿਚ ਜੜ੍ਹੀਆਂ ਬੂਟੀਆਂ ਜਾਂ ਕੋਈ ਹੋਰ ਦੇਸੀ ਦਵਾਈਆਂ ਵੀ ਨਾਲੋ ਨਾਲ ਖਾਣ ਲੱਗ ਪਏ ਸਨ। ਇਨ੍ਹਾਂ ਵਿਚ ਵੱਧ ਪੜ੍ਹੇ ਲਿਖੇ, ਅਮੀਰ ਅਤੇ ਇੰਟਰਨੈੱਟ ਨੂੰ ਆਧਾਰ ਮੰਨਣ ਵਾਲੇ ਜ਼ਿਆਦਾ ਮਰੀਜ਼ ਸਨ। ਬਹੁਤੇ ਤਾਂ ਸਰਜਰੀ, ਕੀਮੋਥੈਰਪੀ, ਰੇਡੀਓਥੈਰਪੀ ਆਦਿ ਦੇ ਨਾਲ ਹੀ ਹੋਰ ਦੇਸੀ ਨੁਸਖ਼ੇ ਵਰਤਣ ਲੱਗ ਪਏ ਸਨ ਤੇ ਕੁੱਝ ਇਲਾਜ ਪੂਰਾ ਮੁਕਾਉਣ ਬਾਅਦ ਦੇਸੀ ਦਵਾਈਆਂ ਲੈਣ ਲੱਗ ਪਏ ਸਨ।

ਸਾਲ 2019 ਦੇ ਸਰਵੇਖਣ ਅਨੁਸਾਰ 83 ਫੀਸਦੀ ਕੈਂਸਰ ਦੇ ਮਰੀਜ਼ਾਂ ਨੇ ਅਮਰੀਕਾ ਵਿਚ ਦੇਸੀ ਜਾਂ ਕੋਈ ਹੋਰ ਜੜ੍ਹੀ ਬੂਟੀ ਐਲੋਪੈਥੀ ਇਲਾਜ ਦੇ ਨਾਲ ਹੀ ਸ਼ੁਰੂ ਕਰ ਲਈ।

ਯੇਲ ਕੈਂਸਰ ਸੈਂਟਰ ਨੇ 10 ਸਾਲਾਂ ਦੀ ਖੋਜ ਬਾਅਦ ਇਹ ਸਪਸ਼ਟ ਕੀਤਾ ਹੈ ਕਿ ਜਿਹੜੇ ਕੈਂਸਰ ਦੇ ਮਰੀਜ਼ਾਂ ਨੇ ਤੁਰੰਤ ਅਪਰੇਸ਼ਨ, ਕੀਮੋਥੈਰਪੀ ਜਾਂ ਰੇਡੀਓਥੈਰਪੀ ਕਰਵਾਉਣ ਦੀ ਥਾਂ ਪਹਿਲਾਂ ਦੇਸੀ ਟੋਟਕੇ ਅਜ਼ਮਾਏ, ਉਨ੍ਹਾਂ ਵਿਚ ਮੌਤ ਦਰ ਕਾਫੀ ਵਧੀ ਹੋਈ ਲੱਭੀ ਤੇ ਉਹ ਵਕਤ ਤੋਂ ਪਹਿਲਾਂ ਹੀ ਕੂਚ ਕਰ ਗਏ।

ਜਿਨ੍ਹਾਂ ਨੇ ਕੈਂਸਰ ਦੀਆਂ ਦਵਾਈਆਂ ਖਾਣ ਦੇ ਨਾਲੋ ਨਾਲ ਦੇਸੀ ਦਵਾਈਆਂ ਵਰਤੀਆਂ, ਉਨ੍ਹਾਂ ਵਿੱਚੋਂ ਬਥੇਰਿਆਂ ਨੂੰ ਕੈਂਸਰ ਦੀਆਂ ਦਵਾਈਆਂ ਦਾ ਤਗੜਾ ਮਾੜਾ ਅਸਰ ਹੁੰਦਾ ਲੱਭਿਆ ਕਿਉਂਕਿ ਦੇਸੀ ਦਵਾਈਆਂ ਦਾ ਕੈਂਸਰ ਦੀਆਂ ਦਵਾਈਆਂ ਨਾਲ ਸਰੀਰ ਅੰਦਰ ਟਕਰਾਓ ਹੋਣ ਲੱਗ ਪਿਆ ਸੀ ਤੇ ਉਲਟ ਅਸਰ ਹੁੰਦੇ ਲੱਭੇ।

ਇਹ ਅਸਰ ਕਿਹੜੇ ਸਨ :-

1. ਕੈਂਸਰ ਦੀਆਂ ਦਵਾਈਆਂ ਦਾ ਅਸਰ ਘਟਾਉਣਾ :-

ਕੈਂਸਰ ਦੀਆਂ ਦਵਾਈਆਂ ਜਜ਼ਬ ਕਰਨ ਦੀ ਤਾਕਤ ਘਟਾਉਣਾ, ਸਰੀਰ ਵੱਲੋਂ ਕੱਢੇ ਜਾ ਰਹੇ ਹਜ਼ਮ ਕਰਨ ਦੇ ਰਸਾਂ ਨਾਲ ਛੇੜਛਾੜ ਅਤੇ ਅਸਰ ਕਰਨ ਵਾਲੀ ਥਾਂ ਉੱਤੇ ਪਏ ਸੈੱਲਾਂ ਨੂੰ ਸਖ਼ਤ ਜਾਨ ਬਣਾ ਦੇਣਾ, ਆਮ ਹੀ ਦੇਸੀ ਦਵਾਈਆਂ ਨਾਲ ਵੇਖਿਆ ਗਿਆ ਹੈ। ਕੈਂਸਰ ਦੀਆਂ ਦਵਾਈਆਂ ਦੇ ਅਸਰ ਨੂੰ ਸਹੀ ਕਰਨ ਵਿਚ ਸੀ.ਵਾਈ.ਪੀ. 3ਏ. 4 ਰਸ ਦਾ ਅਹਿਮ ਰੋਲ ਹੁੰਦਾ ਹੈ ਜੋ ਕਈ ਕਿਸਮਾਂ ਦੀਆਂ ਦੇਸੀ ਦਵਾਈਆਂ ਨਸ਼ਟ ਕਰ ਦਿੰਦੀਆਂ ਹਨ।

ਬਹੁਤ ਸਾਰੀਆਂ ਕੈਂਸਰ ਦੀਆਂ ਦਵਾਈਆਂ ਜਿਵੇਂ ਸਾਈਕਲੋਫਾਸਫਾਮਾਈਡ, ਪੈਕਲੀਟੈਕਸਲ, ਵਿਨਕਰਿਸਟੀਨ, ਵਿਨਬਲਾਸਟੀਨ ਆਦਿ ਸੀ.ਵਾਈ.ਪੀ. 3ਏ. 4 ਰਸ ਰਾਹੀਂ ਹੀ ਅਸਰ ਵਿਖਾਉਂਦੀਆਂ ਹਨ। ਇੰਜ ਹੀ ਪੀੜ ਨੂੰ ਆਰਾਮ ਦੇਣ ਵਾਲੀਆਂ ਓਪਿਆਇਡ ਦਵਾਈਆਂ ਦਾ ਵੀ ਅਸਰ ਘੱਟ ਹੋ ਜਾਂਦਾ ਹੈ ਜਿਸ ਸਦਕਾ ਮਰੀਜ਼ ਲਈ ਪੀੜ ਨੂੰ ਜਰਨਾ ਔਖਾ ਹੋ ਜਾਂਦਾ ਹੈ।

ਛਾਤੀ ਦੇ ਕੈਂਸਰ ਲਈ ਵਰਤੀਆਂ ਜਾ ਰਹੀਆਂ ਕੁੱਝ ਦਵਾਈਆਂ ਦਾ ਅਸਰ ਤਾਂ ਇਨ੍ਹਾਂ ਦੇਸੀ ਦਵਾਈਆਂ ਨਾਲ ਕਾਫੀ ਘੱਟ ਹੋ ਜਾਂਦਾ ਹੈ ਕਿਉਂਕਿ ਦੇਸੀ ਦਵਾਈਆਂ ਦੀ ਸਾਰੀ ਟੁੱਟ ਫੁੱਟ ਜਿਗਰ ਰਾਹੀਂ ਹੁੰਦੀ ਹੈ। ਜਿਗਰ ਦੇ ਕੰਮ ਕਾਰ ਵਿਚ ਰੋਕਾ ਪੈਣ ਨਾਲ ਜਾਂ ਉਸ ਦੇ ਲੋੜੋਂ ਵੱਧ ਕੰਮ ਕਰਦੇ ਰਹਿਣ ਨਾਲ ਕੈਂਸਰ ਦੀਆਂ ਅਸਲ ਦਵਾਈਆਂ ਦਾ ਅਸਰ ਪੂਰਾ ਹੁੰਦਾ ਹੀ ਨਹੀਂ।

ਇਸ ਤਰ੍ਹਾਂ ਲਗਾਤਾਰ ਵਧਦੀਆਂ ਮੌਤਾਂ ਨੂੰ ਵੇਖਦਿਆਂ ਸਲੋਨ ਕੇਟਰਿੰਗ ਮੈਮੋਰੀਅਲ ਕੈਂਸਰ ਸੈਂਟਰ ਨੇ ਦੁਨੀਆ ਭਰ ਦੇ ਲੋਕਾਂ ਲਈ ਆਪਣੀ ਵੈਬਸਾਈਟ ਰਾਹੀਂ ਜਾਣਕਾਰੀ ਜਗ ਜ਼ਾਹਿਰ ਕਰ ਦਿੱਤੀ ਹੈ ਕਿ ਕਿਵੇਂ ਕੁੱਝ ਦੇਸੀ ਦਵਾਈਆਂ ਤਾਂ ਸਗੋਂ ਕੈਂਸਰ ਦੇ ਮਰੀਜ਼ ਨੂੰ ਛੇਤੀ ਮੌਤ ਦੇ ਮੂੰਹ ਵੱਲ ਲੈ ਜਾਂਦੀਆਂ ਹਨ। ਉਸ ਵੈਬਸਾਈਟ ਰਾਹੀਂ ਕੈਂਸਰ ਦੀਆਂ ਦਵਾਈਆਂ ਦੇ ਅਸਰ ਕਰਨ ਦਾ ਢੰਗ ਅਤੇ ਕੁੱਝ ਚੁਣਿੰਦਾ ਦੇਸੀ ਦਵਾਈਆਂ ਵੱਲੋਂ ਉਸ ਅਸਰ ਵਿਚ ਛੇੜਛਾੜ ਕਰਨ ਦਾ ਸਪਸ਼ਟ ਅਸਰ ਵੀ ਸਮਝਾਇਆ ਗਿਆ ਹੈ। ਇਸੇ ਲਈ ਉਸ ਵੈਬਸਾਈਟ ਵਿਚ ਕਾਫੀ ਦੇਸੀ ਦਵਾਈਆਂ ਦੇ ਨਾਂ ਵੀ ਨਸ਼ਰ ਕਰ ਦਿੱਤੇ ਹੋਏ ਹਨ ਕਿ ਇਨ੍ਹਾਂ ਨੂੰ ਕੈਂਸਰ ਦੀਆਂ ਦਵਾਈਆਂ ਨਾਲ ਨਹੀਂ ਵਰਤਣਾ ਚਾਹੀਦਾ।

2. ਕਿਹੜੀਆਂ ਹੋਰ ਦਵਾਈਆਂ ਨਾ ਵਰਤੀਆਂ ਜਾਣ ?

ਭਾਵੇਂ ਬਹੁਤ ਘੱਟ ਕੇਸ ਹਨ ਪਰ ਅਜਿਹੇ ਕੁੱਝ ਮਰੀਜ਼ ਸਾਹਮਣੇ ਆ ਚੁੱਕੇ ਹਨ ਜਿਨ੍ਹਾਂ ਦਾ ਦੇਸੀ ਦਵਾਈਆਂ ਸਦਕਾ ਕੈਂਸਰ ਵੀ ਫੈਲਿਆ, ਜਿਗਰ ਦਾ ਵੀ ਨੁਕਸਾਨ ਹੋਇਆ ਤੇ ਮੌਤ ਵੀ ਛੇਤੀ ਹੋ ਗਈ।

ਹੋਰ ਤਾਂ ਹੋਰ, ਕੁੱਝ ਕੈਂਸਰ ਦੇ ਮਰੀਜ਼ਾਂ ਵਿਚ ਸੇਂਟ ਜਾਨ ਵੌਰਟ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਤੇ ਜ਼ਿੰਕੋ ਬਿਲੋਬਾ ਵਰਗੀਆਂ ਦਵਾਈਆਂ ਨਾਲ ਸਪੱਸ਼ਟ ਰੂਪ ਵਿਚ ਕੈਂਸਰ ਦੀਆਂ ਦਵਾਈਆਂ ਦਾ ਅਸਰ ਘਟਾਉਣ ਵਿਚ ਰੋਲ ਵਿਖਾਇਆ ਗਿਆ ਹੈ ਜੋ 'ਹਰਬ-ਕੈਂਸਰ ਡਰੱਗ ਇੰਟਰਐਕਸ਼ਨ' ਖੋਜ ਪੱਤਰ ਵਿਚ ਛਾਪਿਆ ਗਿਆ ਹੈ ਕਿ ਕੈਂਸਰ ਦੇ ਇਲਾਜ ਦੌਰਾਨ ਇਹ ਆਮ ਜਾਪਦੀਆਂ ਦਵਾਈਆਂ ਵੀ ਨੁਕਸਾਨ ਪਹੁੰਚਾ ਸਕਦੀਆਂ ਹਨ।

ਸੇਂਟ ਜਾਨ ਵੌਰਟ ਹਰਬਲ ਮੈਡੀਸਨ ਭਾਵੇਂ ਬੂਟਿਆਂ ਤੋਂ ਬਣੀ ਦਵਾਈ ਹੈ ਜਿਵੇਂ ਜਿਨਸੈਂਗ ਜਾਂ ਜ਼ਿੰਕੋ ਬਿਲੋਬਾ ਜਾਂ ਕੈਕਟਸ ਦਾ ਫਲ, ਪਰ ਇਹ ਕੁੱਝ ਕਿਸਮਾਂ ਦੇ ਕੈਂਸਰ ਦੀਆਂ ਦਵਾਈਆਂ ਦਾ ਅਸਰ 50 ਫੀਸਦੀ ਤੱਕ ਘਟਾ ਦਿੰਦੀਆਂ ਹਨ ਕਿਉਂਕਿ ਇਹ ਕੈਂਸਰ ਦੀਆਂ ਦਵਾਈਆਂ ਨੂੰ ਛੇਤੀ ਸਰੀਰ ਵਿੱਚੋਂ ਬਾਹਰ ਕੱਢ ਦਿੰਦੀਆਂ ਹਨ।

ਖੋਜ ਵਿਚ ਇੱਕ ਕੈਂਸਰ ਦੀ ਦਵਾਈ 'ਇਮੈਟੀਨਿਬ' ਨਾਲ ਜਦੋਂ ਹਰਬਲ ਦਵਾਈ ਸੇਂਟ ਜਾਨ ਵੌਰਟ ਦਿੱਤੀ ਗਈ ਤਾਂ ਮਰੀਜ਼ਾਂ ਦੇ ਸਰੀਰ ਅੰਦਰ ਦੋ ਹਫ਼ਤਿਆਂ ਵਿਚ ਇਮੈਟੀਨਿਬ ਦਾ ਅਸਰ 42 ਫੀਸਦੀ ਤੱਕ ਘਟਿਆ ਹੋਇਆ ਲੱਭਿਆ।

ਇੰਜ ਹੀ ਚਕੋਧਰੇ ਦਾ ਰਸ ਕੈਂਸਰ ਦੀਆਂ ਦਵਾਈਆਂ ਦੇ ਨਾਲੋ ਨਾਲ ਦੇਣ ਨਾਲ ਅਨੇਕ ਕਿਸਮ ਦੀਆਂ ਕੈਂਸਰ ਦੀਆਂ ਦਵਾਈਆਂ ਦਾ ਅਸਰ 32 ਤੋਂ 42 ਫੀਸਦੀ ਘਟਿਆ ਹੋਇਆ ਲੱਭਿਆ।

ਚਕੋਧਰਾ ਕਈ ਤਰ੍ਹਾਂ ਦੀਆਂ ਕੈਂਸਰ ਦੀਆਂ ਦਵਾਈਆਂ ਨੂੰ ਹਜ਼ਮ ਹੀ ਨਹੀਂ ਹੋਣ ਦਿੰਦਾ ਤੇ ਫਟਾਫਟ ਉਨ੍ਹਾਂ ਨੂੰ ਸਰੀਰ ਵਿੱਚੋਂ ਬਾਹਰ ਕੱਢ ਦਿੰਦਾ ਹੈ।

ਇਕ ਖੋਜ ਵਿਚ ਬਹੁਤ ਵਧੇ ਹੋਏ ਛਾਤੀ ਦੇ ਕੈਂਸਰ ਦੀਆਂ ਔਰਤਾਂ ਵਿਚ ਕੈਂਸਰ ਦੀਆਂ ਦਵਾਈਆਂ ਦੇ ਨਾਲੋ ਨਾਲ ਥੋਮ ਖੁਆਉਣ ਨਾਲ ਡੌਸੀਟੈਕਸਿਲ ਕੈਂਸਰ ਦੀ ਦਵਾਈ ਦੀ ਮਾਤਰਾ ਲਹੂ ਵਿਚ 35 ਫੀਸਦੀ ਘਟੀ ਹੋਈ ਲੱਭੀ। ਇੰਜ ਹੀ ਅਦਰਕ ਦੇਣ ਨਾਲ ਕੈਂਸਰ ਦੇ ਅਪਰੇਸ਼ਨ ਬਾਅਤ ਲਹੂ ਬਹੁਤੀ ਦੇਰ ਤੱਕ ਵੱਗਦਾ ਹੋਇਆ ਲੱਭਿਆ।

3. ਕਿਹੜੇ ਮਸਾਲੇ ਜਾਂ ਬੀਜ ਵੀ ਠੀਕ ਨਹੀਂ ?

ਐਲਫਾਲਫਾ, ਚੇਸਟ ਬੈਰੀ, ਲੌਂਗ, ਸੋਇਆਬੀਨ, ਫਲੈਕਸ ਬੀਜ ਆਦਿ ਨੂੰ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਵਿਚ ਇਲਾਜ ਦੌਰਾਨ ਨਾ ਦੇਣ ਦੀ ਸਲਾਹ ਦਿੱਤੀ ਗਈ ਹੈ।

ਸੋਇਆਬੀਨ ਵਿਚਲਾ 'ਜੈਨੀਸਟੀਨ' ਤਾਂ ਕਈ ਵਾਰ 'ਟੈਮੋਕਸੀਫੈਨ' ਕੈਂਸਰ ਦੀ ਦਵਾਈ ਦਾ ਅਸਰ ਬਹੁਤ ਘਟਾ ਕੇ ਸਗੋਂ ਛਾਤੀ ਵਿਚਲੇ ਕੈਂਸਰ ਦੇ ਸੈੱਲਾਂ ਦੇ ਵਧਣ ਵਿਚ ਤੇਜ਼ੀ ਲਿਆ ਦਿੰਦਾ ਹੈ।

ਕੁੱਝ ਹਾਰਮੋਨਾਂ ਉੱਤੇ ਪਲਦੇ ਕੈਂਸਰ ਵੀ ਦੇਸੀ ਨੁਸਖ਼ਿਆਂ ਨਾਲ ਵੱਧ ਫੈਲ ਜਾਂਦੇ ਹਨ ਕਿਉਂਕਿ ਉਨ੍ਹਾਂ ਵਿਚ ਕੁਦਰਤੀ ਹਾਰਮੋਨ ਹੁੰਦੇ ਹਨ। ਕੁੱਝ ਟੋਟਕਿਆਂ ਨਾਲ ਲਹੂ ਵਗਣ ਦਾ ਖ਼ਤਰਾ ਵੱਧ ਹੋ ਜਾਂਦਾ ਹੈ।

ਕੁੱਝ ਕਿਸਮਾਂ ਦੇ ਵਿਟਾਮਿਨ ਵੀ ਕੈਂਸਰ ਦੀਆਂ ਦਵਾਈਆਂ ਨੂੰ ਹਜ਼ਮ ਕਰਨ ਵਾਲੀ ਥਾਂ ਨੂੰ ਆਪ ਮੱਲ ਕੇ ਬਹਿ ਜਾਂਦੇ ਹਨ ਜਾਂ ਕੈਂਸਰ ਦੇ ਸੈੱਲਾਂ ਨੂੰ ਤਾਕਤ ਦੇ ਕੇ ਤਗੜੇ ਤਰੀਕੇ ਫੈਲਣ ਲਈ ਤਿਆਰ ਕਰ ਦਿੰਦੇ ਹਨ ਜਿਵੇਂ ਵਿਟਾਮਿਨ ਈ ਜਾਂ ਵਿਟਾਮਿਨ ਸੀ।

ਖੋਜ ਵਿਚ ਸਾਬਤ ਹੋ ਚੁੱਕਿਆ ਹੈ ਕਿ ਰੇਡੀਓਥੈਰਪੀ ਤੋਂ ਪਹਿਲਾਂ ਜਿਨ੍ਹਾਂ ਮਰੀਜ਼ਾਂ ਨੂੰ ਇੱਕ ਇੱਕ ਖ਼ੁਰਾਕ ਵਿਟਾਮਿਨ ਈ ਅਤੇ ਸੀ ਦੀ ਦਿੱਤੀ ਗਈ, ਉਨ੍ਹਾਂ ਦੇ ਕੈਂਸਰ ਸੈੱਲਾਂ ਉੱਤੇ ਰੇਡੀਓਥੈਰਪੀ ਕਿਰਨਾਂ ਦਾ ਪੂਰਾ ਅਸਰ ਨਹੀਂ ਪਿਆ। ਇੰਜ ਹੀ ਕਈ ਮਰੀਜ਼ਾਂ ਵਿਚ ਇਲਾਜ ਦੌਰਾਨ ਐਂਟੀਆਕਸੀਡੈਂਟ ਦਵਾਈਆਂ ਦੇਣ ਨਾਲ ਸਗੋਂ ਕੈਂਸਰ ਦੇ ਸੈੱਲ ਵੱਧ ਪ੍ਰਫੁੱਲਿਤ ਹੋਏ ਲੱਭੇ।

4. ਕਿਹੜੇ ਕੁਦਰਤੀ ਤੱਤ ਫ਼ਾਇਦੇਮੰਦ ਸਾਬਤ ਹੋਏ ?

ਅਮਰੀਕਾ ਅਤੇ ਚੀਨ ਦੀਆਂ ਛਾਤੀ ਦੀਆਂ ਕੈਂਸਰ ਦੀਆਂ ਹਜ਼ਾਰਾਂ ਔਰਤਾਂ ਉੱਤੇ ਇੱਕ ਵੱਡੀ ਖੋਜ ਰਾਹੀਂ ਇਹ ਨੁਕਤਾ ਸਾਹਮਣੇ ਆਇਆ ਕਿ ਹਰ ਕੁਦਰਤੀ ਚੀਜ਼ ਮਾੜੀ ਨਹੀਂ ਹੁੰਦੀ।

ਸੋਇਆਬੀਨ ਨਾਲ ਭਾਵੇਂ ਮੌਤ ਦਰ ਨਹੀਂ ਘਟੀ ਤੇ ਦਵਾਈਆਂ ਦਾ ਅਸਰ ਵੀ ਘੱਟ ਹੋਇਆ ਪਰ ਇਸ ਦੇ ਖਾਣ ਨਾਲ ਕਾਫੀ ਜਣਿਆਂ ਵਿਚ ਛਾਤੀ ਦੇ ਕੈਂਸਰ ਦੇ ਸੈੱਲ ਦੁਬਾਰਾ ਚੁਸਤ ਹੋਏ ਨਹੀਂ ਲੱਭੇ ਤੇ ਦੂਜੀ ਵਾਰ ਕੈਂਸਰ ਹੋਣ ਦੇ ਆਸਾਰ ਬਹੁਤ ਘੱਟ ਹੋਏ।

ਐਂਥਰਾਸਾਈਕਲਿਨ ਐਂਟੀਆਕਸੀਡੈਂਟ ਵੀ ਕੁੱਝ ਕੈਂਸਰ ਦੀਆਂ ਦਵਾਈਆਂ ਦੇ ਮਾੜੇ ਅਸਰਾਂ ਨੂੰ ਘਟਾਉਣ ਵਿਚ ਸਹਾਈ ਹੋਏ ਲੱਭੇ।

ਡਾ. ਵਾਸਰਥੀਲ ਨੇ ਆਪਣੇ ਸਾਥੀਆਂ ਨਾਲ ਕੀਤੀ ਇੱਕ ਖੋਜ ਰਾਹੀਂ ਜਦੋਂ ਕੁੱਝ ਫੈਲੇ ਹੋਏ ਛਾਤੀ ਦੇ ਕੈਂਸਰ ਦੇ ਮਰੀਜ਼ਾਂ ਨੂੰ ਮਿਨਰਲ ਤੱਤ ਤੇ ਵਿਟਾਮਿਨ ਸਹੀ ਮਿਕਦਾਰ ਵਿਚ ਖੁਆਏ ਤਾਂ ਉਨ੍ਹਾਂ ਨੂੰ ਆਪਣੇ ਮਰੀਜ਼ਾਂ ਵਿਚ ਮੌਤ ਦਰ ਘੱਟ ਹੁੰਦੀ ਦਿਸੀ।

5. ਮੌਜੂਦਾ ਸਥਿਤੀ ਕੀ ਹੈ ?

ਦਿਨੋ-ਦਿਨ ਕੈਂਸਰ ਦੇ ਮਰੀਜ਼ ਵੱਧਦੇ ਜਾ ਰਹੇ ਹਨ ਤੇ ਉਸੇ ਤਰ੍ਹਾਂ ਕੁਦਰਤੀ ਖ਼ੁਰਾਕ ਜਾਂ ਦੇਸੀ ਨੁਸਖ਼ਿਆਂ ਅਤੇ ਆਯੁਰਵੈਦਿਕ ਦਵਾਈਆਂ ਦਾ ਸੇਵਨ ਵੀ ਵਧਦਾ ਜਾ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਸਿਹਤ ਲਈ ਗੁਣਕਾਰੀ ਜੈਤੂਨ ਦਾ ਤੇਲ



ਜੈਤੂਨ ਦਾ ਤੇਲ ਕਈ ਬਿਮਾਰੀਆਂ ਦੇ ਖਤਰੇ ਨੂੰ ਘੱਟ ਕਰਨ ਲਈ ਜਾਣਿਆ ਜਾਂਦਾ ਹੈ। ਇਸ ਤੱਥ ਦੇ ਪਿੱਛੇ ਕਈ ਕਾਰਨਾਂ ਵਿੱਚੋਂ ਇੱਕ ਇਹ ਹੈ ਕਿ ਇਹ ਮੋਨੋਅਨਸੈਚੁਰੇਟਿਡ ਫੈਟੀ ਐਸਿਡ ਨਾਲ ਭਰਪੂਰ ਹੁੰਦਾ ਹੈ, ਜੋ ਸਰੀਰ ਵਿੱਚ ਖਰਾਬ ਕੋਲੇਸਟ੍ਰੋਲ ਦੇ ਪੱਧਰ ਨੂੰ ਘਟਾਉਣ ਲਈ ਜਾਣਿਆ ਜਾਂਦਾ ਹੈ। ਕੋਲੈਸਟ੍ਰੋਲ ਦੇ ਉੱਚ ਪੱਧਰ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਅਤੇ ਸਿਹਤ ਸੰਬੰਧੀ ਪੇਚੀਦਗੀਆਂ ਪੈਦਾ ਹੁੰਦੀਆਂ ਹਨ। ਅਧਿਐਨ ਨੇ ਦਿਖਾਇਆ ਹੈ ਕਿ ਇਹ ਐਂਟੀਆਕਸੀਡੈਂਟ ਫ੍ਰੀ ਰੈਡੀਕਲਸ ਦੁਆਰਾ ਹੋਣ ਵਾਲੇ ਆਕਸੀਡੇਟਿਵ ਨੁਕਸਾਨ ਨੂੰ ਘਟਾ ਸਕਦਾ ਹੈ ਜੋ ਕੈਂਸਰ ਦਾ ਕਾਰਨ ਬਣਦੇ ਹਨ।

ਖੋਜ ਅਧਿਐਨ ਇਹ ਵੀ ਦਰਸਾਉਂਦੇ ਹਨ ਕਿ ਜੋ ਲੋਕ ਜ਼ਿਆਦਾ ਜੈਤੂਨ ਦੇ ਤੇਲ ਦਾ ਸੇਵਨ ਕਰਦੇ ਹਨ ਉਨ੍ਹਾਂ ਵਿੱਚ ਦਿਲ ਦੀ ਬਿਮਾਰੀ ਤੋਂ ਮੌਤ ਦਾ ਖ਼ਤਰਾ 19% ਘੱਟ ਹੁੰਦਾ ਹੈ, ਅਤੇ ਕੈਂਸਰ ਤੋਂ ਮੌਤ ਦਾ ਖ਼ਤਰਾ 17% ਘੱਟ ਹੁੰਦਾ ਹੈ। ਨਿਊਰੋਡੀਜਨਰੇਟਿਵ ਬਿਮਾਰੀ (ਜਿਵੇਂ ਕਿ ਪਾਰਕਿੰਸਨ'ਸ ਜਾਂ ਅਲਜ਼ਾਈਮਰ) ਤੋਂ ਮਰਨ ਦਾ ਜੋਖਮ 29% ਘੱਟ ਜਾਂਦਾ ਹੈ। ਅਧਿਐਨ ਨੇ ਇਹ ਵੀ ਦਿਖਾਇਆ ਕਿ ਇਨ੍ਹਾਂ ਲੋਕਾਂ ਵਿੱਚ ਸਾਹ ਦੀਆਂ ਬਿਮਾਰੀਆਂ ਨਾਲ ਮਰਨ ਦਾ ਖ਼ਤਰਾ 18% ਘੱਟ ਸੀ।

ਕੀ ਇਹ ਤੇਲ ਭਾਰ ਵਧ ਸਕਦਾ ਹੈ ?

ਭਾਰ ਵਧਣਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨੀਆਂ ਕੈਲੋਰੀਆਂ ਲੈਂਦੇ ਹੋ ਅਤੇ ਤੁਹਾਡਾ ਸਰੀਰ ਉਨ੍ਹਾਂ ਵਿੱਚੋਂ ਕਿੰਨੀਆਂ ਦੀ ਵਰਤੋਂ ਕਰਦਾ ਹੈ। ਜੇਕਰ ਤੁਸੀਂ ਜ਼ਰੂਰਤ ਤੋਂ ਜ਼ਿਆਦਾ ਕੈਲੋਰੀ ਦੀ ਖਪਤ ਕਰਦੇ ਹੋ, ਤਾਂ ਭਾਰ ਜ਼ਰੂਰ ਵਧੇਗਾ। ਇਹੀ ਕਾਰਨ ਹੈ ਕਿ ਲੋਕਾਂ ਨੂੰ ਵਜ਼ਨ ਘਟਾਉਣ ਦੇ ਨਾਲ-ਨਾਲ ਘੱਟ ਕੈਲੋਰੀ ਵਾਲੀ ਖ਼ੁਰਾਕ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਲਈ ਜੈਤੂਨ ਦੇ ਤੇਲ ਦਾ ਸੰਤੁਲਿਤ ਸੇਵਨ ਸਿਹਤਮੰਦ ਮੰਨਿਆ ਜਾਂਦਾ ਹੈ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ-20

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਵੱਡੇ ਸਾਹਬ ਦੀ ਘੁਰਕੀ ਸੁਣ, ਗੁਰਦੇਵ ਰਾਮ ਸਿਰ ਤੋਂ ਪੈਰਾਂ ਤੱਕ ਹਿੱਲ ਗਿਆ।

ਕੰਬਦੇ ਹੋਏ ਹੱਥਾਂ ਨਾਲ ਉਸਨੇ ਬੜੀ ਮੁਸ਼ਕਿਲ ਨਾਲ਼ ਤੇਜਵੀਰ ਨੂੰ ਹੱਥਕੜੀਓਂ ਆਜ਼ਾਦ ਕੀਤਾ।

'ਰੀਪਲੇ ਇਟ ਯੰਗ ਮੈਨ ਐਂਡ ਸ਼ੋਅ ਦੈੱਮ।' ਕਦਰਨ ਨਰਮ ਸੁਰ 'ਚ ਐੱਸ.ਐੱਸ.ਪੀ. ਨੇ ਤੇਜਵੀਰ ਨੂੰ ਕਿਹਾ।

'ਹੁਣ ਆਇਆ ਊਂਠ ਪਹਾੜ ਥੱਲੇ।'

ਗਗਨ ਦੇ ਚਿਹਰੇ 'ਤੇ ਤਸੱਲੀ ਝਲਕ ਪਈ।

ਤੇਜਵੀਰ ਦੀਆਂ ਉਂਗਲ਼ਾਂ ਫਿਰ ਤੋਂ ਲੈਪਟਾੱਪ ਦੇ ਕੀ-ਬੋਰਡ 'ਤੇ ਨੱਚ ਉੱਠੀਆਂ ਤੇ ਉਸ ਨੇ ਸਕਰੀਨ ਦਾ ਰੁਖ਼ ਇਸ ਵਾਰ ਬਾਕੀ ਸਾਰਿਆਂ ਦੇ ਸਾਹਮਣੇ ਵੱਲ ਕਰ ਦਿੱਤਾ।

ਸਭਨਾਂ ਦੀਆਂ ਨਜ਼ਰਾਂ ਸਕਰੀਨ 'ਤੇ ਲਸੂੜੇ ਵਾਂਗੂੰ ਚਿਪਕ ਗਈਆਂ।

ਸਕਰੀਨ 'ਤੇ ਤੇਜਵੀਰ ਦੇ ਕਿਚਨ ਕਮ ਡਰਾਇੰਗ ਰੂਮ ਦਾ ਦ੍ਰਿਸ਼ ਝਲਕ ਰਿਹਾ ਸੀ।

ਕੁਝ ਪਲਾਂ ਬਾਅਦ ਡਰਾਇੰਗ ਰੂਮ ਦਾ ਦਰਵਾਜ਼ਾ ਖੁੱਲ੍ਹਿਆ ਅਤੇ ਕੰਨ ਨੂੰ ਮੋਬਾਈਲ ਲਾਈ ਇੱਕ ਸ਼ਖ਼ਸ ਨੇ ਕਮਰੇ 'ਚ ਪ੍ਰਵੇਸ਼ ਕੀਤਾ।

ਉਹ ਕੋਈ ਹੋਰ ਨਹੀਂ, ਬਲਕਿ ਸਿਵਲ ਵਰਦੀ 'ਚ ਗੁਰਦੇਵ ਰਾਮ ਸੀ।

ਫਿਰ ਉਸਨੇ ਕੰਨ 'ਤੋਂ ਮੋਬਾਈਲ ਲਾਹ ਕੇ ਪੈਂਟ ਦੀ ਜੇਬ ਦੇ ਹਵਾਲੇ ਕੀਤਾ ਅਤੇ ਪੂਰੇ ਡਰਾਇੰਗ ਰੂਮ ਦਾ ਚੱਕਰ ਕੱਢਿਆ।

ਐਨੇ ਨੂੰ ਦਰਵਾਜ਼ਾ ਫਿਰ ਤੋਂ ਖੁੱਲ੍ਹਿਆ ਅਤੇ ਇਸ ਵਾਰ ਜਿਸ ਸ਼ਖ਼ਸ ਦੀ ਐਂਟਰੀ ਹੋਈ, ਉਹ ਸਰਦੂਲ ਸਿੰਘ ਸੀ।

ਉਸਦੇ ਸੱਜੇ ਹੱਥ ਵਿੱਚ ਇੱਕ ਪੌਲੀਥੀਨ ਦਾ ਲਿਫ਼ਾਫ਼ਾ ਲਟਕ ਰਿਹਾ ਸੀ।

ਉਸਨੇ ਲਿਫ਼ਾਫ਼ਾ ਖੋਲ੍ਹ ਕੇ ਉਸ ਵਿੱਚੋਂ ਚਾਰ ਪੈਕੇਟ ਬਾਹਰ ਕੱਢੇ, ਜੋ ਨਿਰਸੰਦੇਹ ਉਹੀ ਚਾਰ ਕਿੱਲੋ ਚਰਸ ਦੇ ਪੈਕੇਟ ਸਨ, ਜੋ ਹਾਲੇ ਵੀ ਟੇਬਲ 'ਤੇ ਐੱਸ.ਐੱਸ.ਪੀ. ਦੇ ਸਾਹਮਣੇ ਪਏ ਸਨ।

ਏਨੇ ਨੂੰ ਕਿਚਨ ਏਰੀਆ 'ਚ ਜਾ ਵੜੇ ਗੁਰਦੇਵ ਰਾਮ ਨੇ, ਕਿਚਨ ਦੀ ਕੁਕਿੰਗ ਸ਼ੈਲਫ਼ ਹੇਠਾਂ ਬਣੀਆਂ ਕੈਬਨਿਟਾਂ ਚੈੱਕ ਕਰਦਿਆਂ, ਇੱਕ ਵਿੱਚੋਂ ਇੱਕ ਆਟੇ ਦਾ ਕਨਸਤਰ ਬਰਾਮਦ ਕੀਤਾ ਅਤੇ ਉਸਨੂੰ ਉਠਾ ਕੇ ਸ਼ੈਲਫ਼ 'ਤੇ ਰੱਖ, ਸਰਦੂਲ ਸਿੰਘ ਨੂੰ ਇਸ਼ਾਰਾ ਕੀਤਾ।

ਸਰਦੂਲ ਸਿੰਘ ਨੇ ਖ਼ਾਲੀ ਲਿਫ਼ਾਫ਼ੇ ਦੀ ਤਹਿ ਲਗਾ ਕੇ ਉਸਨੂੰ ਆਪਣੀ ਜੇਬ ਦੇ ਹਵਾਲੇ ਕੀਤਾ ਅਤੇ ਦੋਨਾਂ ਹੱਥਾਂ ਵਿੱਚ ਚਰਸ ਭਰੇ ਦੋ-ਦੋ ਪੈਕੇਟ ਲੈ, ਗੁਰਦੇਵ ਰਾਮ ਵੱਲ ਨੂੰ ਤੁਰ ਪਿਆ।

ਗੁਰਦੇਵ ਰਾਮ ਨੇ ਉਸਦੇ ਹੱਥੋਂ ਪੈਕੇਟ ਫੜ ਕੇ ਆਟੇ ਦੇ ਕਨਸਤਰ 'ਚ ਦਫ਼ਨ ਕੀਤੇ ਅਤੇ ਢੱਕਣ ਬੰਦ ਕਰ ਕੇ, ਉਸਨੂੰ ਉਸਦੇ ਅਸਲ ਟਿਕਾਣੇ ਪਹੁੰਚਾ ਦਿੱਤਾ।

ਫਿਰ ਦੋਵੇਂ ਕਮਰੇ 'ਚੋਂ ਬਾਹਰ ਹੋ ਗਏ।

ਸਕਰੀਨ 'ਤੇ ਚੱਲਦੇ ਦ੍ਰਿਸ਼ ਦੇਖਦੇ ਹੋਏ ਸਰਦੂਲ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾ ਰਹੀ ਸੀ।

ਗੁਰਦੇਵ ਰਾਮ ਨੂੰ ਤਾਂ ਸਕਰੀਨ 'ਤੇ ਆਪਣੀ ਸੂਰਤ ਦੇਖਦੇ ਸਾਰ ਹੀ ਜਿਵੇਂ ਲਕਵਾ ਮਾਰ ਗਿਆ ਸੀ।

ਐੱਸ.ਐੱਸ.ਪੀ. ਦੀਆਂ ਦਹਿਕਦੀਆਂ ਨਿਗਾਹਾਂ ਸਰਦੂਲ ਸਿੰਘ ਦੇ ਚਿਹਰੇ 'ਤੇ ਬਾਦਸਤੂਰ ਚਿਪਕੀਆਂ ਹੋਈਆਂ ਸਨ।

ਆਪਣੇ ਡੁੱਬਦੇ ਜਾਂਦੇ ਦਿਲ ਨੂੰ ਸੰਭਾਲਣ ਦੀ ਅਸਫਲ ਕੋਸ਼ਿਸ਼ ਕਰਦਿਆਂ, ਸਰਦੂਲ ਸਿੰਘ ਆਪਣੇ ਬਚਾਅ 'ਚ ਬੱਕਰੀ ਵਾਂਗੂੰ ਮਿਮਿਆਇਆ।

'ਜਨਾਬ, ਜ਼ਰੂਰ ਇਹ ਕੋਈ ਸਾਜ਼ਿਸ਼ ਐ ਕੋਈ ਕੈਮਰਾ ਟ੍ਰਿਕ ਐ ਮੇਰਾ।'

ਬਾਕੀ ਦੇ ਸ਼ਬਦ ਸਰਦੂਲ ਸਿੰਘ ਦੇ ਮੂੰਹ ਵਿੱਚ ਹੀ ਸਨ ਕਿ ਬੁੱਤ ਬਣੇ ਖੜ੍ਹੇ ਗੁਰਦੇਵ ਰਾਮ ਦੇ ਸਰੀਰ 'ਚ ਅਚਾਨਕ ਹਰਕਤ ਹੋਈ ਅਤੇ ਉਹ ਡਾਡਾਂ ਮਾਰਦਾ ਐੱਸ.ਐੱਸ.ਪੀ. ਦੇ ਚਰਨਾਂ 'ਚ ਡਿੱਗ ਪਿਆ।

'ਜਨਾਬ, ਮੈਨੂੰ ਮਾਫ਼ ਕਰ ਦਿਓ ਜੀ! ਮੇਰਾ ਕੋਈ ਕਸੂਰ ਨਹੀਂ, ਮੈਨੂੰ ਤਾਂ ਏ.ਐੱਸ.ਆਈ ਸਾਹਬ ਨੇ ਮਜਬੂਰ ਕੀਤਾ ਜੀ, ਮੈਂ ਤਾਂ ਗ਼ਰੀਬ ਐਵੇਂ ਈ ਮਾਰਿਆ ਗਿਆ ਜੀ।'

ਗੁਰਦੇਵ ਰਾਮ ਪ੍ਰਲਾਪ ਕਰਦਾ ਗਿਆ ਅਤੇ ਸਰਦੂਲ ਸਿੰਘ ਦੀ ਕਰਤੂਤ ਦੀ ਪੋਲ ਦਰ ਪੋਲ ਖੋਲ੍ਹਦਾ ਗਿਆ।

ਗੁਰਦੇਵ ਰਾਮ ਦੇ ਬਿਆਨ ਨੇ ਜਿੱਥੇ ਸਰਦੂਲ ਸਿੰਘ ਦੀ ਰਹਿੰਦੀ-ਖੂੰਹਦੀ ਮੰਜੀ ਵੀ ਠੋਕਤੀ, ਉਥੇ ਇਹ ਵੀ ਜ਼ਾਹਿਰ ਕੀਤਾ ਕਿ ਇਸ ਸਾਜ਼ਿਸ਼ ਵਿੱਚ ਸਿਰਫ਼ ਉਹ ਦੋਵੇਂ ਹੀ ਸ਼ਾਮਿਲ ਸਨ, ਬਾਕੀ ਚੌਂਕੀ ਮੁਲਾਜ਼ਮਾਂ ਨੂੰ ਤਾਂ ਇਸ ਦੀ ਕੋਈ ਖ਼ਬਰ ਹੀ ਨਹੀਂ ਸੀ। ਉਹ ਤਾਂ ਆਪਣੇ ਵੱਲੋਂ ਇੱਕ ਜਾਇਜ਼ ਰੇਡ 'ਤੇ ਗਏ ਸਨ।

ਸਰਦੂਲ ਸਿੰਘ ਆਪਣੇ ਬਿਆਨ 'ਤੇ ਅੜਿਆ ਰਿਹਾ ਤੇ ਆਪਣੇ ਖ਼ਿਲਾਫ਼ ਸਾਜ਼ਿਸ਼ ਹੋਣ ਦੀਆਂ ਦੁਹਾਈਆਂ ਪਾਉਂਦਾ ਹੋਇਆ ਬਚਣ ਦੀ ਆਖ਼ਰੀ ਕੋਸ਼ਿਸ਼ ਕਰਦਾ ਰਿਹਾ, ਪਰ ਗੁਰਦੇਵ ਰਾਮ ਦਾ ਆਖਿਆ ਇੱਕ-ਇੱਕ ਬੋਲ, ਸਰਦੂਲ ਸਿੰਘ ਦੀ ਉਸ ਆਖ਼ਰੀ ਕੋਸ਼ਿਸ਼ ਦੇ ਤਾਬੂਤ 'ਚ, ਕੱਲੀ-ਕੱਲੀ ਕਿੱਲ ਵਾਂਗੂੰ ਠੁਕਦਾ ਗਿਆ।

ਇੱਕ ਪੱਤਰਕਾਰ ਦੇ ਖ਼ਿਲਾਫ਼ ਐਹੋ-ਜਿਹੀ ਘਿਨਾਉਣੀ ਸਾਜ਼ਿਸ਼ ਇੱਕ ਗੰਭੀਰ ਜੁਰਮ ਸੀ ਅਤੇ ਪੂਰੇ ਪੁਲਿਸ ਮਹਿਕਮੇ ਦੇ ਮੱਥੇ ਉੱਪਰ ਇੱਕ ਬਦਨੁਮਾ ਦਾਗ਼ ਸੀ।

ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ, ਐੱਸ.ਐੱਸ.ਪੀ. ਨੇ ਠੋਸ ਕਾਰਵਾਈ ਕਰਦਿਆਂ ਦੋਹਾਂ ਨੂੰ ਮੌਕੇ 'ਤੇ ਸਸਪੈਂਡ ਕਰ ਅਰੈਸਟ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਦੋਹਾਂ ਦੀ ਟਰਮੀਨੇਸ਼ਨ ਵੀ ਹੁਣ ਮਹਿਜ਼ ਵਕਤ ਦੀ ਗੱਲ ਸੀ ਅਤੇ ਉੱਪਰੋਂ ਜੋ ਸਜ਼ਾ ਹੋਵੇਗੀ ਉਹ ਵੱਖ।

ਜ਼ਾਹਿਰ ਹੈ ਕਿ ਚੌਹਾਨ ਸਾਹਬ ਦੇ ਬਿਆਨ ਦੀ ਵੀ ਇਸ ਪੂਰੇ ਕਾਂਡ ਵਿੱਚ ਬੜੀ ਅਹਿਮ ਭੂਮਿਕਾ ਰਹਿਣ ਵਾਲ਼ੀ ਸੀ।

ਭੋਗਲ ਸਾਹਬ ਦੇ ਪੁੱਛਣ 'ਤੇ ਤੇਜਵੀਰ ਨੇ ਖੁਲਾਸਾ ਕੀਤਾ, ਕਿ ਕਿਵੇਂ ਕੱਲ੍ਹ ਦੀ ਮੁਲਾਕਾਤ ਵਿੱਚ ਸਰਦੂਲ ਸਿੰਘ ਦੇ ਵਿਵਹਾਰ ਅਤੇ ਗਗਨ ਦੀ ਚਿੰਤਾ ਦੇ ਮੱਦੇਨਜ਼ਰ, ਉਸਨੇ ਪਹਿਲਾਂ ਤੋਂ ਹੀ ਸੁਚੇਤ ਰਹਿਣ ਦਾ ਫ਼ੈਸਲਾ ਕੀਤਾ ਅਤੇ ਉਸੇ ਸ਼ਾਮ ਉਸਨੇ ਆਪਣੇ ਫ਼ਲੈਟ ਵਿੱਚ ਇੱਕ ਵਾਈਡ ਰੇਂਜ ਵਾਲ਼ਾ ਹਾਈ ਰੈਜ਼ੋਲਿਊਸ਼ਨ ਸੀ.ਸੀ. ਕੈਮਰਾ ਫਿੱਟ ਕਰ ਲਿਆ ਸੀ, ਜਿਸਦਾ ਰਿਕਾਰਡਿੰਗ ਕੰਟਰੋਲ ਉਸਦੇ ਲੈਪਟਾੱਪ ਨਾਲ਼ ਜੁੜਿਆ ਹੋਇਆ ਸੀ।

ਤੇਜਵੀਰ ਦੀ ਇਸ ਦੂਰਦਰਸ਼ਿਤਾ ਨੇ ਖੜ੍ਹੇ ਪੈਰ ਬਾਜ਼ੀ ਪਲਟ ਦਿੱਤੀ ਸੀ।

'ਵੱਡੇ-ਵੱਡੇ ਕਾਂਡ' ਕਰ ਚੁੱਕੇ ਸਰਦੂਲ ਸਿੰਘ ਲਈ ਉਸ 'ਪਿੱਦੀ ਜਿਹੇ ਛੋਕਰੇ' ਨਾਲ਼ ਲਈ ਖ਼ਾਮਖ਼ਾਹ ਦੀ ਪੰਗੇਬਾਜ਼ੀ ਹੀ ਅਖ਼ੀਰ ਉਸਦਾ 'ਵਾਟਰਲੂ' ਸਿੱਧ ਹੋਈ।

ਸਲਾਖਾਂ ਦੇ ਪਿੱਛਿਓਂ ਸ਼ੁਰੂ ਹੋਏ ਸਰਦੂਲ ਸਿੰਘ ਦੇ ਦਾਗ਼ਦਾਰ ਪੁਲਿਸ ਕੈਰੀਅਰ ਦਾ ਅੰਤ ਵੀ ਸਲਾਖਾਂ ਦੇ ਪਿੱਛੇ ਹੀ ਹੋਇਆ।

ਪਰ ਕੀ ਐਨਾ ਕੁਝ ਹੋਣ ਦੇ ਬਾਵਜੂਦ ਵੀ ਉਸਦੀ ਅਕਲ ਟਿਕਾਣੇ ਆ ਗਈ ਸੀ?

ਨਾਵਲ ਇਹ ਖ਼ੁਦਕੁਸ਼ੀ ਨਹੀਂ ਜਨਾਬ, ਕਤਲ ਹੈ...!

ਅਗਲੇ ਦਿਨ ਇਹ ਖ਼ਬਰ ਕੇਵਲ 'ਰੋਜ਼ਾਨਾ ਖ਼ਬਰਨਾਮਾ' ਵਿੱਚ ਹੀ ਛਪੀ, ਪਰ ਇਲੈਕਟ੍ਰਾਨਿਕ ਮੀਡੀਆ ਨੇ ਸਵੇਰ ਤੋਂ ਹੀ ਇਸ ਨੂੰ ਕਵਰ ਕਰਨਾ ਸ਼ੁਰੂ ਕਰ ਦਿੱਤਾ ਸੀ। ਤੇਜਵੀਰ ਦੀ ਬਾਈਲਾਈਨ ਹੇਠ ਹੀ 'ਰੋਜ਼ਾਨਾ ਖ਼ਬਰਨਾਮਾ' ਵਿੱਚ ਛਪੀ ਰਿਪੋਰਟ ਵਿੱਚ ਇਸ ਘਟਨਾ ਨੂੰ ਪੂਰੇ ਪੁਲਿਸ ਡਿਪਾਰਟਮੈਂਟ ਉੱਪਰ ਚਿੱਕੜ ਉਛਾਲਣ ਦਾ ਜ਼ਰੀਆ ਨਾ ਬਣਾਇਆ ਗਿਆ, ਸਗੋਂ ਮਹਿਕਮੇ ਵੱਲੋਂ ਦੋਸ਼ੀਆਂ ਖ਼ਿਲਾਫ਼ ਕੀਤੀ ਠੋਸ ਕਾਰਵਾਈ ਉੱਪਰ ਤਸੱਲੀ ਪ੍ਰਗਟਾਈ ਗਈ।

ਰਾਤ ਵਾਲ਼ੀ ਘਟਨਾ ਦਾ ਪਤਾ ਚੱਲਦਿਆਂ ਹੀ ਸਾਰਿਕਾ ਦੇ ਦੁੱਧ-ਚਿੱਟੇ ਚਿਹਰੇ 'ਤੇ ਚਿੰਤਾ ਦੇ ਘਣੇ ਬੱਦਲ ਛਾ ਗਏ।



ਉਸਦੀ 'ਬ੍ਰੈਂਡਡ ਪ੍ਰੋਫ਼ੈਸ਼ਨਲ ਮੁਸਕਾਨ' ਵੀ ਉਸਦੇ ਚਿਹਰੇ ਤੋਂ ਗ਼ਾਇਬ ਹੋ ਗਈ।

'ਦੇਖੀਂ ਕਿਤੇ ਇਸ਼ਕ 'ਚ ਅੰਨ੍ਹੀ ਹੋ ਕੇ ਨੌਕਰੀਓਂ ਵੀ ਜਾਂਦੀ ਰਹੇ ਤੇਰੀ ਲੇਡੀ ਦੇਵਦਾਸ।'

ਗਗਨ ਦੇ ਟਪਲੇ ਵਿਚਲੀ ਗੰਭੀਰਤਾ ਨੂੰ ਭਾਂਪਦਿਆਂ, ਤਰਲੋ-ਮੱਛੀ ਹੋਈ ਜਾਂਦੀ ਸਾਰਿਕਾ ਨੂੰ ਜਦ ਤੇਜਵੀਰ ਨੇ ਆਪ ਜਾ ਕੇ ਤਸੱਲੀ ਦਿਵਾਈ ਕਿ ਸਭ ਠੀਕ ਏ, ਕੋਈ ਫ਼ਿਕਰ ਦੀ ਗੱਲ ਨਹੀਂ, ਤਾਂ ਕਿਤੇ ਜਾ ਕੇ ਉਸਦੇ ਚਿਹਰੇ ਦੀ ਰੌਣਕ ਪਰਤੀ।

ਦੁਪਹਿਰੋਂ ਬਾਅਦ ਜਾ ਕੇ ਕਿਤੇ ਥਿੰਦ ਦਾ ਫ਼ੋਨ ਆਇਆ ਕਿ ਸੰਨੀ ਬਾਜਵਾ ਗ੍ਰਿਫ਼ਤਾਰ ਹੋ ਚੁੱਕਾ ਸੀ। ਥਿੰਦ ਨੂੰ ਆਪਣਾ ਵਾਅਦਾ ਯਾਦ ਰਿਹਾ।

ਤੇਜਵੀਰ ਅਤੇ ਗਗਨ ਪੁਲਿਸ ਹੈੱਡਕੁਆਰਟਰ ਪਹੁੰਚੇ।

'ਰਾਤੀਂ ਤਾਂ ਬੁਰੀ ਬੀਤੀ ਫਿਰ।'

ਥਿੰਦ ਨੇ ਮਿਲਦੇ ਸਾਰ ਹੀ ਕੱਲ੍ਹ ਰਾਤ ਦਾ ਜ਼ਿਕਰ ਛੇੜ ਲਿਆ।

'ਤੁਹਾਡੇ ਈ ਡਿਪਾਰਟਮੈਂਟ ਦਾ ਭੂਤ ਚੁੰਬੜ ਗਿਆ ਸੀ ਇਹਨੂੰ ਥਿੰਦ ਸਾਹਬ, ਪਰ ਇਹਨੇ ਵੀ ਪਤੰਦਰ ਨੇ ਐਹੋ-ਜਿਹਾ ਬਾਬਾ ਲੈਪਟਾੱਪ ਨਾਥ ਦਾ ਮੰਤਰ ਪੜ੍ਹਿਆ ਬਈ ਪੁੱਛੋ ਹੀ ਨਾ।'

ਗਗਨ ਨੇ ਤੇਜਵੀਰ ਦੇ ਮੂੰਹ ਖੋਲ੍ਹਣ ਤੋਂ ਪਹਿਲਾਂ ਹੀ ਜਵਾਬ ਕੱਢ ਮਾਰਿਆ।

'ਐਹੋ-ਜਿਹੇ ਚੰਦ ਕੁਰੱਪਟ ਬੰਦਿਆਂ ਦੀ ਵਜ੍ਹਾ ਕਰਕੇ ਪੂਰਾ ਪੁਲਿਸ ਮਹਿਕਮਾ ਬਦਨਾਮ ਹੋ ਜਾਂਦਾ।' ਥਿੰਦ ਦੇ ਸ਼ਬਦਾਂ 'ਚੋਂ ਅਫ਼ਸੋਸ ਝਲਕ ਰਿਹਾ ਸੀ।

'ਚਲੋ ਛੱਡੋ ਇਸ ਬਦਮਜ਼ਾ ਕਿੱਸੇ ਨੂੰ ਥਿੰਦ ਸਾਹਬ, ਤੁਸੀਂ ਸਾਹਿਬਜ਼ਾਦੇ ਦਾ ਹਾਲ-ਚਾਲ ਸੁਣਾਓ, ਮੰਨਿਆ ਕਿ ਨਹੀਂ ਹਾਲੇ?' ਤੇਜਵੀਰ ਨੇ ਮੁੱਦੇ 'ਤੇ ਆਉਂਦਿਆਂ ਸਵਾਲ ਕੀਤਾ।

'ਕੁਝ ਮੰਨਿਆ ਵੀ ਤੇ ਕੁਝ ਨਹੀਂ ਵੀ।' ਥਿੰਦ ਦੇ ਬੋਲਾਂ 'ਚ ਉਤਸ਼ਾਹ ਨਹੀਂ ਝਲਕ ਰਿਹਾ ਸੀ।

'ਕੀ-ਕੀ ਮੰਨਿਆ?'

'ਮ੍ਰਿਤਕਾ ਨਾਲ਼ ਫ਼ਿਜ਼ੀਕਲ ਰਿਲੇਸ਼ਨਜ਼ ਦੀ ਗੱਲ ਕਬੂਲੀ, ਕਤਲ ਦੀ ਰਾਤ ਮ੍ਰਿਤਕਾ ਦੇ ਕਮਰੇ ਵਿੱਚ ਸੰਭੋਗਰਤ ਹੋਣ ਦੀ ਗੱਲ ਵੀ ਕਬੂਲੀ, ਉਹ ਵੀ ਬਿਨਾਂ ਕਿਸੇ ਹੁੱਜਤ ਦੇ, ਪਰ ਕਤਲ ਦਾ ਇਲਜ਼ਾਮ ਨਹੀਂ ਕਬੂਲਿਆ। ਉਸਦਾ ਕਹਿਣਾ ਤਾਂ ਇਹ ਹੈ ਬਈ ਉਹ ਮ੍ਰਿਤਕਾ ਨੂੰ ਚੰਗੀ-ਭਲੀ ਜਿਉਂਦੀ-ਜਾਗਦੀ ਛੱਡ ਕੇ ਗਿਆ ਸੀ।'

'ਡਰੱਗਜ਼ ਵਾਲ਼ੀ ਗੱਲ ਕਬੂਲੀ?'

'ਕਹਿੰਦਾ ਕਿ ਉਹ ਜਾਣਦਾ ਤਾਂ ਸੀ ਕਿ ਲੜਕੀ ਡਰੱਗਜ਼ ਲੈਂਦੀ ਸੀ, ਪਰ ਉਸਨੇ ਉਸਨੂੰ ਇਹ ਆਦਤ ਨਹੀਂ ਪਾਈ। ਨਾ ਹੀ ਉਸਨੂੰ ਕਦੇ ਡਰੱਗਜ਼ ਹੀ ਸਪਲਾਈ ਕੀਤੇ। ਉਸ ਮੁਤਾਬਿਕ ਤਾਂ ਲੜਕੀ ਪਹਿਲਾਂ ਤੋਂ ਹੀ ਡਰੱਗਜ਼ ਲੈਣ ਦੀ ਆਦੀ ਸੀ।'

'ਬਲੱਫ਼ ਖੇਡਦਾ ਹੋਣਾ ਥਿੰਦ ਸਾਹਬ,' ਗਗਨ ਬੋਲਿਆ।

'ਉਹ ਆਪ ਵੀ ਡਰੱਗਜ਼ ਨਹੀਂ ਲੈਂਦਾ।'

'ਕੀ?' ਤੇਜਵੀਰ ਚੌਂਕਿਆ।

'ਬਿਲਕੁਲ ਇਨੀਸ਼ੀਅਲ ਮੈਡੀਕਲ ਜਾਂਚ-ਪੜਤਾਲ ਤੋਂ ਹੀ ਇਹ ਗੱਲ ਨਿਸ਼ਚਿਤ ਰੂਪ ਨਾਲ਼ ਸਾਬਿਤ ਹੋ ਚੁੱਕੀ ਏ ਕਿ ਲੜਕਾ ਡਰੱਗ ਐਡਿਕਟ ਨਹੀਂ। ਇਸ ਵਿੱਚ ਕੋਈ ਦੋ ਰਾਵਾਂ ਨਹੀਂ।'

'ਜਾਂਚ-ਪੜਤਾਲ ਵੀ ਹੋ ਗਈ?'

'ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆ ਸੀ।'

'ਪੱਕੇ ਪੈਰੀਂ ਹੱਥ ਪਾਇਆ ਫਿਰ ਤਾਂ ਥਿੰਦ ਸਾਹਬ,' ਗਗਨ ਨੇ ਤਾਰੀਫ਼ੀ ਸੁਰ 'ਚ ਕਿਹਾ।

ਜਵਾਬ ਵਿੱਚ ਥਿੰਦ ਕੇਵਲ ਫਿੱਕਾ ਜਿਹਾ ਮੁਸਕੁਰਾਇਆ।

'ਪਰ ਇਸ ਨਾਲ਼ ਤਾਂ ਕੁਝ ਸਾਬਿਤ ਨਹੀਂ ਹੁੰਦਾ। ਇਹ ਤਾਂ ਕਿਸੇ ਕਿਤਾਬ 'ਚ ਨਹੀਂ ਲਿਖਿਆ ਕਿ ਜਿਹੜਾ ਆਪ ਡਰੱਗਜ਼ ਨਾ ਲੈਂਦਾ ਹੋਵੇ, ਉਹ ਕਿਸੇ ਨੂੰ ਪੁਚਾ ਵੀ ਨਹੀਂ ਸਕਦਾ।' ਤੇਜਵੀਰ ਨੇ ਆਪਣਾ ਨੁਕਤੇ-ਨਿਗਾਹ ਪੇਸ਼ ਕੀਤਾ।

'ਹਾਂ, ਇਹ ਗੱਲ ਤਾਂ ਹੈ।' ਥਿੰਦ ਨੇ ਸਵੀਕਾਰਿਆ।

'ਰੱਸੀ ਉੱਤੋਂ ਉਠਾਏ ਫ਼ਿੰਗਰ ਪ੍ਰਿੰਟਜ਼ ਬਾਰੇ ਕੀ ਸਫ਼ਾਈ ਦਿੱਤੀ ਉਸਨੇ?'

'ਰੱਸੀ ਉੱਤੋਂ ਉਠਾਏ ਫ਼ਿੰਗਰ ਪ੍ਰਿੰਟਜ਼ ਇਸ ਕਾਬਿਲ ਹੀ ਨਹੀਂ ਸਨ ਕਿ ਉਹ ਮੈਚਿੰਗ ਦੇ ਪ੍ਰੋਸੈੱਸ 'ਚ ਪਾਏ ਜਾ ਸਕਣ। ਉਹ ਨਾਈਲੋਨ ਦੀ ਇੱਕ ਪਤਲੀ ਜਿਹੀ ਰੱਸੀ ਸੀ। ਜਿਸ ਕਾਰਣ ਫ਼ਿੰਗਰ ਪ੍ਰਿੰਟਜ਼ ਕਲੀਅਰ ਨਹੀਂ ਆਏ ਸਨ। ਸੋ ਕੱਲ੍ਹ ਐਕਸਪਰਟ ਨੇ ਉਨ੍ਹਾਂ ਦੀ ਕੋਈ ਰਿਪੋਰਟ ਵੀ ਨਹੀਂ ਬਣਾਈ ਸੀ।'

ਤੇਜਵੀਰ ਸੋਚਾਂ 'ਚ ਪੈ ਗਿਆ।

'ਉਸਨੇ ਇਸ ਗੱਲ ਤੋਂ ਵੀ ਸਾਫ਼ ਇਨਕਾਰ ਕੀਤਾ ਕਿ ਉਸਦਾ ਮ੍ਰਿਤਕਾ ਨਾਲ਼ ਕੋਈ ਸੀਰੀਅਸ ਅਫ਼ੇਅਰ ਸੀ। ਉਸਦਾ ਕਹਿਣਾ ਤਾਂ ਇਹ ਹੈ ਕਿ ਮ੍ਰਿਤਕਾ ਵੀ ਉਸ ਰਿਸ਼ਤੇ ਪ੍ਰਤੀ ਸੀਰੀਅਸ ਨਹੀਂ ਸੀ। ਲਵ ਅਫ਼ੇਅਰ ਵਾਲ਼ਾ ਕੋਈ ਮਾਮਲਾ ਨਹੀਂ ਸੀ, ਸਗੋਂ ਉਨ੍ਹਾਂ ਦਾ ਮਤਲਬ ਤਾਂ ਜਿਸਮਾਨੀ ਭੁੱਖ ਮਿਟਾਉਣ ਤੱਕ ਹੀ ਸੀ। ਸੋ ਦੋਨੋਂ ਤਰਫ਼ੋਂ ਵਿਆਹ ਵਾਲ਼ੀ ਗੱਲ ਤਾਂ ਬੜੀ ਦੂਰ-ਦੂਰ ਤੱਕ ਵੀ ਵਜੂਦ ਨਹੀਂ ਸੀ।'

'ਇਹ ਤਾਂ ਹੁਣ ਕਹਿਣਾ ਹੀ ਹੋਇਆ ਉਸਨੇ,' ਗਗਨ ਨੇ ਕਿਹਾ।

'ਲੜਕਾ ਜੋ ਮੰਨਿਆ, ਬਿਨਾਂ ਕਿਸੇ ਹੀਲ-ਹੁੱਜਤ ਦੇ ਮੰਨਿਆ। ਪਰ ਜਿਹੜੀ ਗੱਲ 'ਤੇ ਅੜਿਆ, ਟੱਸ ਤੋਂ ਮੱਸ ਨਹੀਂ ਹੋਇਆ। ਇਉਂ ਲੱਗਦਾ ਬਈ ਜਿਵੇਂ ਪੂਰਾ ਹੋਮ ਵਰਕ ਕਰ ਕੇ ਆਇਆ ਸਾਹਬਜ਼ਾਦਾ। ਸੱਚ ਕਹਾਂ ਤਾਂ ਜਿੰਨਾ ਮਜ਼ਬੂਤ ਕੇਸ ਉਸਦੇ ਖ਼ਿਲਾਫ਼ ਬਣਦਾ ਨਜ਼ਰ ਆਉਂਦਾ ਸੀ, ਉਹ ਗੱਲ ਬਣੀ ਨਹੀਂ। ਜਿੰਨੇ ਵੀ ਸਬੂਤ ਉਸਦੇ ਖ਼ਿਲਾਫ਼ ਬਣਦੇ ਨੇ, ਸਾਰੇ ਸਰਕਮਸਟੈਂਸ਼ੱਲ ਨੇ ਅਤੇ ਸਣੇ ਉਸ ਪਨਵਾੜੀ ਦੀ ਗਵਾਹੀ ਦੇ, ਸਿਰਫ਼ ਉਸ ਰਾਤ ਉਸਦੀ ਮੌਕਾਏ-ਵਾਰਦਾਤ 'ਤੇ ਫੇਰੀ ਉੱਤੇ ਹੀ ਰੌਸ਼ਨੀ ਪਾਉਂਦੇ ਨੇ। ਤੇ ਇਹ ਗੱਲ ਤਾਂ ਉਹ ਆਪਣੇ ਮੂੰਹੋਂ ਹੀ ਕਬੂਲ ਕਰ ਰਿਹਾ। ਬਾਕੀ ਨਾ ਤਾਂ ਕਤਲ ਦਾ ਕੋਈ ਚਸ਼ਮਦੀਦ ਗਵਾਹ ਹੀ ਸਾਹਮਣੇ ਆਇਆ, ਤੇ ਨਾ ਹੀ ਕਤਲ ਨਾਲ਼ ਜੁੜਿਆ ਕੋਈ ਪੁਖ਼ਤਾ ਸਬੂਤ ਹੀ ਹੈ ਉਸਦੇ ਖ਼ਿਲਾਫ਼। ਕੱਲ੍ਹ ਕੋਰਟ ਪੇਸ਼ੀ ਹੋਣੀ ਏ ਉਸਦੀ, ਤੇ ਦੇਖ ਲਿਓ ਕਾਕਾ ਜੀ, ਪੈਂਦੀ ਸੱਟੇ ਬੇਲ ਮਿਲ ਜਾਣੀ ਏ ਇਸਨੂੰ।'

'ਜੇ ਆਹ ਗੱਲ ਏ ਤਾਂ ਹੁਣ ਤੱਕ ਤਾਂ ਉਸਦੇ ਮਿਨਿਸਟਰ ਪਿਓ ਨੇ ਵਕੀਲਾਂ ਦੀ ਫ਼ੌਜ ਖੜ੍ਹੀ ਕਰ ਦੇਣੀ ਸੀ। ਸਾਹਬਜ਼ਾਦਾ ਹਵਾਲਾਤ 'ਚ ਬੈਠਾ ਤੇ ਮਨਿਸਟਰ ਸਾਹਬ ਸੁੱਤੇ ਪਏ ਨੇ? ਬੜੀ ਅਜੀਬ ਗੱਲ ਐ, ਗ੍ਰਿਫ਼ਤਾਰੀ ਵੇਲ਼ੇ ਤਾਂ ਰੌਲ਼ਾ ਪਾਇਆ ਹੀ ਹੋਣਾ ਵੱਡੇ ਸਾਹਬ ਨੇ?' ਗਗਨ ਨੇ ਹੈਰਾਨੀ ਪ੍ਰਗਟ ਕਰਦਿਆਂ ਪੁੱਛਿਆ।

'ਮਿਨਿਸਟਰ ਸਾਹਬ ਦੇ ਐਕਸ਼ਨ 'ਤੇ ਤਾਂ ਮੈਨੂੰ ਸਗੋਂ ਸਭ ਤੋਂ ਵੱਧ ਹੈਰਾਨੀ ਹੋਈ।'

'ਕੀ ਮਤਲਬ ਥਿੰਦ ਸਾਹਬ?' ਹੈਰਾਨ ਹੋਣ ਦੀ ਵਾਰੀ ਹੁਣ ਤੇਜਵੀਰ ਦੀ ਸੀ।

'ਕਾਕਾ ਜੀ, ਉਹ ਸਿਆਸੀ ਬੰਦੇ ਨੇ। ਉਨ੍ਹਾਂ ਦੇ ਵਿਵਹਾਰ ਨੂੰ ਸਮਝਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ। ਕੱਲ੍ਹ ਤੱਕ ਆਪਣੀ ਧੌਂਸ ਜਮਾਉਣ ਵਾਲ਼ੇ ਮਿਨਿਸਟਰ ਸਾਹਬ ਦੀ ਤਾਂ ਅੱਜ ਸੁਰ ਹੀ ਬਦਲੀ ਹੋਈ ਸੀ। ਮੈਨੂੰ ਵੀ ਇਹੀ ਸ਼ੱਕ ਸੀ ਕਿ ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗੂ ਕਿ ਮੈਂ ਸੰਨੀ ਨੂੰ ਗ੍ਰਿਫ਼ਤਾਰ ਕਰਨ ਆਇਆਂ ਤਾਂ ਮਿਨਿਸਟਰ ਸਾਹਬ ਕੋਈ ਨਾ ਕੋਈ ਹੰਗਾਮਾ ਜ਼ਰੂਰ ਖੜ੍ਹਾ ਕਰਨਗੇ। ਪਰ ਉਹ ਤਾਂ ਜਿਵੇਂ ਆਪ ਸੰਨੀ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਹੀ ਮੇਰਾ ਇੰਤਜ਼ਾਰ ਕਰ ਰਹੇ ਹੋਣ।'

'ਹੈਂਅ?' ਗਗਨ ਦੇ ਮੂੰਹੋਂ ਨਿਕਲਿਆ।

'ਜ਼ਰੂਰ ਗ੍ਰਿਫ਼ਤਾਰੀ ਬਾਰੇ ਪਹਿਲਾਂ ਹੀ ਜਾਣਕਾਰੀ ਪਹੁੰਚ ਚੁੱਕੀ ਸੀ ਓਥੇ। ਖ਼ੈਰ, ਇਹ ਕੋਈ ਵੱਡੀ ਗੱਲ ਵੀ ਨਹੀਂ। ਅਖ਼ਿਰ ਕੈਬਨਿਟ ਮਿਨਿਸਟਰ ਨੇ, ਅਜਿਹੀ ਜਾਣਕਾਰੀ ਹਾਸਿਲ ਕਰਨਾ ਕੀ ਵੱਡੀ ਗੱਲ ਸੀ ਉਹਨਾਂ ਲਈ?'

'ਪਰ ਜਾਣਕਾਰੀ ਹਾਸਿਲ ਹੋਣ ਦੇ ਬਾਵਜੂਦ, ਸਾਹਬਜ਼ਾਦੇ ਨੂੰ ਛੂਹ-ਮੰਤਰ ਕਰਨ ਦੀ ਕੋਸ਼ਿਸ਼ ਨੀਂ ਕੀਤੀ ਮਿਨਿਸਟਰ ਸਾਹਬ ਨੇ?'

'ਬਿਲਕੁਲ ਵੀ ਨਹੀਂ, ਉਹ ਤਾਂ ਸਗੋਂ ਮੇਰੇ ਜਾਂਦੇ ਨੂੰ ਇਉਂ ਤਿਆਰ ਬੈਠੇ ਸੀ ਸਾਹਬਜ਼ਾਦੇ ਦੀ ਗ੍ਰਿਫ਼ਤਾਰੀ ਕਰਵਾਉਣ ਲਈ, ਜਿਵੇਂ ਸਾਹਬਜ਼ਾਦੇ ਦੀ ਗ੍ਰਿਫ਼ਤਾਰੀ ਕਿਸੇ ਕਤਲ ਦੇ ਕੇਸ 'ਚ ਨਾ ਹੋ ਕੇ, ਕਿਸੇ ਆਜ਼ਾਦੀ ਦੇ ਅੰਦੋਲਨ ਲਈ ਹੋ ਰਹੀ ਹੋਵੇ। ਮਿਨਿਸਟਰ ਸਾਹਬ ਤਾਂ ਆਪ ਗ੍ਰਿਫ਼ਤਾਰ ਕਰਨ ਗਈ ਪੁਲਿਸ ਪਾਰਟੀ ਨੂੰ, ਨਾ ਸਿਰਫ਼ ਬੜੇ ਸਲੀਕੇ ਨਾਲ਼ ਹੀ ਮਿਲੇ, ਸਗੋਂ ਚਾਹ-ਪਾਣੀ ਵੀ ਪੁੱਛਿਆ। ਉਹ ਤਾਂ ਇਉਂ ਪੇਸ਼ ਆਏ ਜਿਵੇਂ ਅਸੀ ਸਾਹਬਜ਼ਾਦੇ ਨੂੰ ਗ੍ਰਿਫ਼ਤਾਰ ਨਾ ਕਰਨ ਗਏ ਹੋਈਏ, ਸ਼ਗਨ ਪਾਉਣ ਗਏ ਹੋਈਏ।'

'ਹੱਦ ਹੋ ਗਈ।'

'ਸੰਨੀ ਵੱਲੋਂ ਵੀ ਗ੍ਰਿਫ਼ਤਾਰੀ ਸਮੇਂ ਕੋਈ ਹੁੱਜਤ ਨਹੀਂ ਹੋਈ। ਮਿਨਿਸਟਰ ਸਾਹਬ ਨੇ ਤਾਂ ਸਗੋਂ ਆਪਣੀ ਪਾਰਟੀ ਦੇ ਪੰਜ-ਸੱਤ ਬੰਦਿਆਂ ਸਾਹਮਣੇ, ਪੂਰੀ ਦੀ ਪੂਰੀ ਪੁਲਿਸ ਪਾਰਟੀ ਨੂੰ ਇੱਕ ਲੈਕਚਰ ਵੀ ਦਿੱਤਾ, ਕਿ ਉਹ ਕਾਨੂੰਨ ਦਾ ਕਿੰਨਾ ਆਦਰ ਕਰਦੇ ਨੇ। ਜੇ ਉਨ੍ਹਾਂ ਦੇ ਬੇਟੇ ਨੇ ਕੋਈ ਗ਼ਲਤੀ ਕੀਤੀ ਹੈ, ਤਾਂ ਕਾਨੂੰਨ ਦਾ ਪੂਰਾ ਹੱਕ ਬਣਦਾ ਹੈ ਕਿ ਉਹ ਉਸਨੂੰ ਸਜ਼ਾ ਦਏ। ਉਹ ਆਪਣੇ ਸਿਆਸੀ ਜ਼ੋਰ ਨੂੰ ਇਨਸਾਫ਼ ਦੇ ਰਸਤੇ ਦੀ ਰੁਕਾਵਟ ਨਹੀਂ ਬਣਨ ਦੇਣਗੇ।

(ਚਲਦਾ)



ਨੈਣ ਸੁੱਖ

ਕਹਾਣੀ

# ਆਈ ਪੂਰੇ ਦੀ ਵਾਅ

ਅੰਤਿਮ ਕਿਸ਼ਤ

(ਸ਼ਾਹਮੁਖੀ ਤੋਂ ਲਿੱਪੀ ਬਦਲੀ : ਪਰਮਜੀਤ ਸਿੰਘ ਮੀਸ਼ਾ)

ਲਾਵਾਰਸ ਬਾਲ ਜਿਨ੍ਹਾਂ ਦੇ ਮਾਪੇ ਮੋਏ, ਉਨ੍ਹਾਂ ਦੇ ਵਾਰਸ ਪਾਦਰੀ ਬਣੇ। ਬੇਘਰ ਯਤੀਮਾਂ ਦੇ ਘਰ ਹੁਣ ਮਿਸ਼ਨ ਦੇ ਯਤੀਮਖ਼ਾਨੇ। ਜਿਧਰ ਵੇਖੋ, ਕਾਲ ਤੇ ਮੌਤ, ਉਜਾੜ ਈ ਉਜਾੜ, ਦੁਖੀਆਂ ਦੇ ਵੈਣ ਤੇ ਹਾੜੇ। ਮਸਤੇ ਰੱਜ ਕੇ ਭੰਗ ਪੀਤੀ, ਉੱਚੀ ਉੱਚੀ ਹੱਸਦਾ ਫਿਰੇ ਕਿ ਓਹਨੂੰ ਪਾਦਰੀ ਜਵਾਹਰ ਮਸੀਹ ਤੇ ਪਾਦਰੀ ਫ਼ਕੀਰੀਆ ਮਸੀਹ ਟੱਕਰ ਗਏ। ਪਾਦਰੀ ਰਾਹ ਵਲਾਨ ਲੱਗੇ, ਮਸਤੇ ਓਹਨਾਂ ਨੂੰ ਫੜਦਿਆਂ ਆਪਣਾ ਹਾਸਾ ਡੱਕ ਲਿਆ। ਦੋਵੇਂ ਬਾਹਵਾਂ ਓਹਨੇ ਪਾਦਰੀਆਂ ਦੇ ਮੋਢਿਆਂ ਉੱਤੇ ਰੱਖੀਆਂ, ਨਸ਼ੇ ਵਿੱਚ ਧੁਤ, ਸਹਾਰਾ ਲੈ ਕੇ ਨਾਹਰੇ ਲਾਣ ਲੱਗ ਪਿਆ :

ਅੰਗਰੇਜ਼ ਰਾਜ, ਜ਼ਿੰਦਾਬਾਦ!

ਪਾਦਰੀ ਆਈ ਡੀ ਸ਼ਹਿਬਾਜ਼ ਦੇ ਕੰਨਾਂ ਨੂੰ ਮਸਤੇ ਦੇ ਨਾਅਰੇ ਛੇਕ ਰਹੇ ਕਿ ਲਾਮ ਲੱਗ ਗਈ–ਅਛੂਤਾਂ ਨੂੰ ਫ਼ੌਜ ਵਿੱਚ ਪਹਿਲੀ ਵਾਰ ਨੌਕਰੀ ਮਿਲੀ। ਗੁਰਦਾਸਪੁਰ, ਸਿਆਲਕੋਟ ਤੇ ਗੁਜਰਾਂਵਾਲੇ ਜ਼ਿਲ੍ਹੇ ਦੇ ਛੇ ਹਜ਼ਾਰ ਕਿਰਨੇ ਨੌਕਰ ਹੋਏ। ਅਫ਼ਸਰ ਕੀ, ਓਹ ਫ਼ੌਜੀ ਜਵਾਨ ਵੀ ਨਾ। ਓਹ ਹਸਪਤਾਲ ਅਸਿਸਟੈਂਟ, ਸੈਨੇਟਰੀ ਵਰਕਰਜ਼, ਸਵੀਪਰਜ਼ ਤੇ ਲੇਬਰ ਕਲਾਸ। ਮਸਤੇ ਵਸਤੀ ਵਸਤੀ ਠਿੱਠ ਕਰਦਿਆਂ ਵਧਾਈ ਦਿੱਤੀ, 'ਵਾਹ, ਖ਼ਾਕਰੋਬ ਫ਼ੌਜ ਵਿੱਚ ਵੀ ਖ਼ਾਕਰੋਬ ਲੱਗਾ।' ਲਾਮ ਮੁੱਕੀ ਤੇ ਪੂਰੇ ਪੰਜਾਬ ਦਾ ਨੱਕ ਵਗਿਆ। ਇਨਫ਼ਲੂਐਂਜ਼ਾ ਵਬਾਈ ਮਰਜ਼, ਜਿਹਦਾ ਇਲਜ਼ਾਮ ਪੰਜਾਬੀ ਇੱਜ਼ਤਦਾਰਾਂ, ਅਛੂਤਾਂ ਉੱਤੇ ਲਾਇਆ, ਕਿ ਇਹ ਬਿਮਾਰੀ ਜੰਗੀ ਮੁਹਾਜ਼ਾਂ ਤੋਂ ਅਛੂਤ ਲੈ ਕੇ ਆਏ ਜਿੱਥੇ ਓਹ ਨੌਕਰ ਹੋ ਕੇ ਗਏ। ਡਾਢੇ ਉੱਚਿਆਂ, ਨੀਵੇ ਅਛੂਤਾਂ 'ਤੇ ਥੂਹ ਥੂਹ ਕੀਤੀ, ਮਾੜਿਆਂ ਦਾ ਕੀ ਜ਼ੋਰ। ਪਰ ਅਸਲ ਖ਼ਬਰ ਇਹ ਕਿ ਪੰਜ ਲੱਖ ਪੰਜਾਬੀ ਜਿਹੜੇ ਫ਼ੌਜੀ ਭਰਤੀ ਹੋਏ ਓਹਨਾਂ 'ਚੋਂ ਕੋਈ ਵੀ ਅਛੂਤ ਨਾ, ਸਾਰੇ ਇੱਜ਼ਤਦਾਰ। ਵਬਾਅ ਦੇ ਸਮੇਂ ਹਰ ਕੋਈ ਦਵਾ ਦਾਰੂ ਲੱਭਦਾ ਫਿਰੇ, ਭੰਗੀ ਮਸਤਾ ਅਸ਼ਰਾਫਾਂ ਭਾਣੇ ਕੱਬਾ ਤੇ ਮੂਰਖ, ਬਿਮਾਰੀ ਤੋਂ ਬਚਿਆ, ਮਚਿਆ ਹੋਇਆ: ਅੰਗਰੇਜ਼ ਰਾਜ, ਜ਼ਿੰਦਾਬਾਦ! ਮਸਤਾ ਪੂਰਾ ਸ਼ੁਦਾਈ ਲੱਗੇ, ਨਾਅਰੇ ਲਾਂਦਾ ਲਾਂਦਾ ਦੁਆਬੇ ਨੂੰ ਮੂੰਹ ਕਰ ਗਿਆ, ਜਿੱਧਰੋਂ ਉੱਡਦੀ ਉੱਡਦੀ ਖ਼ਬਰ ਆਈ ਕਿ ਮਸਤਾ ਅਛੂਤ ਲੀਡਰ ਬਾਬੂ ਮੰਗੂ ਰਾਮ ਮੋਗੋਵਾਲੀਆ ਦੇ ਜੱਥੇ ਵਿੱਚ ਰਲ ਕੇ ਗ਼ਦਰੀ ਹੋ ਗਿਆ।ਪਾਦਰੀ ਆਈ ਡੀ ਸ਼ਹਿਬਾਜ਼ ਲੰਮਾ ਸੁੱਖ ਦਾ ਸਾਹ ਲਿਆ ਤੇ ਯਾਦਾਂ 'ਚੋਂ ਓਹਨੇ ਆਪਣੀ ਭਾਲ ਕੀਤੀ– ਅਮਰੀਕਾ ਤੋਂ ਡਾਕਟਰ ਆਫ਼ ਡਿਵਿਨਿਟੀ ਦੀ ਡਿਗਰੀ ਤੇ ਸਿਆਲਕੋਟ ਦੇ ਫ਼ਸਟ ਯੂ ਪੀ ਚਰਚ ਦੀ ਪਾਸਬਾਨੀ ਦਾ ਮਾਨ ਪਰ ਏਹ ਬਹੁਤ ਬਾਅਦ ਦੀ ਗੱਲ। ਓਹਨੂੰ ਓਹ ਵੇਲਾ ਚੇਤੇ ਆ ਰਹਿਆ ਜਦੋਂ ਓਹ ਜ਼ਫ਼ਰਵਾਲ ਵਿੱਚ ਦੀਨਦਾਰਾਂ ਦਾ ਬਾਲ ਤੇ ਨਾਂ ਓਹਦਾ ਇਮਾਮਦੀਨ। ਪਰੇਮਾ, ਚੁਗ਼ੱਤਾ ਤੇ ਦਿੱਤ ਓਹਦੇ ਬੇਲੀ, ਓਹਦੀ ਬਰਾਦਰੀ। ਸਰਕਾਰੀ ਸਕੂਲ ਖੁੱਲ੍ਹਾ ਜਿੱਥੇ ਉਨ੍ਹਾਂ ਨੂੰ ਵੜਨ ਤੋਂ ਮਨਾਹੀ। ਓਹ ਰਲ ਕੇ ਸਕੂਲ ਦੀ ਵਲਗਣ ਤੋਂ ਝਾਕਦਿਆਂ ਜੱਟਾਂ, ਰਾਜਪੂਤਾਂ, ਗੁੱਜਰਾਂ ਤੇ ਖੱਤਰੀਆਂ ਦੇ ਮੁੰਡਿਆਂ ਨੂੰ ਪੜ੍ਹਦਿਆਂ ਵੇਖਦੇ ਸੱਧਰਦੇ ਸਹਿਕਦੇ ਰਹਿੰਦੇ। ਤਖ਼ਤੀ ਸੁਕਾਉਣਾ ਸਵਾਦੀ ਖੇਡ ਲੱਗੇ, ਓਹਨਾਂ ਦਾ ਵੀ ਏਹ ਖੇਡਣ ਨੂੰ ਜੀ ਕਰੇ। ਪੜ੍ਹਾਕੂ ਲੱਕੜ ਦੀ ਫੱਟੀ ਪਹਿਲਾਂ ਮਲ ਮਲ ਧੋਂਦੇ ਤੇ ਫ਼ੇਰ ਓਹਦੇ ਉੱਤੇ ਹੱਥ ਨਾਲ ਚੀਕਨੀ ਗਾਚੀ ਫ਼ੇਰ ਕੇ ਧੁੱਪੇ ਰੱਖਦੇ।



ਕੋਈ ਲਲਕਰਦਾ, 'ਭਲਾ ਕੀਹਦੀ ਪਹਿਲਾਂ ਸੁੱਕਦੀ।' ਤਖ਼ਤੀਆਂ ਫੜ ਕੇ ਸਾਰੇ ਪਿੜ ਵਿੱਚ ਆ ਜਾਵਨ ਤੇ ਵਾਅ ਵਿੱਚ ਵਧ ਵਧ ਬਾਹਵਾਂ ਉਲਾਰਦੇ। ਮਗਰੋਂ ਆਠਰੀ ਤਖ਼ਤੀ ਨੂੰ ਲੱਤਾਂ ਵਿੱਚ ਲੈ ਕੇ ਪੈਰਾਂ ਭਾਰ ਬੈਹ ਜਾਵਨ, ਭੌਂਏ ਤੋਂ ਤੀਲਾ ਲੱਭ ਲੈਂਦੇ ਜਿਹਦੇ ਨਾਲ ਭੋਏਂ ਖੋਤਰਦਿਆਂ ਗਾਵਣ ਗਾਂਦੇ। ਇਮਾਮਦੀਨ ਵੀ ਮਸਕੀਨ ਮੁੰਡੀਕੇ ਨਾਲ ਰਲ ਕੇ ਇਹ ਖੇਡ ਖੇਡਣ ਲਈ ਚੌਧਰੀਆਂ ਦੇ ਮੁੰਡੇ ਕੋਲੋਂ ਤਖ਼ਤੀ ਮੰਗੀ : ਪੋਚੀ ਤਖ਼ਤੀ ਲੱਤਾਂ ਵਿੱਚ ਦਿੱਤੀ ਠੰਡੀ ਠਾਰ ਲੱਗੀ ਪਰ ਚੂਹਵਿਆ ਚੂਹਵਿਆ ਮੈਂ ਤੇਰੀ ਖੁੱਡ ਕੱਢਣਾਂ ਤੂੰ ਮੇਰੀ ਤਖ਼ਤੀ ਸੁਕਾਅ ਖੁੱਡ ਵਿੱਚ ਵੜਨ ਲਈ ਚੂਹਾ ਉਤਾਵਲਾ, ਆਕੜਾਂ ਲੈਂਦੇ ਦੀ ਗਰਮੈਸ਼ ਨਾਲ ਤਖ਼ਤੀ ਸਵਾਦੀ ਸੁੱਕੀ– ਸ਼ੈਤਾਨੀਆਂ ਤੇ ਸ਼ਰਾਰਤਾਂ ਖੇਡਦਿਆਂ ਇਮਾਮਦੀਨ ਤੇ ਓਹਦੇ ਸੰਗੀਆਂ ਨੂੰ ਗੋਰਾ ਮਿਸ਼ਨਰੀ ਈ ਪੀ ਸਵਿਫ਼ਟ ਮਿਲ ਪਿਆ। ਮੋਹਨਾ ਢੰਗ ਤੇ ਸੋਹਨਾ ਬੁਲਾਰਾ, ਖ਼ੁਦਾਵੰਦ ਯਸੂ ਮਸੀਹ ਦੀਆਂ ਗੱਲਾਂ, ਦਸਾਂ ਵਰ੍ਹਿਆਂ ਦੇ ਇਮਾਮਦੀਨ ਦੇ ਅੰਦਰ ਲਹਿ ਗਈਆਂ। ਦਿਲ ਦਰਦਾਂ ਨਾਲ ਇੰਝ ਭਰਿਆ ਕਿ ਮਿਸ਼ਨਰੀ ਥਾਮਸ ਹੰਟਰ ਤੇ ਓਹਦੀ ਘਰ ਵਾਲੀ ਦੀ ਮਰਨ ਕਹਾਣੀ ਸੁਣ ਕੇ ਕਿੰਨੇ ਦਿਨ ਓਹਦੇ ਅਥਰੂ ਨਾ ਸੁੱਕੇ ਤੇ ਜੋ ਅਣਹੋਣੀ ਵਾਪਰੀ ਓਹ ਅੱਖੋਂ ਓਹਲੇ ਨਾ ਹੋਵੇ। (ਥਾਮਸ ਹੰਟਰ ਤੇ ਮਿਸਜ਼ ਥਾਮਸ ਹੰਟਰ 1857 ਵਿੱਚ ਚਰਚ ਆਫ਼ ਸਕਾਟਲੈਂਡ ਵੱਲੋਂ ਸਿਆਲਕੋਟ ਆਏ। ਫ਼ੌਜੀ ਬਾਗ਼ੀਆਂ ਲਈ ਏਹ ਫ਼ਰੰਗੀ ਹਾਕਮਾਂ ਦੇ ਜੀਅ, ਓਹ ਇਨ੍ਹਾਂ ਨੂੰ ਮਾਰਨ ਲਈ ਪਿੱਛੇ ਲੱਗ ਗਏ। ਖ਼ੂਨੀਆਂ ਅੱਗੇ ਅੱਗੇ ਦੌੜਦੇ ਦੋਵੇਂ ਪਰਦੇਸੀ ਜੀਅ ਕਿਲ੍ਹੇ ਵਿੱਚ ਜਾ ਲੁਕੇ ਜਿੱਥੋਂ ਕੱਢ ਕੇ ਬਾਗ਼ੀਆਂ ਓਹਨਾਂ ਨੂੰ ਬੇਦਰਦੀ ਨਾਲ ਕ਼ਤਲ ਕੀਤਾ) ਇਨ੍ਹਾਂ ਖ਼ੁਦਾ ਦੀ ਰਾਹ ਵਿੱਚ ਮੋਇਆਂ ਦੀ ਯਾਦ ਵਿੱਚ ਸਿਆਲਕੋਟ ਅੰਦਰ ਮਿਸ਼ਨ ਵੱਲੋਂ ਹੰਟਰ ਮੈਮੋਰੀਅਲ ਸਕੂਲ ਖੁੱਲ੍ਹਾ, ਜਿੱਥੇ ਦੀਨਦਾਰਾਂ ਦਾ ਮੁੰਡਾ ਇਮਾਨਦੀਨ ਦਾਖ਼ਲ ਹੋਇਆ। ਏਥੋਂ ਪੜ੍ਹ ਕੇ ਓਹ ਚਰਚ ਮਿਸ਼ਨਰੀ ਸਕੂਲ ਅੰਮ੍ਰਿਤਸਰ ਵਿੱਚ ਟੀਚਰ ਲੱਗਾ ਜਿੱਥੇ ਓਹਨੇ ਮਿਸ਼ਨਰੀ ਰਾਬਰਟ ਕਲਾਰਕ ਹੱਥੋਂ ਬਪਤਿਸਮਾ ਲਿਆ– ਓਹ ਯੂ ਪੀ (ਯੂਨਾਈਟਿਡ ਪਰੈਸਬਾਈਟੇਰੀਅਨ) ਚਰਚ ਵਿੱਚ ਓਦੋਂ ਪਾਦਰੀ ਕਿ ਓਹਨਾਂ ਦੇ ਚਰਚ ਸ਼ਾਇਰੀ ਦੇ ਮੁਕਾਬਲੇ ਦਾ ਹੋਕਾ ਦਿੱਤਾ ਜਿਹੜਾ 'ਨੂਰ ਅਫ਼ਸ਼ਾਂ' ਰਸਾਲੇ ਵਿੱਚ ਛਪਿਆ। ਏਹ ਮੁਕਾਬਲਾ ਸ਼ੇਅਰ ਘੜਤ ਦਾ ਹੁਨਰੀ ਪਾਦਰੀ ਇਮਾਮਦੀਨ ਜਿੱਤ ਗਿਆ, ਸ਼ਾਇਰੀ ਵਿੱਚ ਓਹਦਾ ਤਖ਼ੱਲਸ ਸ਼ਹਿਬਾਜ਼। ਓਹਨਾਂ ਦਿਨਾਂ ਵਿੱਚ ਅਮਰੀਕੀ ਮਿਸ਼ਨਰੀ ਡਾਕਟਰ ਐਂਡਰਿਊ ਗੌਰਡਨ ਜ਼ਬੂਰਾਂ ਦੇ ਉਰਦੂ ਤਰਜਮੇ ਲਈ ਜਿਹੜੀ ਕਮੇਟੀ ਬਣਾਈ, ਪਾਦਰੀ ਇਮਾਮਦੀਨ ਸ਼ਹਿਬਾਜ਼ ਵੀ ਓਹਦਾ ਮੈਂਬਰ। ਸੱਠ ਜ਼ਬੂਰਾਂ ਦਾ ਉਰਦੂ ਤਰਜਮਾ ਹੋ ਗਿਆ ਪਰ ਐਵੇਂ ਕਲਮ ਘਸਾਈ, ਧਰਤ ਦੇ ਪੱਛੜੇ ਪੂਰਾਂ ਨੂੰ ਓਹਨੇ ਟੁੰਬਿਆ ਨਾ। ਡਾਕਟਰ ਐਂਡਰਿਊ ਗੌਰਡਨ ਦੇ ਗੁਜਰਨ ਮਗਰੋਂ ਡਾਕਟਰ ਸੈਮੂਅਲ ਮਾਰਟਨ ਕਮੇਟੀ ਦਾ ਪਰਧਾਨ ਜਿਹਨੇ ਪਾਦਰੀ ਇਮਾਮਦੀਨ ਸ਼ਹਿਬਾਜ਼ ਨੂੰ ਤਰਜਮਾਕਾਰਾਂ ਦਾ ਆਗੂ ਬਣਾਇਆ ਜਿਹੜਾ ਧਰਤੀ ਦਾ ਜੀਅ ਤੇ ਦਬੀਲ ਲੋਕਾਈ ਦੀ ਰਗ਼ ਰਗ਼ ਦਾ ਜਾਣੂ, ਓਹਨੇ ਗਵੇੜਿਆ ਕਿ ਗ਼ੈਰ ਜ਼ਬਾਨ ਵਿੱਚ ਕੀਤੀ ਗੱਲ ਬਾਹਰੇ ਬਾਹਰ ਪਰ੍ਹਾਂ ਪਰ੍ਹਾਂ, ਮਾਂ ਬੋਲੀ ਵਿੱਚ ਓਹੀਓ ਬੋਲ ਅੰਦਰ ਵੜ ਜਾਂਦੇ। ਜ਼ਬੂਰ ਪੰਜਾਬੀ ਹੋ ਕੇ ਦਿਨਾਂ ਵਿੱਚ ਪੁੱਗਦੇ ਗਏ ਪਰ ਹਾਲੀਂ ਵੀ ਕੋਈ ਘਾਟ, ਓਹ ਏਹ ਕਿ ਦੇਸੀ ਬੋਲ ਵਲੈਤੀ ਸੰਗੀਤ ਵਿੱਚ ਗਾਏ ਜਾਵਣ। ਤਰਜਮਾਕਾਰ ਪਾਦਰੀ ਇਮਾਮਦੀਨ ਸ਼ਹਿਬਾਜ਼ ਨੂੰ ਅਹੁੜਿਆ ਕਿ ਮਾਂ ਬੋਲੀ ਇਥਾਵੇਂ ਰਾਗਾਂ ਵਿੱਚ ਸ਼ੋਭਦੀ, ਮਿਸ ਹੈਨਰੀ ਗੌਰਡਨ ਤੇ ਮਿਸ ਮੈਰੀ ਮਾਰਟਨ ਉਸ ਨੂੰ ਥਾਪੜਿਆ, ਦੇਸੀ ਗਾਇਕੀ ਦੇ ਦੋ ਕਲਾਵੰਤ ਸਾਦਕ. ਮਸੀਹ ਤੇ ਰਾਧਾਕਿਸ਼ਨ ਓਹਦੇ ਮਦਦਗਾਰ ਹੋਏ। ਮਾਂ ਬੋਲੀ ਵਿੱਚ ਪਰਤੀ ਲਿਖਤ ਦੇ ਮੂਲ ਮੰਤਰ ਨੂੰ ਧਰਤੀ 'ਚੋਂ ਫੁੱਟੇ ਸੁਰਾਂ ਇੰਝ ਸੁਰ ਕੀਤਾ ਕਿ ਸੁਣਨਹਾਰਾਂ ਨੂੰ ਸਰੂਰ ਆਇਆ, 'ਪੰਜਾਬੀ ਜ਼ਬੂਰ ਦੇਸੀ ਰਾਗਾਂ ਵਿੱਚ' ਅਮਰ ਹੋਏ। ਅੱਗੇ ਤੋਂ ਜਿਹੜਾ ਮਸੀਹੀ ਇਕੱਠ ਹੋਵੇ, ਓਹ ਓਦੋਂ ਸੰਪੂਰਨ ਜਦੋਂ ਪੰਜਾਬੀ ਜ਼ਬੂਰ ਦੇਸੀ ਰਾਗਾਂ ਵਿੱਚ ਗਾਇਆ ਜਾਵੇ। ਜ਼ਬੂਰ ਦੀ ਬਰਕਤ ਇਮਾਨੀ ਗੱਲ ਪਰ ਪਾਦਰੀ ਇਮਾਮਦੀਨ ਸ਼ਹਿਬਾਜ਼ ਦੀ ਵੇਲ ਹੋਕੇ ਬਿਨਾ ਸਰਦਾ ਨਾ ਜਿਹਦੀ ਵਜ੍ਹੋਂ ਮਸੀਹੀ ਇਕੱਠ ਵੱਡੇ ਹੋਂਦੇ ਗਏ– 'ਪੰਜਾਬ ਪਰੇਜ਼ ਐਂਡ ਪਰੇਅਰ ਯੂਨੀਅਨ' ਬਣੀ ਜਿਹਦੇ ਮੈਂਬਰਾਂ ਵਿੱਚ ਸਵਾਲ ਨਾਮਾ ਵਰਤਾਇਆ ਗਿਆ ਕਿ ਦੁਆ ਕਿਓਂ, ਕਿੰਨੀ, ਕਿਵੇਂ, ਕਦੋਂ ਤੇ ਕਿੱਥੇ। ਵੰਨ ਸਵੰਨੇ ਜਵਾਬਾਂ ਨੂੰ ਜੋੜ ਕੇ ਵਿਚਾਰ ਵਟਾਂਦਰਾ ਹੋਇਆ ਜਿਹਦੇ ਤੋਂ ਏਹ ਪਰਤੀਤ ਕਿ ਏਥੇ ਲੋਕ ਮੇਲੇ ਦੇ ਸ਼ੌਕੀ ਜਿਹਨਾਂ ਨੂੰ ਵੱਡੇ ਪੱਧਰ 'ਤੇ ਰਲ ਕੇ ਦੁਆ ਕਰਨ ਦੀ ਸੱਧਰ ਤੇ ਦੂਜਾ ਏਥੇ ਵੱਡੇ ਇਕੱਠ ਦਾ ਰੋਅਬ ਪਵੇ। ਨਾਰਥ ਇੰਡੀਆ ਵਿੱਚ 'ਕਰਿਸਚਨ ਲਾਈਫ਼ ਕਨਵੈਨਸ਼ਨ' ਦੀ ਤਦਬੀਰ ਹੋਈ। ਵੇਲਾ 1904, ਥਾਂ ਸਿਆਲਕੋਟ, ਇਹ ਐਂਗਲੀਕਨ ਕਨਵੈਨਸ਼ਨ ਜੱਗ ਵਿੱਚ ਧੁੰਮਿਆ। ਏਸ ਕਨਵੈਨਸ਼ਨ ਤੋਂ ਪਹਿਲਾਂ ਯੂ ਪੀ ਚਰਚ ਦੇ ਪਾਦਰੀ ਜੌਨ ਹਾਈਡ, ਚਰਚ ਆਫ਼ ਸਕਾਟਲੈਂਡ ਦੇ ਪਾਦਰੀ ਮਕੇਨ ਪੀਟਰਸਨ ਤੇ ਐਂਗਲੀਕਨ ਚਰਚ ਦੇ ਪਾਦਰੀ ਅਹਿਸਾਨ ਉੱਲਾਹ ਤੀਹ ਦਿਨ ਤੇ ਤੀਹ ਰਾਤਾਂ ਦੁਆ ਕੀਤੀ। 'ਸਿਆਲਕੋਟ ਕਨਵੈਨਸ਼ਨ' ਦਾ ਦਿਨ ਆਇਆ, ਪਰੀਚਿੰਗ ਹਾਲ ਤੋਂ ਵੱਧ ਪਰੇਅਰ ਰੂਮ ਵਿੱਚ ਰੌਣਕ. ਜਿੱਥੇ ਹਰ ਰਲਤੀ ਨੂੰ ਮੁਕੱਦਸ ਰੂਹ ਦੀ ਮੌਜੂਦਗੀ ਮਹਿਸੂਸ ਹੋਈ। ਸਾਜ਼ਾਂ ਨਾਲ ਆਵਾਜ਼ਾਂ ਰਲੀਆਂ, ਸੁਰਾਂ ਦੇ ਸਮੁੰਦਰ ਵਿੱਚ ਬੋਲ ਲਹਿਰਦੇ ਗਏ :–

ਐ ਮੇਰੇ ਸ਼ਾਹ ਖ਼ੁਦਾ ਵੰਦਾ,
ਵਡਿਆਈ ਤੇਰੀ ਕਰਾਂਗਾ,
ਕਿ ਤੇਰਾ ਹੈ ਮੁਬਾਰਕ ਨਾਂ।

ਰਾਗ਼ ਦਰਬਾਰੀ ਵਿੱਚ ਇਹ ਜ਼ਬੂਰ ਗਾਇਆ ਜਾ ਰਹਿਆ। ਖ਼ੁਦਾਵੰਦ ਦਾ ਦਰਬਾਰ ਸਜਿਆ ਹੋਇਆ, ਜਿੱਥੇ ਮਸੀਹੀ ਮੇਲ ਚੰਗਾ ਢੁਕਿਆ। ਕਨਵੈਨਸ਼ਨ ਦਾ ਲਾੜਾ ਸੱਠਾਂ ਸਾਲਾਂ ਦਾ ਬੁੱਢਾ ਪਾਦਰੀ ਆਈ ਡੀ ਸ਼ਹਿਬਾਜ਼ ਡੀ ਡੀ ਜਿਹਨੂੰ ਵਾਧੂ ਰੂਪ ਚੜ੍ਹਿਆ, ਅੰਦਰ ਆਵਨ ਤੋਂ ਪਹਿਲਾਂ ਬਾਹਰ ਰਲਤੀ ਕਤਾਰਾਂ ਵਿੱਚ ਖਲੋਤੇ ਆਪਣੀ ਵਾਰੀ ਉਡੀਕ ਰਹੇ, ਕਿਤਾਬ 'ਪੰਜਾਬੀ ਜ਼ਬੂਰ ਦੇਸੀ ਰਾਗ਼ਾਂ ਵਿੱਚ' ਜਿਹੜੀ ਤਿੰਨ ਹਜ਼ਾਰ ਦੀ ਗਿਣਤੀ ਵਿੱਚ ਛਪੀ, ਲੈਂਦੇ ਆਵਨ। ਅੰਦਰ ਰਾਗ਼ ਭੀਮ ਪਲਾਸੀ ਵਿੱਚ,

'ਸਾਰੇ ਲੋਕੋ ਸਾਡੇ ਰੱਬ ਨੂੰ ਧੰਨ ਧੰਨ ਆਖ ਕੇ ਗਾਓ।'

ਰਾਗ ਭੈਰਵੀ ਦੀ ਵਾਰੀ ਆਈ,

'ਖ਼ੁਦਾ ਆਪਣੇ ਭਾਈਆਂ ਨੂੰ ਮੈਂ ਤੇਰਾ ਨਾਂ ਸੁਣਾਵਾਂਗਾ।'

ਰਾਗ ਬਲਾਵਲ ਕਿਓਂ ਪਿੱਛੇ ਰਹਿੰਦਾ,

'ਮੈਂ ਸਬਰ ਦੇ ਨਾਲ ਆਸ ਰੱਖ ਕੇ।'

ਅਗਲੀ ਕਤਾਰ ਵਿਚਕਾਰ ਬੈਠੇ ਹਰਮਨ ਪਿਆਰੇ ਪਾਦਰੀ ਆਈ ਡੀ ਸ਼ਹਿਬਾਜ਼ ਡੀ ਡੀ ਦੀ ਨਜ਼ਰ ਭਾਵੇਂ ਕਮਜ਼ੋਰ, ਪਰ ਉਸ ਨੂੰ ਅਮ੍ਰਿਤਸਰ, ਗੁਰਦਾਸਪੁਰ, ਲੁਧਿਆਣਾ, ਹਾਫ਼ਿਜ਼ਾਬਾਦ, ਸਾਂਗਲਾ ਹਿੱਲ ਤੇ ਖਾਨਕਾਹ ਡੋਗਰਾਂ ਤੋਂ ਆਏ ਜਾਣੂ ਨੇੜੇ ਹੋ ਹੋ ਮਿਲਦੇ ਦਿੱਸ ਰਹੇ। ਉਹ ਖ਼ੁਸ਼ੀ ਨਾਲ ਫੁੱਲਿਆ, ਏਡਾ ਵੱਡਾ ਇਕੱਠ ਕਿ ਬੇਜ਼ਬਾਨ ਵਿੱਚ ਜਾਨ ਪਈ। ਮਸੀਹੀ ਮੁਲਖ ਦੀ ਜੰਞ ਜੁੜੀ ਪਰ ਬਾਹਲੇ ਜਾਂਞੀ ਬੇਘਰ ਤੇ ਲਾਵਰਸ, ਵਿਚਾਰੇ ਅਛੂਤ ਕਿਰਨੇ ਜਿਹੜੇ ਦੀਨਦਾਰਾਂ, ਲੱਲੀ ਫ਼ਕੀਰਾਂ, ਮਜ਼੍ਹਬੀ ਸਿੱਖਾਂ ਤੇ ਮੇਘਾਂ 'ਚੋਂ ਨਿੱਖੜ ਕੇ ਆਏ –ਓਹ ਅਸਲੋਂ ਨਿਮਾਣੇ ਅਛੂਤ, ਚੰਗੜ, ਚੁਮਾਰ, ਸ੍ਹਾਂਸੀ, ਗਗੜੇ ਤੇ ਝੀਰ। ਜ਼ਿਮੀਦਾਰ ਮਸੀਹੀ ਗੋਰੇ ਅਫ਼ਸਰਾਂ ਸੰਗ ਆਏ ਜਿਨ੍ਹਾਂ ਦੇ ਪਿੱਛੇ ਪਿੱਛੇ ਫਤੇਹਗੜ੍ਹ ਤੇ ਸਕਾਟਗੜ੍ਹ 'ਚੋਂ ਆਪਣੇ ਘਰਾਂ ਦੇ ਮਾਲਕ ਮਸੀਹੀ ਜੱਥੇ ਜਿਹਨਾਂ ਦੀ ਚੜ੍ਹਤਲ ਵੇਖ ਕੇ ਬੇਜ਼ਬਾਨਾਂ ਨੂੰ ਜ਼ਬਾਨ ਮਿਲੀ ਤੇ ਓਹ ਰਾਗ ਮਾਲਕੌਂਸ ਵਿੱਚ ਸੱਚ ਬੋਲ ਰਹੇ :–

'ਖ਼ੁਦਾਵੰਦਾ ਤੂੰ ਲਸ਼ਕਰਾਂ ਦਾ ਖ਼ੁਦਾ ਹੈ–'

ਵੇਲੇ ਤੇ ਥਾਂ ਦੀ ਕੈਦ ਤੋਂ ਆਜ਼ਾਦ, ਅੱਲੜ ਯਾਦਾਂ ਵਿੱਚ ਹੱਸਦੇ ਖੇਡਦੇ ਨੂੰ ਖ਼ੌਰੇ ਨਜ਼ਰ ਲੱਗ ਗਈ, ਵੇਖਦੇ ਵੇਖਦੇ ਹੰਢੇ, ਲਾ਼ਗਰ, ਬਿਮਾਰ ਬੁੱਢੇ ਦਾ ਸਾਹ ਔਖਾ ਹੋ ਗਿਆ। ਪਾਦਰੀ ਆਈ ਡੀ ਸ਼ਹਿਬਾਜ਼ ਡੀ ਡੀ ਦੀਆਂ ਬੇਨੂਰ ਅੱਖਾਂ ਅਸਮਾਨੀ ਬਾਪ ਨੂੰ ਪੁਕਾਰ ਰਹੀਆਂ, ਬੇਹੋਸ਼ ਹੋਂਦਿਆਂ ਓਹਦੀ ਵਾਜ ਮਰਦੀ ਗਈ :–

ਰੋਜ਼ ਦੀ ਰੋਟੀ ਅੱਜ ਸਾਨੂੰ ਦੇ
ਤੇ ਜੀਕਰ ਅਸਾਂ ਆਪਣੇ ਕਸੂਰਾਂ ਨੂੰ ਮਾਫ਼ ਕੀਤਾ ਏ
ਤੂੰ ਵੀ ਸਾਡੇ ਕਸੂਰ ਸਾਨੂੰ ਮਾਫ਼ਕਰ।
ਸਾਨੂੰ ਅਜ਼ਮਾਇਸ਼ ਵਿੱਚ ਨਾ ਪਾ,
ਸਗੋਂ ਬੁਰਿਆਈ ਤੋਂ ਬਚਾਅ
ਕਿਓਂ ਜੋ ਬਾਦਸ਼ਾਹੀ ਤੇ ਜਲਾਲ
ਸਦਾ ਤੀਕਰ ਤੇਰੇ ਈ ਨੇ,
ਆਮੀਨ!

# ਮਿੰਨੀ ਕਹਾਣੀਆਂ

## ਆਜ਼ਾਦੀ

"ਨਾ ਮੱਖਣ ਸਿੰਘ! ਮੈਨੂੰ ਤੇਰੀ ਇਹ ਗੱਲ ਬਿਲਕੁਲ ਵੀ ਮਨਜ਼ੂਰ ਨਹੀਂ। ਮੈਂ ਧੀਆਂ ਨੂੰ ਜ਼ਿਆਦਾ ਆਜ਼ਾਦੀ ਦੇਣ ਦੇ ਹੱਕ ਵਿੱਚ ਨਹੀਂ। ਤੈਨੂੰ ਯਾਦ ਈ ਹੋਣਾ ਤਜਿੰਦਰ ਤੇ ਭਲੇ ਨੇ ਵੀ ਆਪਣੀਆਂ ਧੀਆਂ ਨੂੰ ਸ਼ਹਿਰ ਪੜ੍ਹਨ ਲਈ ਭੇਜਿਆ ਸੀ, ਪਰ ਉਨ੍ਹਾਂ ਦੀਆਂ ਕਰਤੂਤਾਂ ਨੇ ਪੂਰਾ ਪਿੰਡ ਹੀ ਬਦਨਾਮ ਕਰ ਛੱਡਿਆ ਸੀ।"

"ਪਰ ਗੁਰਮੇਲ ਸਿੰਘ, ਕੁਝ ਸੋਚ ਤੇਰੀ ਧੀ ਦੀਪ ਪੂਰੇ ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਆਈ ਹੈ। ਮੇਰੀ ਧੀ ਪੰਮੀ ਤਾਂ ਦੂਜੇ ਨੰਬਰ 'ਤੇ ਹੈ।"

"ਨਈਂ ਮੱਖਣ ਸਿੰਘ, ਬਸ ਮੈਂ ਜੋ ਕਹਿ ਦਿੱਤਾ ਕਹਿ ਦਿੱਤਾ। ਮੈਂ ਤਾਂ ਹੋਰ ਦੋ ਸਾਲਾਂ ਨੂੰ ਧੀ ਦੇ ਹੱਥ ਪੀਲੇ ਕਰ ਦੇਣੇ ਨੇ। ਤੂੰ ਵੀ ਧੀ ਨੂੰ ਬਹੁਤੀ ਆਜ਼ਾਦੀ ਦੇ ਕੇ ਮੂਰਖਤਾ ਨਾ ਕਰ। ਮੇਰੀ ਗੱਲ ਮੰਨ ਲੈ, ਚੰਗਾ ਰਹੇਂਗਾ।"

ਗੁਰਮੇਲ ਸਿੰਘ ਨੂੰ ਆਪਣੀ ਜ਼ਿੱਦ 'ਤੇ ਅੜਿਆ ਦੇਖ ਮੱਖਣ ਸਿੰਘ ਚੁੱਪਚਾਪ ਉੱਥੋਂ ਉੱਠ ਕੇ ਆ ਗਿਆ।

ਉਸ ਨੇ ਪੰਮੀ ਨੂੰ ਸਾਈਕਲ ਲੈ ਦਿੱਤਾ। ਉਹ ਹਾਈ ਸਕੂਲ ਵਿੱਚ ਪੜ੍ਹਨ ਲੱਗ ਗਈ।

ਸਕੂਲ ਦੀ ਪੜ੍ਹਾਈ ਪੂਰੀ ਕਰਕੇ ਪੰਮੀ ਕਾਲਜ ਦੀ ਪੜ੍ਹਾਈ ਕਰਨ ਲੱਗੀ। ਦੀਪ ਨੂੰ ਨਾ ਚਾਹੁੰਦਿਆਂ ਵੀ ਆਪਣੇ ਘਰਦਿਆਂ ਦੀ ਮਰਜ਼ੀ ਅਨੁਸਾਰ ਨਾਲ ਦੇ ਪਿੰਡ ਵਿਆਹ ਕਰਵਾਉਣਾ ਪਿਆ। ਵਕਤ ਗੁਜ਼ਰਦਾ ਗਿਆ।

ਪੰਮੀ ਨੂੰ ਹੁਣ ਮੱਖਣ ਸਿੰਘ ਨੇ ਉੱਚ ਸਿੱਖਿਆ ਲਈ ਚੰਡੀਗੜ੍ਹ ਭੇਜ ਦਿੱਤਾ। ਜਦੋਂ ਗੁਰਮੇਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਮੱਖਣ ਸਿੰਘ ਨੂੰ ਕਹਿਣ ਲੱਗਾ, "ਯਾਰ, ਆਹ ਤੂੰ ਕੁੜੀ ਨੂੰ ਘਰ ਤੋਂ ਇੰਨੀ ਦੂਰ ਭੇਜ ਕੇ ਬਹੁਤ ਵੱਡੀ ਗਲਤੀ ਕੀਤੀ ਆ। ਦੇਖੀਂ ਉਸ ਨੂੰ ਦਿੱਤੀ ਇੰਨੀ ਆਜ਼ਾਦੀ ਤੈਨੂੰ ਇੱਕ ਦਿਨ ਬਹੁਤ ਮਹਿੰਗੀ ਪਵੇਗੀ।" ਮੱਖਣ ਸਿੰਘ ਉਸ ਦੀ ਗੱਲ ਸੁਣ ਕੇ ਚੁੱਪ ਰਿਹਾ। ਵਕਤ ਗੁਜ਼ਰਦਿਆਂ ਦੇਰ ਨਾ ਲੱਗੀ।

ਗੁਰਮੇਲ ਸਿੰਘ ਅੱਜ ਬਿਸਤਰ 'ਤੇ ਬਹੁਤ ਹੀ ਉਦਾਸ ਲੰਮਾ ਪਿਆ ਸੀ। ਉਸ ਨੇ ਆਪਣੀ ਪਤਨੀ ਤੇ ਦੀਪ ਦੀਆਂ ਫੋਨ 'ਤੇ ਹੁੰਦੀਆਂ ਗੱਲਾਂ ਜੋ ਸੁਣ ਲਈਆਂ ਸਨ। ਉਸ ਦੀ ਦੀਪ ਫੋਨ 'ਤੇ ਰੋ-ਰੋ ਮਾਂ ਨਾਲ ਗੱਲਾਂ ਕਰ ਰਹੀ ਸੀ ਕਿ ਉਸ ਦੀ ਵੀ ਕੋਈ ਜ਼ਿੰਦਗੀ ਹੈ...।

ਇੰਨੇ ਨੂੰ ਢੋਲ ਦੀ ਆਵਾਜ਼ ਸੁਣਦੇ ਹੀ ਗੁਰਮੇਲ ਇਕਦਮ ਉੱਠ ਕੇ ਬਾਹਰ ਨੂੰ ਨਿਕਲ ਗਿਆ। ਉਸ ਨੇ ਦੇਖਿਆ ਕਿ ਮੱਖਣ ਦੇ ਬੂਹੇ ਅੱਗੇ ਭੀੜ ਲੱਗੀ ਹੋਈ ਹੈ।

ਉਸ ਨੇ ਜੋ ਦੇਖਿਆ, ਦੇਖ ਕੇ ਹੈਰਾਨ ਰਹਿ ਗਿਆ। ਸਾਰਾ ਪਿੰਡ ਮੱਖਣ ਦੇ ਘਰ ਦੇ ਅੰਦਰ-ਬਾਹਰ ਇਕੱਠਾ ਹੋਇਆ ਪਿਆ ਸੀ। ਪੰਮੀ ਦੇ ਗਲੇ ਵਿੱਚ ਬਹੁਤ ਸਾਰੇ ਹਾਰ ਪਾਏ ਹੋਏ ਸਨ ਤੇ ਬਹੁਤ ਸਾਰੇ ਕੈਮਰਿਆਂ ਵਾਲੇ ਪਿਉ-ਧੀ ਦੀਆਂ ਜਲਦੀ-ਜਲਦੀ ਫੋਟੋਆਂ ਖਿੱਚ ਰਹੇ ਸਨ।

ਮੱਖਣ ਦੀ ਧੀ ਆਈ.ਏ.ਐੱਸ ਦੀ ਪ੍ਰੀਖਿਆ ਵਿੱਚੋਂ ਪੰਜਾਬ 'ਚੋਂ ਅੱਵਲ ਆਈ। ਅਖ਼ਬਾਰਾਂ ਵਾਲੇ ਉਸ ਦੀ ਇੰਟਰਵਿਊ ਲੈਣ ਲਈ ਇੱਕ-ਦੂਜੇ ਤੋਂ ਵਧ ਚੜ੍ਹ ਕੇ ਅੱਗੇ ਹੋ ਰਹੇ ਸਨ।

ਇਹ ਸਭ ਦੇਖ ਕੇ ਗੁਰਮੇਲ ਦੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਹੰਝੂ ਆ ਗਏ। ਉਸ ਦੇ ਮਨ ਵਿੱਚ ਬਹੁਤ ਜ਼ਿਆਦਾ ਜੱਦੋਜਹਿਦ ਚੱਲਣ ਲੱਗੀ।

ਉਸ ਨੇ ਮੱਖਣ ਸਿੰਘ ਨੂੰ ਘੁੱਟ ਕੇ ਗਲਵੱਕੜੀ ਵਿੱਚ ਲੈ ਲਿਆ ਤੇ ਮੁਬਾਰਕਾਂ ਦਿੰਦਿਆਂ ਬੋਲਿਆ, "ਵਾਹ! ਵਾਹ!! ਮੱਖਣ ਸਿੰਘ, ਮਨ ਖ਼ੁਸ਼ ਹੋ ਗਿਆ। ਤੇਰੀ ਧੀ ਨੇ ਤਾਂ ਆਪਣੇ ਨਿੱਕੇ ਜਿਹੇ ਪਿੰਡ ਦਾ ਨਾਂ ਪੂਰੇ ਪੰਜਾਬ ਵਿੱਚ ਰੌਸ਼ਨ ਕਰ ਦਿੱਤਾ। ਜੇ ਉਸ ਦਿਨ ਮੈਂ ਵੀ ਤੇਰੀ ਗੱਲ ਮੰਨ ਲੈਂਦਾ ਤਾਂ ਅੱਜ ਮੇਰੀ ਧੀ ਵੀ ਇਹੋ ਮੁਕਾਮ 'ਤੇ ਹੁੰਦੀ।" ਪਰ ਗੁਰਮੇਲ ਦੇ ਮੂੰਹੋਂ ਨਿਕਲੀਆਂ ਆਖ਼ਰੀ ਸਤਰਾਂ ਤਾੜੀਆਂ ਦੀ ਗੜਗੜਾਹਟ ਵਿੱਚ ਹੀ ਕਿਤੇ ਦਬ ਕੇ ਰਹਿ ਗਈਆਂ।

ਗੁਰਮੇਲ ਸਿੰਘ ਦੀਆਂ ਅੱਖਾਂ ਵਿੱਚੋਂ ਵਗਦੇ ਖ਼ੁਸ਼ੀ ਦੇ ਹੰਝੂ ਹੁਣ ਪਛਤਾਵੇ ਦੇ ਹੰਝੂਆਂ ਵਿੱਚ ਤਬਦੀਲ ਹੋ ਚੁੱਕੇ ਸਨ।

**- ਮਨਪ੍ਰੀਤ ਕੌਰ ਭਾਟੀਆ**

***

## ਮਿੱਠੀਆਂ ਗੋਲੀਆਂ

ਉਹ ਪੰਜ-ਛੇ ਸਹੇਲੀਆਂ ਕਿਸੇ ਵਿਆਹ ਵਿੱਚ ਇਕੱਠੀਆਂ ਹੋਈਆਂ। ਉਨ੍ਹਾਂ ਵਿੱਚੋਂ ਤਿੰਨ-ਚਾਰ ਔਰਤਾਂ ਦੇ ਬੱਚੇ ਵਿਦੇਸ਼ ਗਏ ਹੋਏ ਸਨ। ਜਿਨ੍ਹਾਂ ਦੇ ਬੱਚੇ ਬਾਹਰ ਸਨ, ਉਨ੍ਹਾਂ ਨੇ ਵੱਖ-ਵੱਖ ਵੱਡੇ ਬਰਾਂਡਾਂ ਦੇ ਪਰਸ ਚੁੱਕੇ ਹੋਏ ਸਨ। ਉਨ੍ਹਾਂ ਦੇ ਪਰਸ ਦੇਖ ਕੇ ਇੱਕ ਔਰਤ ਨੇ ਕਿਹਾ, "ਵਾਹ ਜੀ ਵਾਹ! ਬੜੀ ਟੌਹਰ ਐ... ਪਰਸ ਤਾਂ ਦੇਖੋ ਬੀਬੀਆਂ ਦੇ। ਬਾਹਰਲੇ ਦੇਸ਼ ਵਾਲੇ ਬਰਾਂਡਿਡ ਪਰਸ ਨੇ। "ਆਹੋ ਭਾਈ! ਹੋਣ ਵੀ ਕਿਉਂ ਨਾ, ਬੱਚੇ ਬਾਹਰੋਂ ਜੁ ਲਿਆ ਕੇ ਦਿੰਦੇ ਨੇ। ਦੂਜੀ ਔਰਤ ਨੇ ਕਿਹਾ। ਬਾਕੀ ਤਾਂ ਕੁਝ ਨਾ ਬੋਲੀਆਂ, ਉਨ੍ਹਾਂ ਵਿੱਚੋਂ ਇੱਕ, ਜਿਸਦਾ ਇਕਲੌਤਾ ਪੁੱਤ ਬਾਹਰ ਗਿਆ ਹੋਇਆ ਸੀ, ਨੇ ਕਿਹਾ, "ਆਹੋ ਭਾਈ! ਮਾਵਾਂ ਕੋਲ ਹੋਰ ਰਹਿ ਵੀ ਕੀ ਜਾਂਦੈ ਬੱਚਿਆਂ ਬਿਨਾਂ। ਅਸੀਂ ਮਾਵਾਂ ਤਾਂ ਬਾਹਰਲੇ ਪਰਸ ਚੁੱਕਣ ਜੋਗੀਆਂ ਹੀ ਰਹਿ ਗਈਆਂ। ਸਾਡੇ ਬੱਚੇ ਤਾਂ ਕੈਨੇਡਾ ਲੈ ਗਈ। ਆਹ ਬਾਹਰਲੇ ਬੱਚੇ ਇੱਕ-ਦੋ ਬਾਹਰਲੀਆਂ ਚੀਜ਼ਾਂ ਲਿਆ ਕੇ ਮਾਵਾਂ ਨੂੰ ਇਉਂ ਖੇਡ ਲਾ ਜਾਂਦੇ ਨੇ ਜਿਵੇਂ ਬੱਚੇ ਨੂੰ ਮਾਵਾਂ ਮਿੱਠੀਆਂ ਗੋਲੀਆਂ ਦੇ ਕੇ ਚੁੱਪ ਕਰਵਾ ਲੈਂਦੀਆਂ ਨੇ।

**- ਰਾਜ ਕੌਰ ਕਮਾਲਪੁਰ ( 94642-24314)**

# ਮੇਰੀ ਕਲਮ

## ਕਾਫ਼ੀ

ਸ਼ਾਹ ਹੁਸੈਨ

ਆਖ਼ਰ ਪਛੋਤਾਵੇਂਗੀ ਕੁੜੀਏ,
ਆਖ਼ਰ ਪਛੋਤਾਵੇਂਗੀ ਕੁੜੀਏ,
ਉਠਿ ਹੁਣ ਢੋਲ ਮਨਾਇ ਲੈ ਨੀਂ ।1।ਰਹਾਉ।
ਸੂਹੇ ਸਾਵੇ ਲਾਲ ਬਾਣੇ,
ਕਰਿ ਲੈ ਕੁੜੀਏ ਮਨ ਦੇ ਭਾਣੇ,
ਇਕੁ ਘੜੀ ਸ਼ਹੁ ਮੂਲ ਨ ਭਾਣੇ,
ਜਾਸਨਿ ਰੰਗ ਵਟਾਇ ।1।
ਕਿਥੇ ਨੀਂ ਤੇਰੇ ਨਾਲਿ ਦੇ ਹਾਣੀ,
ਕੱਲਰ ਵਿਚਿ ਸਭ ਜਾਇ ਸਮਾਣੀ,
ਕਿਥੇ ਹੀ ਤੇਰੀ ਉਹ ਜਵਾਨੀ,
ਕਿਥੇ ਤੇਰੇ ਹੁਸਨ ਹਵਾਇ ।2।
ਕਿਥੇ ਨੀਂ ਤੇਰੇ ਤੁਰਕੀ ਤਾਜ਼ੀ,
ਸਾਈਂ ਬਿਨੁ ਸਭ ਕੂੜੀ ਬਾਜ਼ੀ,
ਕਿਥੇ ਨੀਂ ਤੇਰਾ ਸੁਇਨਾ ਰੁਪਾ,
ਹੋਏ ਖ਼ਾਕ ਸੁਆਹਿ ।3।
ਕਿਥੇ ਨੀਂ ਤੇਰੇ ਮਾਨਿਕ ਮੋਤੀ,
ਅਹੁ ਜੰਜ ਤੇਰੀ ਆਇ ਖਲੋਤੀ,
ਕਹੈ ਹੁਸੈਨ ਫ਼ਕੀਰ ਨਿਮਾਣਾ,
ਪਉ ਸਾਈਂ ਦੇ ਰਾਹਿ ।4।

## ਸਾਵਣ ਮਾਹ ਤ੍ਰਿਹਾਏ

(ਸ਼ਫ਼ਕਤ ਤਨਵੀਰ ਮਿਰਜ਼ਾ ਦੀ ਵੇਲ)

ਸਾਵਣ ਮਾਹ ਤ੍ਰਿਹਾਏ ਸੱਜਣ,
ਅਸੀਂ ਸਾਵਣ ਮਾਹ ਤ੍ਰਿਹਾਏ।
ਧਰਤੀ ਦੇ ਪਿੰਡੇ 'ਤੇ ਪਾਣੀ
ਅੰਦਰੋਂ ਸੇਕ ਨਾ ਜਾਏ
ਸਾਵਣ ਮਾਹ ਤ੍ਰਿਹਾਏ
ਸੱਜਣ, ਅਸੀਂ ਸਾਵਣ ਮਾਹ ਤ੍ਰਿਹਾਏ।
ਜੇਠ ਹਾੜ ਦੀ ਅੰਨ੍ਹੀ ਧੁੱਪੇ
ਨਿੱਤ ਸਾਵਣ ਦੇ ਚਾਅ
ਮੀਂਹ ਮੰਗੀਏ ਤੇ ਹੜ੍ਹ ਆ ਜਾਵੇ
ਕਰੀਏ ਅੰਤ ਉਪਾਅ
ਇਸ ਰੁੱਤੇ ਵੀ ਬੁੱਲ੍ਹਾਂ ਉੱਤੇ
ਪਿਪੜੀ ਜੰਮਦੀ ਜਾਏ
ਸਾਵਣ ਮਾਹ ਤ੍ਰਿਹਾਏ ਸੱਜਣ।
ਅਸੀਂ ਸਾਵਣ ਮਾਹ ਤ੍ਰਿਹਾਏ।
ਹਉਕੇ ਵਰਗਾ ਜੀਵਨ ਬੀਤੇ
ਹੱਥਾਂ ਨੂੰ ਹੱਥ ਖਾਵੇ
ਰੁੱਖਾਂ ਦੀ ਜੜ੍ਹ ਮੁੱਢੋਂ ਪੁੱਟੀ
ਕੀ ਕੋਈ ਪੀਂਘ ਚੜ੍ਹਾਵੇ
ਸਾਹਵਾਂ ਦੇ ਵਿੱਚ ਹੁਮ ਹੁਮਾ ਕੇ
ਹੁੱਸੜ ਆਏ ਜਾਏ
ਸਾਵਣ ਮਾਹ ਤ੍ਰਿਹਾਏ
ਸੱਜਣ, ਅਸੀਂ ਸਾਵਣ ਮਾਹ ਤ੍ਰਿਹਾਏ।

## ਇਬਾਦਤ

ਮਲਕੀਤ ਸਿੰਘ ਭਵਾਨੀਗੜ੍ਹ



ਚੁੱਪ ਹੁੰਦੇ ਰਾਹ ਇਬਾਦਤਾਂ ਦੇ,
ਇਸ ਰਾਹ 'ਤੇ ਕਿੱਧਰੇ ਸ਼ੋਰ ਨਹੀਂ ਹੁੰਦਾ।
ਇਸ ਰਾਹ ਨਬੇੜੇ ਅਮਲਾਂ ਦੇ,
ਅਮਲਾਂ ਬਿਨ ਕੁਝ ਵੀ ਹੋਰ ਨਹੀਂ ਹੁੰਦਾ।
ਇਸ ਰਾਹ 'ਤੇ ਬੰਦੇ ਮਨਫੀ ਨੇ,
ਇੱਥੇ ਬੰਦਿਆਂ ਦੇ ਵਿੱਚ ਜੋਰ ਨਹੀਂ ਹੁੰਦਾ।
ਇਹ ਰਾਹ ਗੁਰੂ ਦੀ ਬਖਸ਼ਿਸ਼ ਹੈ,
ਇੱਥੇ ਖੁਦ ਨੂੰ ਜਬਰੀ ਤੋਰ ਨਹੀਂ ਹੁੰਦਾ।
ਇੱਥੇ ਜਬਰੀ ਤੁਰਨੇ ਵਾਲਿਆਂ ਤੋਂ,
ਕਦੇ ਝੂਠ ਦਾ ਪਰਬਤ ਭੋਰ ਨਹੀਂ ਹੁੰਦਾ।
ਇਸ ਰਾਹ 'ਤੇ ਨਕਲਾਂ ਚੱਲਣ ਨਾ,
ਇੱਥੇ ਸਾਧਾਂ ਦੇ ਵਿੱਚ ਚੋਰ ਨਹੀਂ ਹੁੰਦਾ।

## ਨਾਲ਼ ਸੱਜਣ ਦੇ ਰਹੀਏ

ਅਫ਼ਜ਼ਲ ਸਾਹਿਰ

ਸੱਜਣ
ਉਹ ਈ ਸਾਡਾ ਸੱਜਣ,
ਜਿਹੜਾ ਆਪੋ ਵਿੱਚ ਸਾਹ ਵੰਡੇ
ਜਿਸ ਨੂੰ ਮਿਲਿਆਂ, ਮਲੂਮਾਂ ਜਾਪਣ,
ਰੂਹ ਵਿੱਚ ਖੁੱਭੇ ਕੰਡੇ
ਜੀਵਨ ਦੀ ਸਹੁੰ ਮੁੱਕ ਜਾਂਦਾ ਏ,
ਜਨਮ ਜਨਮ ਦਾ ਰੋਣਾ,
ਸਾਡੇ ਲਈ ਇੱਕ ਰੱਬ ਵਰਗਾ ਏ
ਇਕ ਸੱਜਣ ਦਾ ਹੋਣਾ

## ਵਾਹ ਜੀ ਵਾਹ ਕੀ ਬਣੀਆਂ (ਕਾਫ਼ੀ)

(ਮੁਸ਼ਤਾਕ ਸੂਫ਼ੀ ਦੀ ਵੇਲ)

ਵਾਹ ਜੀ ਵਾਹ ਕੀ ਬਣੀਆਂ
ਮਨ ਰਹੀ ਤੇ ਚਿਣਗਾਂ ਵੱਸੀਆਂ
ਲੋਕ ਸਮਝਦਾ ਕਣੀਆਂ।
ਵਾਹ ਜੀ ਵਾਹ ਕੀ ਬਣੀਆਂ
ਨਰ ਵਾਦੀ ਦੇ ਮਾਰੂ ਹੜ੍ਹ ਵਿੱਚ
ਰੁੜ੍ਹ ਪੁੜ੍ਹ ਗਈਆਂ ਜਣੀਆਂ
ਵਾਹ ਜੀ ਵਾਹ ਕੀ ਬਣੀਆਂ।
ਥੱਪ ਥੱਪ ਕਰਦੇ ਬੂਟਾਂ ਹੇਠਾਂ
ਚੀਕ ਪਈਆਂ ਛਣ ਛਣੀਆਂ
ਵਾਹ ਜੀ ਵਾਹ ਕੀ ਬਣੀਆਂ।
ਪਾਲੋ ਪਾਲ ਸਫ਼ੈਦੇ ਉੱਗਣ
ਮੁੱਕੀਆਂ ਛਾਵਾਂ ਘਣੀਆਂ
ਵਾਹ ਜੀ ਵਾਹ ਕੀ ਬਣੀਆਂ।
ਵਸਲ ਵਸਾਲਾਂ ਮੌਤ ਸਹੇੜੀ
ਹਿਜਰ ਤਣਾਵਾਂ ਤਣੀਆਂ
ਵਾਹ ਜੀ ਵਾਹ ਕੀ ਬਣੀਆਂ।

## ਮੈਂ ਜਾਣੂੰ ਅਨਜਾਣ (ਕਾਫ਼ੀ)

(ਬਾਬਾ ਨਾਨਕ ਜੀ ਦੀ ਵੇਲ)

ਮੈਂ ਜਾਣੂੰ ਅਨਜਾਣ ਵੇ ਲੋਕਾ
ਮੈਂ ਜਾਣੂੰ ਅਨਜਾਣ
ਧਰਤ ਘੜੋਲੀ ਸਿਰ 'ਤੇ ਕਾਇਮ
ਪੈਰਾਂ ਹੇਠ ਅਸਮਾਨ
ਵੇ ਲੋਕਾ, ਮੈਂ ਜਾਣੂੰ ਅਨਜਾਣ।
ਸਾਰੇ ਦੇਹ ਦੀ ਕਾਰ ਉਸਾਰੀ
ਰਾਤੀਂ ਕੀਤਮ ਢਾਨ
ਵੇ ਲੋਕਾ, ਮੈਂ ਜਾਣੂੰ ਅਨਜਾਣ।
ਮਨਸ, ਪੰਖੀ, ਰੁੱਖ, ਢੋਰ ਸੱਭੇ ਈ,
ਜੂਨੋ ਜੂਨ ਸਮਾਨ,
ਵੇ ਲੋਕਾ, ਮੈਂ ਜਾਣੂੰ ਅਨਜਾਣ।
ਆਪਣੀ ਆਪ ਸਿਹਾਣ ਬਿਨਾ ਹੈ
ਕੂੜੋ ਕੂੜ ਗਿਆਨ
ਵੇ ਲੋਕਾ, ਮੈਂ ਜਾਣੂੰ ਅਨਜਾਣ।
ਕੁਲ ਖੁਦਾਈ, ਜੋ, ਹੈ ਉਹ ਹੈ
ਮੇਰੀ ਜਿੰਦ ਨਿਸ਼ਾਨ
ਵੇ ਲੋਕਾ, ਮੈਂ ਜਾਣੂੰ ਅਨਜਾਣ।
ਮੇਰੇ ਸਾਹ ਦੇ ਸ਼ੌਹ ਦਰਿਆਈਂ
ਮੌਤ ਕਰੇ ਇਸ਼ਨਾਨ
ਵੇ ਲੋਕਾ, ਮੈਂ ਜਾਣੂੰ ਅਨਜਾਣ।
ਨਾ ਅੱਲ੍ਹਾ, ਨਾ ਰਾਮ ਕਹਾਣੀ
ਕੁਦਰਤ ਵਿੱਚ ਧਿਆਨ
ਵੇ ਲੋਕਾ, ਮੈਂ ਜਾਣੂੰ ਅਨਜਾਣ।

## ਰਚੀ ਏ ਖੇਡ ਅਵੱਲੀ ਜਿਹੀ (ਕਾਫ਼ੀ)

(ਸ਼ਬਾਨਾ ਆਰਜ਼ੂ ਦੀ ਵੇਲ)

ਰਚੀ ਏ ਖੇਡ ਅਵੱਲੀ ਜਿਹੀ
ਅੱਖੀਆਂ ਲਾਵਣ ਨੂੰ ਪਈ ਤਰਸੇ
ਜਿੰਦੜੀ ਝੱਲੀ ਜਿਹੀ
ਰਚੀ ਏ ਖੇਡ ਅਵੱਲੀ ਜਿਹੀ।
ਕਿਹੜੀ ਸ਼ੈਅ ਦੀ ਜੋਤ ਬਲੀ ਏ
ਧੁਰ ਅੰਦਰੂਨੇ ਤਾਈਂ
ਕਿਹੜੀ ਸ਼ੈਅ ਜੋ ਲਈ ਫਿਰਦੀ ਏ
ਥਾਂ ਥਾਂ ਚਾਈਂ ਚਾਈਂ।
ਆਪੇ ਆਪਣੀ ਸਿਰਜਣ ਹਾਰੀ
ਕੱਲਮ 'ਕੱਲੀ ਜਿਹੀ
ਰਚੀਏ ਖੇਡ ਅਵੱਲੀ ਜਿਹੀ।
ਖੇਡ ਅਜਾਇਬ ਰੰਗਾਂ ਵਾਲੀ
ਅਨਹੋਣੀ ਵਿੱਚ ਹੋਣੀ
ਤਨ ਮਨ ਸਾਰ ਉਸਾਰਨ ਕੀਤੇ
ਜੱਤ ਸੱਤ ਮਿੱਟੀ ਗੋਣੀ
ਨਫ਼ੀਆਂ ਤੇ ਅਸਬਾਤਾਂ ਵਾਲ਼ੀ
ਕਾਈ ਰੰਗ ਰੱਲੀ ਜਿਹੀ
ਰਚੀਏ ਖੇਡ ਅਵੱਲੀ ਜਿਹੀ

## ਚੇਤਰ ਰੰਗ ਨਰੋਏ

(ਨਜ਼ਮ ਹੁਸੈਨ ਸਈਅਦ ਦੀ ਵੇਲ)

ਚੇਤਰ ਰੰਗ ਨਰੋਏ ... ਵੇ ਲੋਕਾ,
ਚੇਤਰ ਰੰਗ ਨਰੋਏ ..।
ਭੋਇੰ 'ਤੇ ਨਵੀਂ ਹਯਾਤੀ ਖਿੜ ਪਈ
ਅਸੀਂ ਮੋਏ ਦੇ ਮੋਏ
ਚੇਤਰ ਰੰਗ ਨਰੋਏ ... ਵੇ ਲੋਕਾ,
ਚੇਤਰ ਰੰਗ ਨਰੋਏ..।
ਫੁੱਲਾਂ ਤੋਂ ਨਾ ਅੱਖ ਚੁੱਕੀਵੇ,
ਚੇਤ ਮਿਲਾਪੀ ਰੁੱਤੇ,
ਬਾਹਰ ਸੁਲੱਖਣਾ ਦਿਨ ਚੜ੍ਹ ਆਇਆ,
ਅਸੀਂ ਆਂ ਸੁੱਤਮ ਸੁੱਤੇ,
ਪੁੱਠੇ ਵੇਖ ਵਤੀਰੇ ਸਾਡੇ,
ਹਾਸੇ ਪਿੱਟ ਖਲੋਏ,
ਚੇਤਰ ਰੰਗ ਨਰੋਏ... ਵੇ ਲੋਕਾ।
ਚੇਤਰ ਰੰਗ ਨਰੋਏ...।
ਲੱਗੇ ਬੂਰ ਤੇ ਫੁੱਟੀਆਂ ਲਗਰਾਂ,
ਰੁੱਖਾਂ ਰੰਗ ਵਟਾਏ,
ਅਸੀਂ ਨਾ ਆਪਣੇ ਜੁੱਸਿਆਂ ਉੱਤੋਂ,
ਹੰਢੇ ਵਰਤੇ ਲਾਹੇ,
ਖੂਹ 'ਤੇ ਖੜ੍ਹ ਕੇ ਵੀ ਨਾ ਭਰਿਆ,
ਭਾਂਡਾ ਲੋਏ ਲੋਏ,
ਚੇਤਰ ਰੰਗ ਨਰੋਏ ... ਵੇ ਲੋਕਾ,
ਚੇਤਰ ਰੰਗ ਨਰੋਏ..।
ਜੋ ਨਾ ਚੇਤਰ ਰੁੱਤੇ ਖਿੜਿਆ,
ਉਸ ਕੀ ਸਾਉਣ ਹੰਢਾਉਣਾ,
ਜਿਸ ਨਾ ਰੰਗ ਪਛਾਣੇ ਉਸ ਦਾ,
ਕੀ ਲਾਹੁਣਾ, ਕੀ ਪਾਉਣਾ,
ਸੂਹਾ, ਨੀਲ, ਬਸੰਤੀ, ਸਾਵਾ,
ਮਾਣੇ ਕੋਏ ਕੋਏ,
ਚੇਤਰ ਰੰਗ ਨਰੋਏ ... ਵੇ ਲੋਕਾ।
ਚੇਤਰ ਰੰਗ ਨਰੋਏ...।
ਕੱਢ ਸਿੱਪੀਆਂ ਦੇ ਮੂੰਹੀਂ ਡਿੰਗਣਾ,
ਇਹ ਨਾ ਪੁੱਛੀਂ ਅੜਿਆ,
ਉਸ ਦਿਨ ਤੈਨੂੰ ਚਾਨਣ ਹੋਣੈਂ,
ਜਿਸ ਦਿਨ ਚਾਨਣ ਲੜਿਆ,
ਜੋ ਵੀ ਆਪਣੀ ਹੋਂਦ ਸਿਹਾਣੇ,
ਰੰਗ ਹੰਢਾਵੇ ਸੋਏ,
ਚੇਤਰ ਰੰਗ ਨਰੋਏ ... ਵੇ ਲੋਕਾ।
ਚੇਤਰ ਰੰਗ ਨਰੋਏ...।

## ਨੀ ਅਲਬੇਲੀਏ

(ਜਸਪ੍ਰੀਤ ਮੰਡੇਰ ਦੇ ਨਾਂ)

ਕਿਹੜੇ ਦੇਸੋਂ ਆਈ ਏਂ... ਨੀ ਅਲਬੇਲੀਏ,
ਲੂੰ ਲੂੰ ਆਣ ਸਮਾਈ ਏਂ... ਨੀ ਅਲਬੇਲੀਏ,
ਤੂੰ ਕਿਹੜੇ ਦੇਸੋਂ ਆਈ ਏਂ।
ਕੁਦਰਤ ਵਾਂਗੂੰ ਭੇਤ ਪਟਾਰੀ
ਇਸ਼ਕੇ ਵਾਂਗ ਖ਼ੁਦਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ।
ਸਹਿਜ ਸੁਭਾਉਂ ਰਾਬਿਆ ਬਸਰੀ
ਸੱਸੀ ਦੀ ਦੁਹਰਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ।
ਦਮ ਦਮ ਜ਼ਾਹਰ ਬਾਤਨ ਥੀਵੇਂ
ਕੇਹੀ ਛੂਹਣ ਛਪਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ।
ਸੂਰਜ ਤੇਰਾ ਬਾਬਲ ਜਾਪੇ
ਚੰਨ ਚਰਖੇ ਦੀ ਮਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ।
ਧਰਤ ਆਕਾਸ਼ੇ ਚੋਗ ਚੁਗੇਂਦੀ
ਮਨ ਗੁਟਕੂੰ ਗੁਟਕਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ।
ਆਪੋ ਆਪ 'ਚ ਕੱਲਮ ਕੱਲੀ
ਆਪੇ ਕੁੱਲ ਖ਼ੁਦਾਈ ਏਂ
ਨੀ ਅਲਬੇਲੀਏ ...
ਤੂੰ ਕਿਹੜੇ ਦੇਸੋਂ ਆਈ ਏਂ।

# ਆਪਣੀ ਗਾਇਕੀ ਵਾਂਗ ਫ਼ਿਲਮਾਂ ਪ੍ਰਤੀ ਵੀ ਵੱਖਰੀ ਸੋਚ ਲੈ ਕੇ ਆਇਆ ਸਤਿੰਦਰ ਸਰਤਾਜ



**ਸੁਰਜੀਤ ਜੱਸਲ**

ਸਮੁੱਚੇ ਸੰਗੀਤ ਜਗਤ ਵਿੱਚ ਸੂਫ਼ੀਆਨਾ ਗਾਇਕੀ ਸਦਕਾ ਇੱਕ ਵੱਖਰਾ ਸਰੋਤਾ ਵਰਗ ਪੈਦਾ ਕਰਨ ਵਾਲਾ ਸਤਿੰਦਰ ਸਰਤਾਜ ਅੱਜ ਕੱਲ੍ਹ ਸਿਨੇਮਾ ਜਗਤ ਵੱਲ ਆਇਆ ਹੈ। ਪਿਛਲੇ ਦਿਨੀਂ ਉਸ ਦੀ ਤੀਸਰੀ ਫਿਲਮ 'ਕਲੀ ਜੋਟਾ' ਸਿਨਮਾ ਘਰਾਂ ਦਾ ਸ਼ਿੰਗਾਰ ਬਣੀ ਹੈ। ਇਸ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ। ਸਤਿੰਦਰ ਸਰਤਾਜ ਦੀਆਂ ਫਿਲਮ ਕਲਾ ਸਰਗਰਮੀਆਂ ਨੂੰ ਵੇਖਦਿਆਂ ਕਹਿ ਸਕਦੇ ਹਾਂ ਉਹ ਆਪਣੀ ਗਾਇਕੀ ਵਾਂਗ ਫਿਲਮਾਂ ਪ੍ਰਤੀ ਵੀ ਵੱਖਰੀ ਸੋਚ ਲੈ ਕੇ ਤੁਰਿਆ ਹੈ। ਸਤਿੰਦਰ ਬੜੀ ਸਹਿਜਤਾ ਵਾਲਾ ਕਲਾਕਾਰ ਹੈ। ਉਸ ਨੇ ਹੌਲੀਵੁੱਡ ਦੀ ਫਿਲਮ 'ਦਿ ਬਲੈਕ ਪ੍ਰਿੰਸ' ਨਾਲ ਫਿਲਮ ਜਗਤ ਵੱਲ ਕਦਮ ਵਧਾਇਆ। ਮਹਾਰਾਜਾ ਰਣਜੀਤ ਸਿੰਘ ਦੇ ਬੇਟੇ ਮਹਾਰਾਜਾ ਦਲੀਪ ਸਿੰਘ ਦੀ ਅਸਲ ਜ਼ਿੰਦਗੀ 'ਤੇ ਆਧਾਰਿਤ ਇਸ ਫਿਲਮ ਵਿੱਚ ਉਸ ਨੇ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਇਆ। ਬੌਲੀਵੁੱਡ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਇਸ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦਾ ਦੀ ਭੂਮਿਕਾ ਨਿਭਾਈ ਸੀ।

ਇਸ ਪਹਿਲੀ ਫਿਲਮ ਦੀ ਸਰਤਾਜ ਦੀ ਅਦਾਕਾਰੀ, ਫਿਲਮ ਦੀ ਤਕਨੀਕ ਅਤੇ ਕੁਆਲਟੀ ਦੀ ਪਾਰਖੂ ਲੋਕਾਂ ਨੇ ਖੂਬ ਸ਼ਲਾਘਾ





ਕੀਤੀ ਸੀ। 2017 ਵਿੱਚ ਆਈ ਇਹ ਪਹਿਲੀ ਫਿਲਮ ਅੰਗਰੇਜ਼ੀ, ਪੰਜਾਬੀ ਤੇ ਹੋਰ ਖੇਤਰੀ ਭਾਸ਼ਾਵਾਂ ਵਿੱਚ ਵੀ ਡੱਬ ਹੋਈ। 2020 ਵਿੱਚ ਸਤਿੰਦਰ ਸਰਤਾਜ ਆਪਣੀ ਦੂਸਰੀ ਫਿਲਮ 'ਇੱਕੋ ਮਿੱਕੇ' ਲੈ ਕੇ ਆਇਆ। ਭਾਵੇਂ ਇਹ ਕੋਰੋਨਾ ਮਹਾਂਮਾਰੀ ਦੀ ਲਪੇਟ ਵਿੱਚ ਆ ਗਈ ਸੀ, ਪਰ ਫਿਰ ਵੀ ਦਰਸ਼ਕਾਂ ਨੇ ਇਸ ਨੂੰ ਪਿਆਰ ਦਿੱਤਾ।

ਹੁਣ ਸਰਤਾਜ ਦੀ ਤੀਜੀ ਫਿਲਮ ਵੀ ਤਿੰਨ ਸਾਲ ਦੇ ਵਕਫ਼ੇ ਮਗਰੋਂ ਰਿਲੀਜ਼ ਹੋਈ ਹੈ। ਇਸ ਫਿਲਮ ਦੇ ਗੀਤ ਤਾਂ ਪਹਿਲਾਂ ਹੀ ਹਿੱਟ ਹੋ ਚੁੱਕੇ ਹਨ ਜਦੋਂਕਿ ਹੁਣ ਵਿਸ਼ੇ ਅਤੇ ਅਦਾਕਾਰੀ ਪੱਖੋਂ ਵੀ 'ਕਲੀ ਜੋਟਾ' ਫਿਲਮ ਨੂੰ ਪਸੰਦ ਕੀਤਾ ਜਾ ਰਿਹਾ ਹੈ। ਇਹ ਫਿਲਮ ਇੱਕ ਔਰਤ ਦੀ ਲੇਖਣੀ ਦੀ ਸੋਚ 'ਤੇ ਆਧਾਰਿਤ ਹੈ। ਪੰਜਾਬੀ ਸਾਹਿਤ ਵਿੱਚ ਅਜਿਹੀਆਂ ਬਹੁਤ ਕਹਾਣੀਆਂ ਹਨ ਜੋ ਪੰਜਾਬੀ ਸਿਨੇਮਿਆਂ ਦਾ ਹਿੱਸਾ ਬਣਨ ਯੋਗ ਹਨ। 'ਕਲੀ ਜੋਟਾ' ਦੀ ਗੱਲ ਕਰੀਏ ਤਾਂ ਇਹ ਔਰਤ ਦੀ ਅਜ਼ਾਦੀ ਅਤੇ ਹੱਕਾਂ ਨੂੰ ਦਬਾਉਣ ਦੇ ਯਤਨ ਸਦਕਾ ਹੋਏ ਸ਼ੋਸ਼ਣ ਦੀ ਸੱਚੀ ਦਾਸਤਾਨ ਹੈ। ਇਸ ਫਿਲਮ ਦੀ ਨਾਇਕਾ ਰਾਬੀਆ ਹੈ ਜਿਸ ਦਾ ਕਿਰਦਾਰ ਨੀਰੂ ਬਾਜਵਾ ਨੇ ਬੜੀ ਗੰਭੀਰਤਾ ਨਾਲ ਨਿਭਾਇਆ ਹੈ। ਇਹ ਨੀਰੂ ਬਾਜਵਾ ਦੀਆਂ ਹੁਣ ਤੱਕ ਆਈਆਂ ਫਿਲਮਾਂ ਤੋਂ ਬਹੁਤ ਹਟਕੇ ਅਤੇ ਚੁਣੌਤੀ ਭਰਿਆ ਕਿਰਦਾਰ ਹੈ। ਚੁਲਬੁਲੇ ਸੁਭਾਅ ਵਾਲੀ 'ਰਾਬੀਆ' ਆਪਣੀ ਜ਼ਿੰਦਗੀ ਮਰਜ਼ੀ ਨਾਲ ਜਿਊਣ ਦੀ ਇਛੁੱਕ ਹੈ। ਉਸ ਦੇ ਸੁਪਨੇ ਵੱਡੇ ਹਨ, ਉਸ ਕੋਲ ਹੌਸਲਾ ਹੈ, ਲਗਨ ਹੈ, ਇੱਕ ਜਨੂੰਨ ਹੈ। ਦੀਦਾਰ (ਸਤਿੰਦਰ ਸਰਤਾਜ) ਉਸ ਦਾ ਪਹਿਲਾ ਤੇ ਆਖਰੀ ਪਿਆਰ ਹੈ। ਲੇਖਿਕਾ ਹਰਿੰਦਰ ਕੌਰ ਨੇ ਆਪਣੀ ਇਸ ਕਹਾਣੀ ਵਿੱਚ ਔਰਤ ਦੀ ਅਜ਼ਾਦੀ ਅਤੇ ਸਮਾਜ ਦੇ ਚਿਹਰਿਆਂ ਨੂੰ ਪਰਦੇ 'ਤੇ ਉਤਾਰਨ ਦਾ ਯਤਨ ਕਰਦਿਆਂ ਔਰਤ ਦੇ ਹੱਕ ਸੱਚ ਦੀ ਗੱਲ ਕੀਤੀ ਹੈ। ਫਿਲਮ ਦਾ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ। ਭਾਵੇਂ ਇਹ ਔਰਤ ਪ੍ਰਧਾਨ ਫਿਲਮ ਹੈ, ਪਰ ਸਤਿੰਦਰ ਸਰਤਾਜ ਦੀ ਅਦਾਕਾਰੀ ਅਤੇ ਗੀਤਾਂ ਨੇ ਦਰਸ਼ਕਾਂ ਦਾ ਰਜਵਾਂ ਪਿਆਰ ਲਿਆ ਹੈ। ਇਸ ਫਿਲਮ ਦਾ ਗੀਤ 'ਕਿਤੇ ਨੀਂ ਤੇਰਾ ਰੁਤਬਾ ਘਟਦਾ' ਅੱਜ ਹਰ ਇੱਕ ਦੀ ਜੁਬਾਨ 'ਤੇ ਹੈ। ਚਿਰਾਂ ਬਾਅਦ ਕੋਈ ਅਜਿਹੀ ਫਿਲਮ ਆਈ ਹੈ ਜਿਸ ਦੇ ਸੰਗੀਤ ਹਿੱਸੇ ਐਨੀ ਮਕਬੂਲੀਅਤ ਆਈ ਹੋਵੇ। ਸਤਿੰਦਰ ਦੇ ਗਾਇਕੀ ਪਿਛੋਕੜ ਦੀ ਗੱਲ ਕਰੀਏ ਤਾਂ ਉਸ ਨੇ 'ਪਾਣੀ ਪੰਜਾਂ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ' ਦਾ ਹੋਕਾ ਦੇ ਕੇ ਸਰੋਤਿਆਂ ਦੀ ਸੋਚ ਬਦਲਣ ਦਾ ਯਤਨ ਕੀਤਾ। ਫਿਰ 'ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਹਾ.' ਵਰਗੇ ਗੀਤਾਂ ਨਾਲ ਉਸ ਨੇ ਨੌਜਵਾਨ ਵਰਗ ਨੂੰ ਆਪਣੇ ਕਲਾਵੇ 'ਚ ਲਿਆ। ਉਸ ਦੇ ਗੀਤ 'ਨਿੱਕੀ ਜਿਹੀ ਕੁੜੀ...' ਵਿੱਚੋਂ ਅੱਜ ਵੀ ਗਰੀਬ ਬਾਲੜੀ ਦੀ ਮਾਸੂਮੀਅਤ ਝਲਕਦੀ ਹੈ। ਸਰਤਾਜ ਵੱਲੋਂ ਆਪਣੀ ਗਾਇਕੀ ਦੇ ਹੁਣ ਤੱਕ ਦੇ ਸਫ਼ਰ ਦੌਰਾਨ ਅਨੇਕਾਂ ਹੀ ਮੀਲ-ਪੱਥਰ ਗੱਡੇ ਜਾ ਚੁੱਕੇ ਹਨ। ਇੱਕ ਤੋਂ ਬਾਅਦ ਇੱਕ ਐਲਬਮ 'ਇਬਾਦਤ', 'ਚੀਰੇ ਵਾਲਾ ਸਰਤਾਜ', 'ਅਫ਼ਸਾਨੇ ਸਰਤਾਜ ਦੇ', 'ਰੰਗਰੇਜ਼', 'ਹਮਜ਼ਾ' ਅਤੇ ਸਿੰਗਲ ਟਰੈਕ ਗੀਤ 'ਸਰਦਾਰ' ਆਦਿ ਸਦਕਾ ਨਿਰੰਤਰ ਹੀ ਸਫਲਤਾ ਦਾ ਪਾਂਧੀ ਬਣਿਆ ਹੋਇਆ ਹੈ। ਸਰਤਾਜ ਦੀ ਸੂਫ਼ੀਆਨਾ ਮਹਿਫ਼ਲ ਜਿੱਥੇ ਇੰਗਲੈਂਡ ਦੇ 'ਰਾਇਲ ਐਲਬਰਟ ਹਾਲ' ਦੀ ਸ਼ਾਨ ਬਣੀ ਹੈ, ਉੱਥੇ ਹੀ ਉਸ ਦੇ ਗੀਤਾਂ ਨੂੰ 'ਬ੍ਰਿਟਿਸ਼ ਬਰੌਡਕਾਸਟ ਕਾਰਪੋਰੇਸ਼ਨ' (ਬੀ.ਬੀ.ਸੀ.) 'ਤੇ ਵੀ ਵੱਜਦੇ ਦੇਖਿਆ ਜਾ ਸਕਦਾ ਹੈ ਜੋ ਕਿ ਪੰਜਾਬ ਅਤੇ ਸਮੂਹ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਤਿੰਦਰ ਸਰਤਾਜ ਨੇ ਸੰਗੀਤ ਦੀ ਉੱਚ ਪੜ੍ਹਾਈ ਕਰਦਿਆਂ ਕਈ ਖ਼ਿਤਾਬ ਹਾਸਲ ਕੀਤੇ ਹਨ। ਆਪਣੇ ਗੀਤਾਂ ਵਾਂਗ ਬੇਹੱਦ ਮਿਲਾਪੜੇ ਸੁਭਾਅ ਦੇ ਮਾਲਕ ਸਤਿੰਦਰ ਸਰਤਾਜ ਤੋਂ ਪੰਜਾਬੀ ਸੰਗੀਤ ਅਤੇ ਫਿਲਮ ਜਗਤ ਨੂੰ ਬਹੁਤ ਉਮੀਦਾਂ ਹਨ।

# 'ਮਿੱਤਰਾਂ ਦਾ ਨਾਂ ਚਲਦਾ' ਤੋਂ ਲੈ ਕੇ 'ਚੱਲ ਜਿੰਦੀਏ ਤੱਕ', ਮਾਰਚ ਮਹੀਨੇ ਰਿਲੀਜ਼ ਹੋਣਗੀਆਂ ਪੰਜਾਬੀ ਫ਼ਿਲਮਾਂ

ਦਰਸ਼ਕਾਂ ਦਾ ਮਨੋਰੰਜਨ ਕਰਦੇ ਰਹਿਣ ਲਈ, ਪਾਲੀਵੁੱਡ ਇਸ ਸਾਲ ਹੋਰ ਵੀ ਦਿਲਚਸਪ ਫਿਲਮਾਂ ਲੈ ਕੇ ਆ ਰਿਹਾ ਹੈ। ਇੱਥੇ ਟੌਪ ਦੀਆਂ ਆਉਣ ਵਾਲੀਆਂ ਪੰਜਾਬੀ ਫਿਲਮਾਂ ਦੀ ਲਿਸਟ ਹੈ ਜੋ ਮਾਰਚ 2023 ਵਿੱਚ ਰਿਲੀਜ਼ ਹੋਣ ਜਾ ਰਹੀਆਂ ਹਨ :-

ਪੰਜਾਬੀ ਸਿੰਗਰ ਤੇ ਐਕਟਰ ਗਿੱਪੀ ਗਰੇਵਾਲ ਜਲਦ ਹੀ ਪੰਜਾਬੀ ਫਿਲਮ 'ਮਿੱਤਰਾਂ ਦਾ ਨਾਮ ਚਲਦਾ' ਵਿੱਚ ਨਜ਼ਰ ਆਉਣਗੇ। ਇਸ ਫਿਲਮ ਵਿੱਚ ਗਿੱਪੀ ਦੇ ਨਾਲ ਤਾਨੀਆ, ਰਾਜ ਸ਼ੌਕਰ ਅਤੇ ਸ਼ਵੇਤਾ ਤਿਵਾੜੀ ਨਜ਼ਰ ਆਉਣਗੇ। ਇਹ ਫਿਲਮ 8 ਮਾਰਚ ਨੂੰ ਰਿਲੀਜ਼ ਹੋਵੇਗੀ।

ਸਰਗੁਣ ਮਹਿਤਾ ਤੇ ਗੁਰਨਾਮ ਭੁੱਲਰ ਦੀ ਫਿਲਮ 'ਨਿਗਾਹ ਮਾਰਦਾ ਆਈ ਵੇ' ਵੀ 17 ਮਾਰਚ ਨੂੰ ਸਿਨੇਮਾਘਰਾਂ 'ਚ ਦਸਤਕ ਦੇਵੇਗੀ। ਇਹ ਇੱਕ ਰੋਮਾਂਟਿਕ ਡਰਾਮਾ ਫਿਲਮ ਹੋਵੇਗੀ, ਜਿਸ ਦੇ ਕਈ ਗਾਣੇ ਹੁਣ ਤੱਕ ਰਿਲੀਜ਼ ਹੋ ਗਏ ਹਨ।

ਨੀਰੂ ਬਾਜਵਾ, ਕੁਲਵਿੰਦਰ ਬਿੱਲਾ, ਗੁਰਪ੍ਰੀਤ ਘੁੱਗੀ,







ਜੱਸ ਬਾਜਵਾ, ਅਦਿਤੀ ਸ਼ਰਮਾ ਤੇ ਰੁਪਿੰਦਰ ਰੂਪੀ ਦੀ ਫਿਲਮ 'ਇਸ ਜਹਾਨੋਂ ਦੂਰ ਕਿਤੇ ਚੱਲ' ਲੋਕਾਂ ਦਾ ਮਨੋਰੰਜਨ ਕਰਨ ਲਈ 24 ਮਾਰਚ ਨੂੰ ਰਿਲੀਜ਼ ਹੋ ਰਹੀ ਹੈ।

'ਕਿਕਲੀ' ਫਿਲਮ ਵਿੱਚ ਮੈਂਡੀ ਠਾਕੁਰ, ਵਾਮਿਕਾ ਗਬੀ ਤੇ ਜੋਬਨਪ੍ਰੀਤ ਸਿੰਘ ਨਜ਼ਰ ਆਉਣਗੇ। ਫਿਲਹਾਲ ਫਿਲਮ ਨਾਲ ਜੁੜੀ ਕੋਈ ਹੋਰ ਅਧਿਕਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ। ਪਰ ਫਿਲਮ 30 ਮਾਰਚ ਨੂੰ ਸਿਨੇਮਾਘਰਾਂ 'ਚ ਦਸਤਕ ਦੇਣ ਲਈ ਤਿਆਰ ਹੈ।ਮੈਨਾਸਟਿੱਕ, ਕਾਮੇਡੀ ਫਿਲਮ 'ਯਾਰਾਂ ਦੀਆਂ ਪੌਂ ਬਾਰਾਂ' ਕਾਲਜ ਦੇ ਤਿੰਨ ਵਿਦਿਆਰਥੀਆਂ ਦੀ ਜ਼ਿੰਦਗੀ 'ਤੇ ਆਧਾਰਿਤ ਹੈ ਜੋ ਬਹੁਤ ਨਜ਼ਦੀਕੀ ਦੋਸਤ ਹਨ ਅਤੇ ਕਿਵੇਂ ਉਨ੍ਹਾਂ ਵਿਚਕਾਰ ਭਾਵਨਾਵਾਂ ਬਦਲਦੀਆਂ ਹਨ। ਇਹ ਉਪਾਸਨਾ ਸਿੰਘ ਵਲੋਂ ਨਿਰਦੇਸ਼ਿਤ ਪਹਿਲੀ ਫਿਲਮ ਹੈ। ਇਹ ਫਿਲਮ ਵੀ 30 ਮਾਰਚ ਨੂੰ ਰਿਲੀਜ਼ ਹੋ ਰਹੀ ਹੈ।

# ਸੀ.ਆਈ.ਏ. ਬਾਰੇ ਅਲੀ ਫ਼ਜ਼ਲ ਦੀ ਫ਼ਿਲਮ 'ਕੰਧਾਰ' 26 ਮਈ ਨੂੰ ਰਿਲੀਜ਼ ਹੋਵੇਗੀ



ਮੁੰਬਈ/ਏ.ਟੀ.ਨਿਊਜ਼ :- ਅਲੀ ਫਜ਼ਲ ਦੀ ਫਿਲਮ 'ਕੰਧਾਰ' ਰਿਲੀਜ਼ ਕਰਨ ਦੀ ਮਿਤੀ ਐਲਾਨ ਦਿੱਤੀ ਗਈ ਹੈ ਤੇ ਇਹ ਫਿਲਮ 26 ਮਈ ਨੂੰ ਰਿਲੀਜ਼ ਹੋਵੇਗੀ ਜਿਸ ਵਿੱਚ ਜੇਰਾਰਡ ਬਟਲਰ ਵੀ ਕੰਮ ਕਰ ਰਹੇ ਹਨ। ਇਹ ਇਸ ਸਾਲ ਦੀ ਅਲੀ ਫਜ਼ਲ ਦੀ ਪਹਿਲੀ ਕੌਮਾਂਤਰੀ ਫਿਲਮ ਹੈ। ਉਸ ਦੀ ਪਿਛਲੇ ਸਾਲ 'ਡੈੱਥ ਆਨ ਦਿ ਨਾਇਲ' ਫਿਲਮ ਰਿਲੀਜ਼ ਹੋਈ ਸੀ। ਅਲੀ ਨੇ ਕਿਹਾ, 'ਇਸ ਫਿਲਮ ਲਈ ਟੀਮ ਨੇ ਸਚਮੁੱਚ ਸਖ਼ਤ ਮਿਹਨਤ ਕੀਤੀ ਹੈ। ਜੇਰਾਰਡ ਨਾਲ ਕੰਮ ਕਰਨਾ ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਸੀ ਕਿਉਂਕਿ ਇਹ ਫਿਲਮ ਵਿਸ਼ਵ ਭਰ 'ਚ ਇਕੋ ਦਿਨ ਰਿਲੀਜ਼ ਹੋਵੇਗੀ। ਅਸੀਂ ਉਮੀਦ ਕਰਦੇ ਹਾਂ ਕਿ ਦੁਨੀਆ ਭਰ ਵਿੱਚ ਲੋਕ ਇਸ ਫਿਲਮ ਦਾ ਆਨੰਦ ਮਾਨਣਗੇ।' ਇਸ ਫਿਲਮ ਵਿੱਚ ਜੇਰਾਰਡ ਬਟਲਰ ਨੇ ਟੌਮ ਹੈਰਿਸ ਦਾ ਕਿਰਦਾਰ ਨਿਭਾਇਆ ਹੈ ਜੋ ਇੱਕ ਖੁਫੀਆ ਸੀਆਈਏ ਏਜੰਟ ਹੈ।

# ਜ਼ੀਨਤ ਅਮਾਨ ਹਾਲ ਦੀ ਘੜੀ ਸਿਨੇਮਾ ਵਿੱਚ ਵਾਪਸੀ ਨਹੀਂ ਕਰੇਗੀ

ਮੁੰਬਈ/ਏ.ਟੀ.ਨਿਊਜ਼ :- ਉੱਘੀ ਅਦਾਕਾਰਾ ਜ਼ੀਨਤ ਅਮਾਨ ਨੇ ਸਪੱਸ਼ਟ ਕੀਤਾ ਹੈ ਕਿ ਸੋਸ਼ਲ ਮੀਡੀਆ 'ਤੇ ਉਸ ਦੀ ਮੌਜੂਦਗੀ 'ਤੇ ਇਹ ਨਾ ਸਮਝਿਆ ਜਾਵੇ ਕਿ ਉਹ ਵੱਡੇ ਪਰਦੇ 'ਤੇ ਵਾਪਸੀ ਕਰੇਗੀ ਪਰ ਉਸ ਨੇ ਨਾਲ ਹੀ ਇਹ ਵੀ ਕਿਹਾ ਕਿ ਉਸ ਨੇ ਫਿਲਮ ਜਗਤ ਲਈ ਦਰਵਾਜ਼ੇ ਹਾਲ ਦੀ ਘੜੀ ਬੰਦ ਨਹੀਂ ਕੀਤੇ। ਜ਼ੀਨਤ ਨੇ ਇੰਸਟਾਗ੍ਰਾਮ 'ਤੇ ਆਪਣੇ 16 ਸਾਲ ਦੀ ਉਮਰ ਵਿੱਚ ਫਿਲਮੀ ਸਫਰ ਦੀ ਸ਼ੁਰੂਆਤ ਕਰਨ ਵੇਲੇ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਉਸ ਨੇ ਤਸਵੀਰ ਦੀ ਕੈਪਸ਼ਨ ਵਿਚ ਲਿਖਿਆ, 'ਇਹ ਅਨੁਮਾਨ ਲਾਏ ਜਾ ਰਹੇ ਹਨ ਕਿ ਮੈਂ ਸੋਸ਼ਲ ਮੀਡੀਆ 'ਤੇ ਤਾਂ ਆਈ ਹਾਂ ਕਿਉਂਕਿ ਮੈਂ ਸਿਨੇਮਾ ਵਿੱਚ ਵਾਪਸੀ ਕਰ ਰਹੀ ਹਾਂ ਪਰ ਮੈਂ ਵੱਖਰੀ ਤਰ੍ਹਾਂ ਦੀ ਹਾਂ ਅਤੇ ਮੈਨੂੰ ਲਗਦਾ ਹੈ ਕਿ ਸੋਸ਼ਲ ਮੀਡੀਆ 'ਤੇ ਅਚਾਨਕ ਆਉਣ ਨਾਲ ਕਈਆਂ ਦੇ ਦੰਦਾਂ ਹੇਠ ਜੀਭ ਆ ਗਈ ਹੈ। ਮੈਂ ਸਿਨੇਮਾ ਵਿੱਚ ਵਾਪਸੀ ਨਹੀਂ ਕਰ ਰਹੀ ਪਰ ਮੈਂ ਇਸ ਲਈ ਦਰਵਾਜ਼ੇ ਵੀ ਬੰਦ ਨਹੀਂ ਕੀਤੇ।' 71 ਸਾਲਾ ਅਦਾਕਾਰਾ ਨੇ ਦੱਸਿਆ ਕਿ ਰਚਨਾਤਮਕਤਾ ਕਦੇ ਵੀ ਸੇਵਾਮੁਕਤ ਨਹੀਂ ਹੁੰਦੀ।



# ਕਰਜ਼ਾ ਚੁੱਕ ਕੇ ਧੀ ਖਿਡਾਈ, ਉਹ ਸੋਨੇ ਦਾ ਤਗਮਾ ਜਿੱਤ ਲਿਆਈ

## ਪਿਉ ਦੀ ਗਹਿਣੇ ਪਈ ਜ਼ਮੀਨ ਛੁਡਾਉਣ ਲਈ ਪਸੀਨਾ ਵਹਾ ਰਹੀ ਹੈ ਖਿਡਾਰਨ ਮੰਜੂ ਰਾਣੀ
## ਫ਼ੌਜ ’ਚੋਂ ਮਿਲਦੀ ਤਨਖ਼ਾਹ ਨਾਲ ਉਤਾਰ ਰਹੀ ਹੈ ਆਪਣੀ ਪੜ੍ਹਾਈ ਲਈ ਚੁੱਕੇ ਕਰਜ਼ੇ ਦੀਆਂ ਕਿਸ਼ਤਾਂ



ਹਰਿਆਣਾ ਦੀ ਹੱਦ ਨਾਲ ਲੱਗਦੇ ਜ਼ਿਲ੍ਹਾ ਮਾਨਸਾ ਦੇ ਪਿੰਡ ਖੈਰਾ ਖੁਰਦ ਦੀ ਮੰਜੂ ਰਾਣੀ ਕੁੜੀਮਾਰਾਂ ਦੇ ਮੂੰਹ ’ਤੇ ਚਪੇੜ ਹੈ। ਜੋ ਘਰ ’ਚ ਕੁੜੀ ਜੰਮਣ ਨੂੰ ਪਾਪ ਸਮਝਦੇ ਨੇ ਉਹ ਮੰਜੂ ਦੇ ਹੌਂਸਲੇ ਨੂੰ ਦੇਖਣਗੇ ਤਾਂ ਕੁੜੀਆਂ ਦੀ ਇੱਜ਼ਤ ਕਰਨਾ ਸਿੱਖ ਜਾਣਗੇ। ਦਰਅਸਲ ਮੰਜੂ ਪੈਦਲ ਚਾਲ ਮੁਕਾਬਿਲਆਂ ’ਚ ਹਿੱਸਾ ਲੈਂਦੀ ਹੈ। ਉਹ ਖੇਡ ਮੁਕਾਬਿਲਆਂ ’ਚੋਂ ਤਾਂ ਜਿੱਤ ਰਹੀ ਹੈ ਪਰ ਮੁਸੀਬਤਾਂ ਨੂੰ ਜਿੱਤਣਾ ਹਾਲੇ ਬਾਕੀ ਹੈ। ਇਸ ਖਿਡਾਰਨ ਨੇ ਨੈਸ਼ਨਲ ਓਪਨ ਰੇਸ ਵਾਕਿੰਗ ਚੈਂਪੀਅਨਿਸ਼ਪ ਵਿੱਚ ਕੌਮੀ ਰਿਕਾਰਡ ਤੋੜ ਕੇ ਸੋਨ ਤਗਮਾ ਜਿੱਤਿਆ ਹੈ। ਇਸ ਜਿੱਤ ਨਾਲ ਉਹ ਏਸ਼ੀਆਈ ਖੇਡਾਂ ਲਈ ਵੀ ਕੁਆਲੀਫਾਈ ਕਰ ਗਈ।

ਵੇਰਿਵਆਂ ਮੁਤਾਬਕ ਖਿਡਾਰਨ ਜਿੱਥੇ ਖੇਡ ਮੈਦਾਨ ’ਚ ਜਿੱਤ ਲਈਪਸੀਨਾ ਵਹਾਉਂਦੀ ਹੈ ਉੱਥੇ ਹੀ ਆਪਣੇ ਮਜਬੂਰ ਪਿਤਾ ਦੇ ਸਿਰ ਚੜ੍ਹਿਆ ਲੱਖਾਂ ਰੁਪਏ ਦਾ ਕਰਜ਼ਾ ਲਾਹੁਣ ਲਈ ਵੀ ਜੁਟੀ ਹੋਈ ਹੈ। ਮੰਜੂ ਰਾਣੀ ਨੂੰ ਫ਼ਿਕਰ ਹੈ ਕਿ ਜੇ ਸਿਰ ’ਚੋਂ ਕਰਜ਼ਾ ਲੱਥ ਜਾਵੇ ਤਾਂ ਉਹ ਗਹਿਣੇ ਪਈ ਤਿੰਨ ਏਕੜ ਜ਼ਮੀਨ ਵੀ ਛੁਡਾ ਸਕਦੀ ਹੈ। ਮੰਜੂ ਰਾਣੀ ਭਾਰਤੀ ਫ਼ੌਜ ’ਚ ਸੇਵਾਵਾਂ ਦੇ ਰਹੀ ਹੈ ਤੇ ਇਸ ਵੇਲੇ ਨੇਪਾਲ ਬਾਰਡਰ ’ਤੇ ਡਿਊਟੀ ਕਰਦੀ ਹੈ। ਉਸਨੇ ਆਪਣੀ ਪੜ੍ਹਾਈ ਲਈ ਜੋ ਕਰਜ਼ਾ ਲਿਆ ਸੀ ਉਹ ਫ਼ੌਜ ’ਚੋਂ ਮਿਲਦੀ ਆਪਣੀ ਤਨਖਾਹ ਨਾਲ ਉਤਾਰ ਰਹੀ ਹੈ। ਚੈਂਪੀਅਨਿਸ਼ਪ ’ਚੋਂ ਜਿੱਤਣ ਮਗਰੋਂ ਜਾਪਦਾ ਸੀ ਕਿ ਬਾਕੀ ਖਿਡਾਰੀਆਂ ਵਾਂਗ ਮੰਜੂ ਰਾਣੀ ਦੀ ਬਾਂਹ ਵੀ ਸਰਕਾਰ ਫੜ੍ਹੇਗੀ ਪਰ ਜਿੱਤ ਦੇ ਕਰੀਬ ਅੱਧੇ ਮਹੀਨੇ ਬਾਅਦ ਤੱਕ ਵੀ ਕਿਸੇ ਨੇ ਸਾਰ ਨਹੀਂ ਲਈ। ਉਂਝ ਜ਼ਿਲ੍ਹੇ ਦੇ ਕੁੱਝ ਵਿਅਕਤੀਆਂ ਨੇ ਉਸਦੀ ਥੋੜ੍ਹੀ ਆਰਿਥਕ ਸਹਾਇਤ ਕੀਤੀ ਜ਼ਰੂਰ ਹੈ ਪਰ ਉਸਦੇ ਅੱਗੇ ਪਹਾੜ੍ਹ ਬਣ ਕੇ ਖੜ੍ਹੇ ਕਰਜ਼ੇ ਅੱਗੇ ਉਹ ਥੋੜ੍ਹੀ ਹੈ।

### ਅਗਲੇ ਮੁਕਾਬਿਲਆਂ ’ਤੇ ਟਿਕੀ ਮੰਜੂ ਦੀ ਟੇਕ

ਮੰਜੂ ਰਾਣੀ ਦੀ ਟੇਕ ਹੁਣ ਏਸ਼ੀਆਈ ਖੇਡਾਂ ’ਤੇ ਟਿਕੀ ਹੋਈ ਹੈ। ਏਸ਼ੀਆਈ ਖੇਡਾਂ ’ਚੋਂ ਜਿੱਤ ਹਾਸਿਲ ਕਰਕੇ ਜਿੱਥੇ ਉਹ ਦੇਸ਼ ਦਾ ਨਾਂਅ ਰੌਸ਼ਨ ਕਰਨ ਦਾ ਸੁਪਨਾ ਰੱਖਦੀ ਹੈ ਉੱਥੇ ਹੀ ਜਿੱਤ ਮਗਰੋਂ ਮਿਲਣ ਵਾਲੇ ਇਨਾਮ ਨਾਲ ਪਿਓ ਸਿਰ ਚੜ੍ਹਿਆ ਕਰਜ਼ ਉਤਾਰਨਾ ਚਾਹੁੰਦੀ ਹੈ। ਉਹ ਜ਼ਿਆਦਾ ਖੁੱਲ੍ਹ ਕੇ ਭਾਵੇਂ ਕੁੱਝ ਨਹੀਂ ਕਹਿੰਦੇ ਪਰ ਸਰਕਾਰੀ ਪੱਖ ਤੋਂ ਢੁੱਕਵੀਂ ਮੱਦਦ ਨਾ ਮਿਲਣ ਕਾਰਨ ਨਿਰਾਸ਼ ਹੈ।

### 2 ਘੰਟੇ 57 ਮਿੰਟ 54 ਸੈਕਿੰਡ ’ਚ ਬਣਾਇਆ ਰਿਕਾਰਡ

ਮੰਜੂ ਰਾਣੀ ਨੇ ਰਾਂਚੀ ਵਿਖੇ ਹੋਈ 10ਵੀਂ ਕੌਮੀ ਵਾਕਿੰਗ ਚੈਂਪੀਅਨਸ਼ਿਪ ਵਿੱਚ 35 ਕਿਲੋਮੀਟਰ ਪੈਦਲ ਤੋਰ ਵਿੱਚ 2 ਘੰਟੇ 57 ਮਿੰਟ 54 ਸੈਂਕਿੰਡ ਸਮੇਂ ਨਾਲ ਨਵਾਂ ਕੌਮੀ ਰਿਕਾਰਡ ਬਣਾ ਕੇ ਸੋਨੇ ਦਾ ਤਮਗ਼ਾ ਜਿੱਤਿਆ ਹੈ। ਇਸ ਜਿੱਤ ਨਾਲ ਮੰਜੂ ਨੇ ਏਸ਼ੀਆਈ ਖੇਡਾਂ ਲਈ ਵੀ ਕੁਆਲੀਫ਼ਾਈ ਕਰ ਲਿਆ। ਮੰਜੂ ਰਾਣੀ ਨੇ ਆਪਣੀ ਇਸ ਜਿੱਤ ਦੇ ਨਾਲ ਜੋ ਕੌਮੀ ਰਿਕਾਰਡ ਬਣਾਇਆ ਹੈ, ਉਸ ’ਚ ਪਿਛਲੇ ਸਾਲ ਰਮਨਦੀਪ ਕੌਰ ਵੱਲੋਂ ਬਣਾਇਆ ਰਿਕਾਰਡ ਤੋੜ ਦਿੱਤਾ। ਰਮਨਦੀਪ ਕੌਰ ਨੇ ਤਿੰਨ ਘੰਟੇ ਚਾਰ ਸੈਂਕਿੰਡ ’ਚ 35 ਕਿਲੋਮੀਟਰ ਪੈਦਲ ਚਾਲ ਪੂਰੀ ਕੀਤੀ ਸੀ।

# ਖਿਡਾਰਨਾਂ ਦੀ ‘ਨਿਲਾਮੀ’ ਲ਼ਫ਼ਜ਼ ਵਰਤਕੇ ਉਨ੍ਹਾਂ ਦਾ ਅਪਮਾਨ ਨਾ ਕਰੋ



ਪ੍ਰਿੰ. ਸਰਵਣ ਸਿੰਘ
+1-905-779-1661







ਕ੍ਰਿਕਟ ਖਿਡਾਰਨਾਂ ਨਾਲ ‘ਨਿਲਾਮੀ’, ‘ਬੋਲੀ’, ‘ਖਰੀਦਣਾ’, ‘ਵਿਕਣਾ’ ਵਰਗੇ ਲ਼ਫ਼ਜ਼ ਵਰਤਣਾ ਉਨ੍ਹਾਂ ਨੂੰ ‘ਮੰਡੀ ਦਾ ਮਾਲ’ ਬਣਾਉਣਾ ਨਹੀਂ ਤਾਂ ਹੋਰ ਕੀ ਹੈ? ਖੇਡਾਂ ਮਨੁੱਖੀ ਜੁੱਸੇ ਦੀਆਂ ਖ਼ੂਬਸੂਰਤ ਸਰਗਰਮੀਆਂ ਹਨ। ਇਹ ਮਨੁੱਖੀ ਸਰੀਰਕ ਸਮਰੱਥਾ ਦੇ ਜਲਵਿਆਂ ਨਾਲ ਮਨੁੱਖਤਾ ਦੀ ਮਾਨਸਿਕ ਤੇ ਰੂਹਾਨੀ ਤ੍ਰਿਪਤੀ ਦਾ ਸਾਧਨ ਬਣਦੀਆਂ ਹਨ। ਪਰ ਪੈਸੇ ਨੇ ਮਨੁੱਖੀ ਸ਼ਕਤੀ ਦੀਆਂ ਬੁਲੰਦੀਆਂ ਸਿੱਕਿਆਂ ਦੇ ਢੇਰਾਂ ਮੂਹਰੇ ਬੌਣੀਆਂ ਬਣਾ ਧਰੀਆਂ ਹਨ। ਹੁਣ ਖਿਡਾਰੀਆਂ ਦੀਆਂ ਡੋਰਾਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਹੱਥਾਂ ਵਿੱਚ ਹਨ। ਖੇਡਾਂ ਦੀ ਮੁਕਤੀ ਆਖ਼ਰ ਦੇਸੀ-ਵਿਦੇਸ਼ੀ ਬਹੁਕੌਮੀ ਕੰਪਨੀਆਂ ਤੇ ਘਰਾਣਿਆਂ ਦੀ ਚੌਧਰ ਦੇ ਖ਼ਾਤਮੇ ਨਾਲ ਹੀ ਹੋਣੀ ਹੈ। ਖਿਡਾਰਨਾਂ ਨੂੰ ਮੰਡੀ ਦਾ ਮਾਲ ਬਣਾਉਣ ਵਾਲੀ ਭਾਸ਼ਾ ਵੇਖੋ : ਭਾਰਤੀ ਕ੍ਰਿਕਟ ਟੀਮ ਦੀ ਉਪ ਕਪਤਾਨ ਸਮ੍ਰਿਤੀ ਮੰਧਾਨਾ ਸਭ ਤੋਂ ਮਹਿੰਗੀ ਵਿਕੀ, ਉਸ ਨੂੰ ਰਾਇਲ ਬੰਗਲੌਰ ਚੈਲੰਜਰ ਨੇ ਖਰੀਦਿਆ। ਪਲੇਠੀ ਮਹਿਲਾ ਪ੍ਰੀਮੀਅਰ (ਡਬਲਿਊ.ਪੀ.ਐੱਲ.) ਦੀ ਨਿਲਾਮੀ ਵਿਚ ਉਸ ਦੀ ਬੋਲੀ 3.40 ਕਰੋੜ ਦੀ ਲੱਗੀ। ਭਾਰਤੀ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ 1.80 ਲੱਖ ’ਚ ਵਿਕੀ, ਜਦਕਿ ਚਾਰ ਮੁਲਕਾਂ ਦੀਆਂ ਕ੍ਰਿਕਟ ਕਪਤਾਨਾਂ ਨੂੰ ਕੋਈ ਗਾਹਕ ਹੀ ਨਹੀਂ ਮਿਲਿਆ। ਐਸਲੇ ਗਾਰਡਨਰ ਦੀ ਬੋਲੀ 3.20 ਕਰੋੜ ’ਤੇ ਟੁੱਟੀ। ਨਤਾਲੀ ਸਕੀਵਰ ਵੀ 3.20 ਕਰੋੜ ’ਚ ਨਿਲਾਮ ਹੋਈ। ਦੀਪਤੀ ਸ਼ਰਮਾ 2.60 ਕਰੋੜ ’ਚ ਯੂ.ਪੀ. ਵਾਰੀਅਰਜ਼ ਨੇ ਖਰੀਦੀ। ਜੈਮਿਮਾ ਰੋਡਰਿਗਜ਼ ਦਾ ਦਿੱਲੀ ਕੈਪੀਟਲਜ਼ ਨੇ 2.20 ਕਰੋੜ ਮੁੱਲ ਪਾਇਆ। ਬੈਥ ਮੂਨੀ ਗੁਜਰਾਤ ਜਾਇੰਟਸ ਨੇ 2 ਕਰੋੜ ’ਚ ਖਰੀਦੀ। ਐਲਿਸ ਪੈਰੀ ਦੀ ਬੋਲੀ 1.7 ਕਰੋੜ ਪਈ। ਕੁੱਲ 20 ਖਿਡਾਰਨਾਂ ਦੀ ਨਿਲਾਮੀ ਕਰੋੜ ਰੁਪਏ ਤੋਂ ਉਪਰ ਗਈ। ਕੁਝ ਲੱਖਾਂ ’ਚ ਤੇ ਕੁਝ ਹਜ਼ਾਰਾਂ ’ਚ ਸਸਤੀਆਂ ਵਿਕੀਆਂ। ਕਈਆਂ ਵਿਚਾਰੀਆਂ ਨੂੰ ਕੋਈ ਗਾਹਕ ਹੀ ਨਹੀਂ ਮਿਲਿਆ।

ਹੈਰਾਨੀ ਦੀ ਗੱਲ ਹੈ ਕਿ ਅਜਿਹੇ ਲ਼ਫ਼ਜ਼ ਵਰਤੇ ਜਾਣ ’ਤੇ ਨਾ ਖਿਡਾਰੀਆਂ ਨੂੰ ਕੋਈ ਉਜ਼ਰ ਹੈ ਤੇ ਨਾ ਖਿਡਾਰਨਾਂ ਨੂੰ। ਖਿਡਾਰੀਆਂ ਨੂੰ ਸਖ਼ਤ ਇਤਰਾਜ਼ ਹੋਣਾ ਚਾਹੀਦੈ ਕਿ ਉਨ੍ਹਾਂ ਨੂੰ ‘ਵਿਕੇ’ ਜਾਂ ‘ਖਰੀਦੇ’ ਕਿਉਂ ਕਿਹਾ ਜਾ ਰਿਹੈ? ਮਾਣ ਸਨਮਾਨ ਨਾਲ ਟੀਮਾਂ ’ਚ ਪਾਏ ਕਿਉਂ ਨਹੀਂ ਕਹਿੰਦੇ? ਇਸ ਦੇ ਉਲਟ ਸਭ ਤੋਂ ਮਹਿੰਗੀ ਵਿਕਣ ਵਾਲੀ ਸਮ੍ਰਿਤੀ ਮੰਧਾਨਾ ਨੇ ਬਿਆਨ ਦੇ ਦਿੱਤਾ, ‘ਅੱਗੇ ਅਸੀਂ ਆਈ.ਪੀ.ਐੱਲ. ’ਚ ਪੁਰਸ਼ ਖਿਡਾਰੀਆਂ ਦੀ ਨਿਲਾਮੀ ਦੇਖਦੇ ਰਹੇ ਹਾਂ। ਹੁਣ ਖਿਡਾਰਨਾਂ ਲਈ ਇਸ ਤਰ੍ਹਾਂ ਦੀ ਨਿਲਾਮੀ ਹੋਣਾ ਸਾਡੇ ਲਈ ਵੀ ‘ਵੱਡਾ ਦਿਨ’ ਹੈ।’

ਖਿਡਾਰੀਆਂ ਨੂੰ ਪੈਸਿਆਂ ਦੇ ਲਾਲਚਵੱਸ ਕੋਈ ਇਤਰਾਜ਼ ਹੋਵੇ ਜਾਂ ਨਾ ਹੋਵੇ ਪਰ ਬਤੌਰ ਖੇਡ ਲੇਖਕ ਮੈਨੂੰ ਖੇਡਾਂ ਖਿਡਾਰੀਆਂ ਨਾਲ ਜੋੜੇ ਜਾ ਰਹੇ ਮੰਡੀ ਦੇ ਮਾਲ ਵਾਂਗ ਨਿਲਾਮੀ, ਬੋਲੀ, ਖਰੀਦਣ ਤੇ ਵਿਕਣ ਵਰਗੇ ਸ਼ਬਦ ਵਰਤਣ ’ਤੇ ਸਖ਼ਤ ਇਤਰਾਜ਼ ਹੈ। ਖੇਡ ਮੈਦਾਨਾਂ ਦੇ ਜੁਝਾਰੂਆਂ ਨੂੰ ਇਹ ਸ਼ਬਦ ਅਪਮਾਨਿਤ ਕਰਨ ਵਾਲੇ ਹਨ ਜੋ ਸ਼ੋਭਾ ਨਹੀਂ ਦਿੰਦੇ। ਇਉਂ ਤਾਂ ਕੱਲ੍ਹ ਨੂੰ ਖੇਡ ਲੇਖਕਾਂ, ਪੱਤਰਕਾਰਾਂ, ਸੰਪਾਦਕਾਂ ਯਾਨੀ ਹਰ ਤਰ੍ਹਾਂ ਦੇ ਮੀਡੀਆਕਾਰਾਂ ਨਾਲ ਵੀ ਨਿਲਾਮ ਹੋਣ, ਖਰੀਦਣ ਤੇ ਵਿਕਣ ਦੇ ਵਿਸ਼ੇਸ਼ਣ ਲੱਗਣ ਲੱਗ ਪੈਣਗੇ। ਬੇਸ਼ੱਕ ਅਸਲੀਅਤ ਇਹੋ ਹੈ ਕਿ ਪੂੰਜੀਵਾਦੀ ਯੁੱਗ ਵਿਚ ਖੇਡਾਂ ਦੇ ਵਪਾਰੀਕਰਨ ਦਾ ਸਿਲਸਿਲਾ ਪੂਰੀ ਦੁਨੀਆ ’ਚ ਚੱਲ ਚੁੱਕਾ ਹੈ। ਕਿਸੇ ਖੇਡ ਦੀ ਵਿਕਰੀ, ਉਸ ਦੇ ਦਰਸ਼ਕਾਂ ਦੀ ਗਿਣਤੀ ਤੈਅ ਕਰਦੀ ਹੈ ਕਿ ਉਹ ਖੇਡ-ਕੰਪਨੀਆਂ ਲਈ ਕਿੰਨੇ ਕੁ ਮੁਨਾਫ਼ੇ ਦਾ ਜ਼ਰੀਆ ਹੋ ਸਕਦੀ ਹੈ। ਭਾਰਤ ਵਿੱਚ ਕ੍ਰਿਕਟ ਦੀ ਖੇਡ ਇਸ ਦੀ ਸਭ ਤੋਂ ਵੱਧ ਸ਼ਿਕਾਰ ਹੈ। ਇਹ ਉਹੀ ਵਰਤਾਰਾ ਹੈ ਜਿਹੜਾ ਕਬੱਡੀ ਤੇ ਪੰਜਾਬੀ ਗਾਇਕੀ ਵਿੱਚ ਚੱਲ ਰਿਹੈ ਜੋ ਮੁਨਾਫ਼ੇਖ਼ੋਰ ਕਾਰੋਬਾਰਾਂ ਲਈ ਲੁਭਾਉਣੀ ਥਾਂ ਬਣਿਆ ਹੋਇਆ ਹੈ।

ਨੋਟ : 1912 ਦੀਆਂ ਓਲੰਪਿਕ ਖੇਡਾਂ ਸਮੇਂ ਮਹਾਨ ਅਥਲੀਟ ਜਿਮ ਥੋਰਪੇ ਅਮਰੀਕਾ ਦੀ ਅਥਲੈਟਿਕਸ ਟੀਮ ਵਿੱਚ ਚੁਣਿਆ ਗਿਆ। ਉਹ ਏਨਾ ਤਕੜਾ ਸੀ ਕਿ ਖੇਡ ਅਧਿਕਾਰੀਆਂ ਨੂੰ ਨਿਰਣਾ ਕਰਨਾ ਔਖਾ ਸੀ ਕਿ ਉਸ ਨੂੰ ਕਿਹੜੇ-ਕਿਹੜੇ ਮੁਕਾਬਲੇ ’ਚ ਪਾਉਣ? ਅਖ਼ੀਰ ਅਜਿਹੇ ਦੋ ਈਵੈਂਟਾਂ ਵਿੱਚ ਪਾ ਲੈਣ ਦਾ ਫੈਸਲਾ ਲਿਆ, ਜੋ ਸਭ ਤੋਂ ਔਖੇ ਸਨ। ਜਿਮ ਥੋਰਪੇ ਨੇ ਪਟੈਂਥਲਨ ਤੇ ਡਕੈਥਲਨ ਦੋਹਾਂ ਵਿਚੋਂ ਹੀ ਸੋਨ ਤਮਗ਼ੇ ਜਿੱਤ ਲਏ। ਸਵੀਡਨ ਦੇ ਬਾਦਸ਼ਾਹ ਨੇ ਉਸ ਨੂੰ ਸਨਮਾਨ ਦਿੰਦਿਆਂ ਕਿਹਾ, ‘ਸ੍ਰੀਮਾਨ ਜੀ, ਤੁਸੀਂ ਦੁਨੀਆ ਦੇ ਮਹਾਨਤਮ ਅਥਲੀਟ ਹੋ।’

ਅਜੇ 6 ਮਹੀਨੇ ਵੀ ਨਹੀਂ ਸਨ ਗੁਜ਼ਰੇ ਕਿ ਜਿਮ ਥੋਰਪੇ ’ਤੇ ਪੇਸ਼ਾਵਰ ਖਿਡਾਰੀ ਹੋਣ ਦਾ ਦੋਸ਼ ਲੱਗ ਗਿਆ। ਕਿਸੇ ਨੇ ਭੇਤ ਖੋਲ੍ਹ ਦਿੱਤਾ ਕਿ ਉਸ ਨੇ ਪੈਸੇ ਲੈ ਕੇ ਬੇਸਬਾਲ ਦੇ ਕੁਝ ਮੈਚ ਖੇਡੇ ਸਨ। ਇੰਜ ਉਹ ਪੇਸ਼ਾਵਰ ਖਿਡਾਰੀ ਬਣ ਗਿਆ ਸੀ। ਓਲੰਪਿਕ ਖੇਡਾਂ ਦਾ ਨਿਯਮ ਹੈ ਕਿ ਸ਼ੌਕੀਆ ਖਿਡਾਰੀ ਹੀ ਓਲੰਪਿਕ ਖੇਡਾਂ ਵਿਚ ਭਾਗ ਲੈ ਸਕਦੇ ਹਨ। ਪੈਸਿਆਂ ਬਦਲੇ ਖੇਡਣ ਵਾਲੇ ਖਿਡਾਰੀ ਓਲੰਪਿਕ ਖੇਡਾਂ ’ਚ ਭਾਗ ਨਹੀਂ ਲੈ ਸਕਦੇ। ਅੱਜ-ਕੱਲ੍ਹ ਇਹ ਗੱਲ ਅਜੀਬ ਲੱਗ ਸਕਦੀ ਹੈ ਪਰ ਉਸ ਵੇਲੇ ਦੀ ਕੌਮਾਂਤਰੀ ਓਲੰਪਿਕ ਕਮੇਟੀ ਨੇ ਜਿਮ ਥੋਰਪੇ ਦੇ ਜਿੱਤੇ ਤਮਗ਼ੇ ਵਾਪਸ ਲੈ ਲਏ ਸਨ ਅਤੇ ਓਲੰਪਿਕ ਖੇਡਾਂ ਦੇ ਨਤੀਜਿਆਂ ਤੇ ਰਿਕਾਰਡਾਂ ਵਿਚੋਂ ਉਸ ਦਾ ਨਾਂ ਮਿਟਾ ਦਿੱਤਾ ਸੀ। ਆਖ਼ਰ ਉਹ ਦਿਨ ਵੀ ਆਏ ਜਦੋਂ 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਸਟਾਕਹੋਮ ਓਲੰਪਿਕਸ ਦੇ ਹੀਰੋ ਨੂੰ ਆਪਣੇ ਹੀ ਮੁਲਕ ’ਚ ਹੋ ਰਹੀਆਂ ਓਲੰਪਿਕ ਖੇਡਾਂ ਵੇਖਣੋਂ ਆਤੁਰ ਵੇਖਿਆ ਗਿਆ। ਉਹ ਪਾਟੇ ਪੁਰਾਣੇ ਕੱਪੜਿਆਂ ਵਿੱਚ ਗੇਟ ਮੂਹਰੇ ਖੜ੍ਹਾ ਸੀ ਤੇ ਉਸ ਦੇ ਕੋਲ ਟਿਕਟ ਲੈ ਕੇ ਅੰਦਰ ਜਾਣ ਜੋਗੇ ਪੈਸੇ ਨਹੀਂ ਸਨ।

ਇਹ ਵੱਖਰੀ ਗੱਲ ਹੈ ਕਿ ਮਰਨ ਉਪਰੰਤ ਉਸ ਦੇ ਤਮਗ਼ੇ ਉਸ ਦੇ ਵਾਰਸਾਂ ਨੂੰ ਮੋੜ ਦਿੱਤੇ ਗਏ ਤੇ ਉਸ ਦਾ ਮਾਣ-ਸਨਮਾਨ ਬਹਾਲ ਕਰ ਦਿੱਤਾ ਗਿਆ।

## ਅਜਨਾਲਾ ਹਿੰਸਾ ਬਾਰੇ ਕੇਂਦਰ ਵੱਲੋਂ

ਕਰ ਕੇ ਜੇਲ੍ਹ ਭੇਜ ਦਿੱਤਾ ਸੀ। ਵਰਿੰਦਰ ਦੀ ਸ਼ਿਕਾਇਤ 'ਤੇ ਅਜਨਾਲਾ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀਆਂ ਖ਼ਿਲਾਫ਼ ਕੁੱਟਮਾਰ ਤੇ ਲੁੱਟਖੋਹ ਦਾ ਪਰਚਾ ਦਰਜ ਕੀਤਾ ਸੀ। ਇਸ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਵਹੀਰ ਸਮੇਤ ਆਪਣੇ ਸਾਥੀਆਂ ਦੇ ਨਾਲ ਅਜਨਾਲਾ ਥਾਣੇ ਪੁੱਜਾ ਸੀ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਜਥੇ ਤੇ ਪੁਲਿਸ ਵਿਚਾਲੇ ਹੋਈ ਝੜਪ ਵਿੱਚ ਪੰਜ ਪੁਲਿਸ ਮੁਲਾਜ਼ਮ ਤੇ ਵੀਹ ਸਿੱਖ ਨੂੰ ਜ਼ਖਮੀ ਹੋਏ ਸਨ। ਲਵਪ੍ਰੀਤ ਸਿੰਘ ਤੂਫਾਨ ਨੂੰ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿੱਚ ਬਣੀ ਸਹਿਮਤੀ ਅਤੇ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਜਸਕਰਨ ਸਿੰਘ ਨੇ ਦੱਸਿਆ, 'ਇਨ੍ਹਾਂ ਲੋਕਾਂ ਨੇ ਪੁਲਿਸ ਨੂੰ ਲੋੜੀਂਦੇ ਸਬੂਤ ਦੇ ਦਿੱਤੇ ਹਨ ਕਿ ਗ੍ਰਿਫ਼ਤਾਰ ਵਿਅਕਤੀ ਲਵਪ੍ਰੀਤ ਸਿੰਘ ਉੱਥੇ ਮੌਜੂਦ ਨਹੀਂ ਸਨ। ਜਿਸ ਦੇ ਆਧਾਰ ਉਪਰ ਉਸ ਨੂੰ ਛੱਡ ਦਿੱਤਾ ਗਿਆ ਹੈ।ਉਨ੍ਹਾਂ ਨੇ ਕਿਹਾ, 'ਇਸ ਪੂਰੇ ਮਾਮਲੇ ਦੀ ਜਾਂਚ ਐੱਸਆਈਟੀ ਦਾ ਗਠਨ ਕੀਤਾ ਗਿਆ ਹੈ।'

ਹੁਣ ਪੰਜਾਬ ਪੁਲਿਸ ਉਪਰ ਸਵਾਲ ਉੱਠ ਰਹੇ ਹਨ ਕਿ ਆਖਿਰ ਪੁਲਿਸ ਨੇ ਬਗੈਰ ਕਿਸੇ ਜਾਂਚ ਦੇ ਅੰਮ੍ਰਿਤਪਾਲ ਸਿੰਘ ਦੇ ਸਾਥੀ ਖਿਲਾਫ ਪਰਚਾ ਦਰਜ ਕਿਉਂ ਕੀਤਾ।

ਗੋਦੀ ਮੀਡੀਆ ਇਸ ਘਟਨਾ ਨੂੰ ਲੈ ਕੇ ਪੰਜਾਬ ਨੂੰ ਹਿੰਸਕ ਸਟੇਟ ਦਰਸਾ ਰਿਹਾ ਹੈ ਜਦਕਿ ਇਹ ਪੁਲਿਸ ਦੇ ਨਿਘਾਰ ਕਾਰਨ ਇਹ ਵਾਪਰਿਆ। ਜੇ ਪੁਲਿਸ ਇਹ ਮਾਮਲਾ ਜਾਂਚ ਕਰਨ ਤੋਂ ਬਾਅਦ ਦਰਜ ਕਰਦੀ ਤੇ ਅਜਨਾਲੇ ਤੋਂ ਬਾਹਰ ਹੱਲ ਕਰ ਦਿੰਦੀ ਤਾਂ ਇਹ ਘਟਨਾ ਨਹੀਂ ਸੀ ਵਾਪਰਨੀ। ਹਰਿਆਣੇ ਦੇ ਨੂਹ ਜ਼ਿਲ੍ਹੇ ਵਿੱਚ ਹੁਣੇ ਜਿਹੇ ਦੋ ਮੁਸਲਮਾਨਾਂ ਜੁਨੈਦ ਅਤੇ ਨਾਸਿਰ ਦਾ ਕਤਲ ਹੋਇਆ ਸੀ। ਖਾਪ ਪੰਚਾਇਤਾਂ ਨੇ ਧਮਕੀ ਦਿਤੀ ਸੀ ਕਿ ਦੋਸ਼ੀ ਗ੍ਰਿਫਤਾਰ ਨਹੀਂ ਹੋਣ ਦਿੱਤੇ ਜਾਣਗੇ। ਅਜੇ ਤੱਕ ਇਕ ਦੋਸ਼ੀ ਗ੍ਰਿਫਤਾਰ ਹੋਇਆ ਹੈ। ਉਥੇ ਖਾਪ ਪੰਚਾਇਤਾਂ ਦਾ ਕਾਨੂੰਨ ਵਿੱਚ ਅੜਿੱਕਾ ਬਣਨ ਕਾਰਨ ਤੇ ਮੁਸਲਮਾਨਾਂ ਨੂੰ ਮਾਰਨ ਦੀਆਂ ਧਮਕੀਆਂ ਦੇਣ ਕਾਰਨ ਦਹਿਸ਼ਤ ਦਾ ਮਾਹੌਲ ਹੈ ਪਰ ਦੇਸ਼ ਦਾ ਮੀਡੀਆ ਚੁੱਪ ਹੈ ਅਤੇ ਉਸਦੀ ਨਜ਼ਰ ਵਿੱਚ ਹਰਿਆਣਾ ਇਸ ਘਟਨਾ ਦੇ ਬਾਵਜੂਦ ਸ਼ਾਂਤੀ ਵਾਲਾ ਸੂਬਾ ਹੈ।

***

## ਐਸ. ਆਈ. ਟੀ. ਵੱਲੋਂ ਬਾਦਲ ਅਤੇ ਸੁਖਬੀਰ

ਐਸ.ਐਸ.ਪੀ. ਹਰਜੀਤ ਸਿੰਘ ਨੇ ਪੁਸ਼ਟੀ ਕਰਦੇ ਹੋਏ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਸਿੱਟ ਵਲੋਂ ਅਦਾਲਤ 'ਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਸਮੇਤ 8 ਵਿਅਕਤੀਆਂ ਖ਼ਿਲਾਫ਼ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਜਾਂਚ ਟੀਮ ਵਲੋਂ ਇਸ ਮਾਮਲੇ 'ਚ ਹੋਰ ਵੀ ਚਲਾਨ ਦਿੱਤੇ ਜਾਣ ਦੀ ਸੰਭਾਵਨਾ ਹੈ।

ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿੱਚ ਹੇਠਲੇ ਪੁਲਿਸ ਮੁਲਾਜ਼ਮਾਂ ਦੇ ਹਿਤ ਵੀ ਸੁਰੱਖਿਅਤ ਰੱਖੇ ਹਨ। ਸੂਤਰਾਂ ਅਨੁਸਾਰ ਕਾਨੂੰਨੀ ਰਿਪੋਰਟਾਂ ਅਨੁਸਾਰ ਉਨ੍ਹਾਂ ਨੂੰ ਆਈ.ਪੀ.ਸੀ. ਦੀ ਧਾਰਾ 176 ਤਹਿਤ ਸੁਰੱਖਿਅਤ ਕੀਤਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਸਿੱਟ ਦੇ ਮੁਖੀ ਐਲ.ਕੇ. ਯਾਦਵ ਏ.ਡੀ.ਜੀ.ਪੀ. ਪੰਜਾਬ ਨੇ ਵੀ ਕੀਤੀ ਹੈ।

ਸਾਡੇ ਵਿਰੁਧ ਸਾਜਿਸ਼ : ਸੁਖਬੀਰ

ਇਸ ਚਾਰਜਸ਼ੀਟ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਸਭ ਕੁਝ ਇੱਕ ਸਾਜ਼ਿਸ਼ ਦੇ ਤਹਿਤ ਕੀਤਾ ਗਿਆ ਹੈ। ਬੀਤੇ ਸੱਤ ਸਾਲਾਂ ਤੋਂ ਇਨ੍ਹਾਂ ਦਾ ਇੱਕ ਹੀ ਮਕਸਦ ਰਿਹਾ ਹੈ ਕਿ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਜਾਵੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਿਸ ਸਮੇਂ ਇਹ ਘਟਨਾ ਵਾਪਰੀ ਸੀ ਉਹ ਚੰਡੀਗੜ੍ਹ ਨਹੀਂ ਸਨ, ਉਨ੍ਹਾਂ ਨੇ ਚੈਲੰਜ ਕੀਤਾ ਕਿ ਕੋਈ ਵੀ ਇਹ ਸਾਬਤ ਕਰ ਦੇਵੇ ਕਿ ਮੇਰੀ ਇਸ ਮਾਮਲੇ 'ਚ ਸ਼ਮੂਲੀਅਤ ਸੀ ਮੇਰੀ ਕਿਸੇ ਵੀ ਨਾਲ ਮੋਬਾਇਲ 'ਤੇ ਗੱਲ ਹੋਈ ਹੋਵੇ ਮੈਂ ਤਾਂ ਪੰਜਾਬ ਤੋਂ ਬਾਹਰ ਸੀ, ਉਨ੍ਹਾਂ ਕਿਹਾ ਕਿ ਝੂਠ ਤਾਂ ਝੂਠ ਹੀ ਹੁੰਦਾ ਹੈ ਸਾਨੂੰ ਕੋਈ ਪ੍ਰਵਾਹ ਨਹੀਂ ।ਸੁਖਬੀਰ ਬਾਦਲ ਨੇ ਇਸ ਕਾਰਵਾਈ ਨੂੰ ਰਾਜਨੀਤਕ ਦੱਸਿਆ ਹੈ। ਜ਼ਿਕਰਯੋਗ ਹੈ ਕਿ ਸਾਲ 2015 ਵਿੱਚ ਫਰੀਦਕੋਟ ਨੇ ਬੁਰਜ ਜਵਾਹਰ ਸਿੰਘ ਵਾਲਾ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਏ ਸਨ ਅਤੇ ਕਈ ਮਹੀਨਿਆਂ ਬਾਅਦ ਅੰਗ ਨਜ਼ਦੀਕੀ ਪਿੰਡ ਬਰਗਾੜੀ ਤੋਂ ਬਰਾਮਦ ਹੋਏ ਸਨ। ਜਿਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਕਰ ਰਹੇ ਪ੍ਰਦਰਸ਼ਨਕਾਰੀਆਂ ਦੇ ਉੱਪਰ ਪੁਲਿਸ ਦੇ ਵੱਲੋਂ ਪਿੰਡ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਖੇ ਗੋਲੀ ਚਲਾਈ ਗਈ ਸੀ।

ਬਹਿਬਲ ਕਲਾਂ ਗੋਲੀਕਾਂਡ ਦੇ ਵਿੱਚ ਦੋ ਪ੍ਰਦਰਸ਼ਨਕਾਰੀਆਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਕੋਟਕਪੂਰਾ ਵਿਖੇ ਗੋਲੀ ਦੀ ਘਟਨਾ ਲਈ ਏ ਡੀ ਜੀ ਪੀ ਐੱਲ ਕੇ ਯਾਦਵ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ ਜਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਗਈ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਦਿਆਂ ਕਿਹਾ ਕਿਹਾ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਅਤੇ ਸਾਜ਼ਿਸ਼ ਰਚਣ ਵਾਲਿਆਂ ਦੇ ਚਿਹਰੇ ਬੇਨਕਾਬ ਹੋਏ ਹਨ। ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਸਕੂਨ ਮਿਲੇਗਾ ।ਅਸੀਂ ਇਨਸਾਫ ਦਿਵਾਉਣ ਦੇ ਵਾਅਦੇ 'ਤੇ ਕਾਇਮ ਹਾਂ। ਮੰਤਰੀ ਜਾਂ ਸੰਤਰੀ ਕਾਨੂੰਨ ਸਭ ਲਈ ਇੱਕ ਹੈ। ਸੱਚ ਕਦੇ ਛੁਪਦਾ ਨਹੀਂ।

***

## ਬਰਗਾੜੀ ਬੇਅਦਬੀ ਮਾਮਲੇ ਦੀ ਸੁਣਵਾਈ

ਹਰੀ ਨੌਂਹ ਸਥਿਤ ਦੁਕਾਨ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪ੍ਰਦੀਪ ਬੇਅਦਬੀ ਦੇ ਦੋ ਮਾਮਲਿਆਂ ਵਿੱਚ ਦੋਸ਼ੀ ਸੀ ਅਤੇ 3 ਅਗਸਤ, 2021 ਨੂੰ ਉਸ ਨੂੰ ਜ਼ਮਾਨਤ ਮਿਲੀ ਸੀ। ਮਹਿੰਦਰਪਾਲ ਬਿੱਟੂ ਦੀ ਵੀ ਕੁਝ ਸਮੇਂ ਪਹਿਲਾਂ ਨਾਭਾ ਜੇਲ੍ਹ 'ਚ ਹੱਤਿਆ ਕਰ ਦਿੱਤੀ ਗਈ ਸੀ। ਸੁਪਰੀਮ ਕੋਰਟ ਦੀ ਜਸਟਿਸ ਅਨੁਰਾਧਾ ਬੋਸ ਅਤੇ ਸੁਧਾਂਸ਼ੂ ਧੂਲੀਆ ਦੀ ਬੈਂਚ ਨੇ ਬੇਅਦਬੀ ਨਾਲ ਸਬੰਧਤ ਮਾਮਲਿਆਂ ਦੀ ਪੰਜਾਬ ਤੋਂ ਬਾਹਰ ਸੁਣਵਾਈ ਕਰਨ ਦਾ ਆਦੇਸ਼ ਦਿੱਤਾ। ਤਿੰਨੋਂ ਘਟਨਾਵਾਂ ਵਿਚ ਚਾਰਜਸ਼ੀਟ ਡੇਰਾ ਸੱਚਾ ਸੌਦਾ ਦੇ ਸਮਰਥਕਾਂ ਨੇ ਆਪਣੀ ਜਾਨ ਦਾ ਖ਼ਤਰਾ ਦੱਸਦਿਆਂ ਸੁਪਰੀਮ ਕੋਰਟ 'ਚ ਪਹੁੰਚ ਕੀਤੀ ਸੀ। ਸਰਬਉੱਚ ਅਦਾਲਤ ਨੇ ਇਸ ਪਟੀਸ਼ਨ 'ਤੇ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਸੀ। ਸੁਪਰੀਮ ਕੋਰਟ ਵਿਚ ਉਕਤ ਪਟੀਸ਼ਨਾਂ ਡੇਰਾ ਸਮਰਥਕਾਂ ਸੁਖਜਿੰਦਰ ਸਿੰਘ ਸੰਨੀ, ਸ਼ਕਤੀ ਸਿੰਘ, ਰਣਜੀਤ ਸਿੰਘ ਭੋਲਾ, ਨਿਸ਼ਾਨ ਸਿੰਘ ਅਤੇ ਬਲਜੀਤ ਸਿੰਘ ਨੇ ਪਿਛਲੇ ਸਾਲ ਦਸੰਬਰ ਮਹੀਨੇ ਵਿੱਚ ਦਾਇਰ ਕੀਤੀਆਂ ਸਨ। ਪਟੀਸ਼ਨਕਰਤਾਵਾਂ ਨੇ ਖੁਦ ਨੂੰ ਮਿਲ ਰਹੀਆਂ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਾ ਹਵਾਲਾ ਦਿੰਦਿਆਂ ਛੇਤੀ ਹੀ ਇਸ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ ਸੀ।

***

## ਸਿਸੋਦੀਆ ਤੇ ਸਤੇਂਦਰ ਜੈਨ

ਬੇਟੇ ਦੀ ਹੋਈ ਪੁੱਛਗਿੱਛ ਤੇ ਗ੍ਰਿਫ਼ਤਾਰੀ ਦੌਰਾਨ ਪੰਜਾਬ ਵਿਚਲੇ ਸ਼ਰਾਬ ਦੇ ਕਾਰੋਬਾਰੀਆਂ ਨਾਲ ਸਰਕਾਰ ਦੇ ਲੈਣ ਦੇਣ ਸਬੰਧੀ ਕਾਫ਼ੀ ਕੁਝ ਸਾਹਮਣੇ ਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਜੋ ਪਿਛਲੇ ਕੁਝ ਦਿਨਾਂ ਤੋਂ ਦਿੱਲੀ ਵਿਖੇ ਹੀ ਡੇਰੇ ਲਾਈ ਬੈਠੇ ਹਨ ਵਲੋਂ ਪੈਦਾ ਹੋ ਰਹੀ ਇਸ ਸਥਿਤੀ ਸਬੰਧੀ ਪਾਰਟੀ ਸੁਪਰੀਮੋ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਸਿਸੋਦੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸਰਕਾਰ ਡਰੀ ਹੋਈ ਹੈ।ਆਉਂਦੇ ਸਮੇਂ ਵਿੱਚ ਮਨੀਸ਼ ਸਿਸੋਦੀਆ ਅਤੇ ਸਮੇਂ-ਸਮੇਂ ਭ੍ਰਿਸ਼ਟਾਚਾਰ ਦੇ ਆਧਾਰ 'ਤੇ ਜੇਲ੍ਹ ਵਿੱਚ ਡੱਕੇ ਗਏ ਆਮ ਆਦਮੀ ਪਾਰਟੀ ਦੇ ਹੋਰ ਆਗੂ ਆਪਣੀ ਸਾਖ਼ ਨੂੰ ਕਿਵੇਂ ਬਚਾ ਸਕਣਗੇ, ਪਾਰਟੀ ਅੱਗੇ ਅੱਜ ਇਹ ਇਕ ਵੱਡਾ ਸਵਾਲ ਆ ਖੜ੍ਹਾ ਹੋਇਆ ਹੈ।

***

## ਰਾਜਪਾਲ ਵੱਲੋਂ 3 ਮਾਰਚ ਤੋਂ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ

ਜਾਣਾ ਹੁੰਦਾ ਹੈ। ਸੁਪਰੀਮ ਕੋਰਟ ਨੇ ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੇ ਟਕਰਾਅ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਸੰਵਿਧਾਨਿਕ ਅਥਾਰਟੀਜ਼ ਨੂੰ ਅਧਿਕਾਰਤ ਸੰਚਾਰ ਵਿਚ ਇੱਕ ਖ਼ਾਸ ਪੱਧਰ ਦਾ ਸੰਚਾਰ ਕਾਇਮ ਰੱਖਣਾ ਪੈਂਦਾ ਹੈ। ਅਜਿਹੇ ਬਿਆਨ ਨਹੀਂ ਹੋ ਸਕਦੇ ਕਿ ਤੁਸੀਂ ਕੌਣ ਹੋ ? ਜਾਂ ਫਿਰ ਕੇਂਦਰ ਤੁਹਾਨੂੰ ਕਿਵੇਂ ਚੁਣਦਾ ਹੈ।' ਸਿਖਰਲੀ ਅਦਾਲਤ ਨੇ ਕਿਹਾ ਕਿ ਮੁੱਖ ਮੰਤਰੀ ਦਾ ਟਵੀਟ ਬੇਸ਼ੱਕ ਕਿੰਨਾ ਵੀ ਅਣਉੱਚਿਤ ਕਿਉਂ ਨਾ ਹੋਵੇ, ਵਿਧਾਨ ਸਭਾ ਸੈਸ਼ਨ ਵਿਚ ਦੇਰੀ ਨਹੀਂ ਕੀਤੀ ਜਾ ਸਕਦੀ। ਜੇ ਰਾਜਪਾਲ ਕੋਈ ਸੂਚਨਾ ਮੰਗਦਾ ਹੈ ਤਾਂ ਉਹ ਸੂਚਨਾ ਦੇਣ ਲਈ ਵੀ ਸਰਕਾਰ ਬੱਝੀ ਹੋਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਨੂੰ ਵਿਧਾਨ ਸਭਾ ਦਾ ਬਜਟ ਸੈਸ਼ਨ ਬੁਲਾਉਣ ਲਈ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪੈ ਰਿਹਾ ਹੈ। ਟਕਰਾਓ ਦੀ ਸਥਿਤੀ ਉਦੋਂ ਪੈਦਾ ਹੋਈ ਸੀ ਜਦੋਂ ਰਾਜਪਾਲ ਨੇ 13 ਫਰਵਰੀ ਨੂੰ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਸਿੰਗਾਪੁਰ ਭੇਜੇ ਗਏ ਪ੍ਰਿੰਸੀਪਲਾਂ ਦੀ ਚੋਣ ਤੇ ਖ਼ਰਚੇ, ਆਈਪੀਐੱਸ ਅਧਿਕਾਰੀ ਕੁਲਦੀਪ ਸਿੰਘ ਚਾਹਿਲ ਬਾਰੇ, ਦਲਿਤ ਬੱਚਿਆਂ ਦੀ ਵਜ਼ੀਫ਼ਿਆਂ ਆਦਿ ਬਾਰੇ ਸੂਚਨਾ ਮੰਗੀ ਸੀ ਅਤੇ ਪਹਿਲਾਂ ਲਿਖੇ ਪੱਤਰਾਂ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੀ ਗੱਲ ਵੀ ਆਖੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਜਵਾਬੀ ਟਵੀਟ ਕਰਕੇ ਕਿਹਾ ਸੀ ਕਿ ਉਹ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਜਵਾਬਦੇਹ ਹਨ। ਮੁੱਖ ਮੰਤਰੀ ਨੇ ਪੱਤਰ ਲਿਖ ਕੇ ਰਾਜਪਾਲ ਦੀ ਯੋਗਤਾ 'ਤੇ ਵੀ ਸੁਆਲ ਉਠਾਏ ਸਨ। ਇਸ ਮਗਰੋਂ ਹੀ ਰਾਜਪਾਲ ਨੇ ਬਜਟ ਸੈਸ਼ਨ ਸੱਦੇ ਜਾਣ ਦੇ ਮਾਮਲੇ ਨੂੰ ਟਾਲ ਦਿੱਤਾ ਸੀ।

***

## ਅਮਰੀਕਾ, ਯੂਰਪੀ ਯੂਨੀਅਨ, ਕੈਨੇਡਾ ਤੇ

ਮਗਰੋਂ ਉਪਰੋਕਤ ਸਿਫਾਰਸ਼ ਕੀਤੀ ਹੈ। ਡੈਨਮਾਰਕ ਦੀ ਵਿਦੇਸ਼ ਇੰਟੈਲੀਜੈਂਸ ਸੇਵਾ ਦਾ ਹਿੱਸਾ ਇਸ ਏਜੰਸੀ ਦਾ ਦਾਅਵਾ ਹੈ ਕਿ ਐਪ ਜ਼ਰੀਏ ਜਾਸੂਸੀ ਦਾ ਜੋਖ਼ਮ ਹੋ ਸਕਦਾ ਹੈ। ਉਂਜ ਅਜੇ ਤੱਕ ਇਹ ਪਤਾ ਨਹੀਂ ਲੱਗਾ ਕਿ ਕਿੰਨੇ ਡੈਨਿਸ਼ ਕਾਨੂੰਨਘਾੜਿਆਂ ਨੇ ਆਪੋ ਆਪਣੇ ਫੋਨ 'ਤੇ ਟਿਕਟੌਕ ਇੰਸਟਾਲ ਕੀਤਾ ਹੈ।

***

## ਅਮਰੀਕਾ 'ਚ ਟਰੱਕ ਨੇ

ਉਪਰ ਵਾਪਰਿਆ। ਪੁਲਿਸ ਦੇ ਬੁਲਾਰੇ ਲੀਸਾ ਬੇਰੀ ਨੇ ਕਿਹਾ ਹੈ ਕਿ ਗ੍ਰਿਫ਼ਤਾਰ ਡਰਾਈਵਰ ਹਾਦਸੇ ਦੀ ਜਾਂਚ ਵਿੱਚ ਪੂਰਾ ਸਹਿਯੋਗ ਕਰ ਰਿਹਾ ਹੈ। ਉਨ੍ਹਾਂ ਕਿਹਾ ਹੈ ਕਿ ਇਕ ਸਾਈਕਲ ਸਵਾਰ ਔਰਤ ਮੌਕੇ ਉਪਰ ਹੀ ਦਮ ਤੋੜ ਗਈ ਜਦਕਿ ਇਕ ਹੋਰ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ। ਇਨ੍ਹਾਂ ਵਿਚੋਂ ਇਕ ਗੁੱਡਈਅਰ ਦਾ ਵਸਨੀਕ ਸੀ ਜਦ ਕਿ ਦੂਸਰਾ ਹੋਰ ਰਾਜ ਤੋਂ ਆਇਆ ਸੀ। ਪੁਲਿਸ ਨੇ ਮ੍ਰਿਤਕਾਂ ਤੇ ਜ਼ਖਮੀਆਂ ਦੇ ਨਾਂ ਜਾਰੀ ਨਹੀਂ ਕੀਤੇ।

***

## ਪੰਜ ਦੇਸ਼ ਕਰਦੇ ਨੇ ਹਥਿਆਰਾਂ

ਬਹੁਤ ਹੇਠਲੇ ਪੱਧਰ 'ਤੇ ਪਹੁੰਚ ਚੁੱਕੀ ਹੈ। ਦੂਜੇ ਪਾਸੇ ਇਟਲੀ ਵਿੱਚ ਸੱਜ ਪਿਛਾਖੜੀ ਧਿਰ ਸੱਤ੍ਹਾ 'ਤੇ ਕਾਬਜ ਹੋ ਚੁੱਕੀ ਹੈ ਜੋ ਇਟਲੀ ਵਿਚਲੇ ਫਾਸ਼ੀਵਾਦੀ ਮੁਸੋਲਿਨੀ ਦੀ ਪੈੜ ਨੱਪਦੀ ਹੈ। ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਖੁੱਲੇਆਮ ਮੁਸੋਲਿਨੀ ਦੀਆਂ ਨੀਤੀਆਂ ਦੀ ਹਮਾਇਤ ਕਰ ਰਹੀ ਹੈ। ਜਪਾਨ ਦੀ ਆਰਥਿਕਤਾ ਵਿਚਲੇ ਨਿਘਾਰ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਪਾਨ ਨੇ ਪਿੱਛੇ ਜਿਹੇ ਆਪਣੇ ਨਾਗਰਿਕਾਂ ਨੂੰ ਵੱਧ ਤੋਂ ਵੱਧ ਸ਼ਰਾਬ ਪੀਣ ਦੀ ਸਲਾਹ ਦਿੱਤੀ ਸੀ ਤਾਂ ਕਿ ਇਸ ਤੋਂ ਹੋਣ ਵਾਲ਼ੀ ਕਮਾਈ ਨਾਲ ਜਪਾਨ ਦੀ ਆਰਥਿਕਤਾ ਨੂੰ ਉੱਚਾ ਚੁੱਕਿਆ ਜਾ ਸਕੇ।

ਦੂਜਾ ਮੁਲਕ ਸਵੀਡਨ ਹੈ ਜਿਸ ਨੇ ਆਪਣੇ ਫੌਜੀ ਖਰਚਿਆਂ ਵਿੱਚ ਵੱਡੇ ਪੱਧਰ ਦੀਆਂ ਤਬਦੀਲੀਆਂ ਲਿਆਂਦੀਆਂ ਹਨ। ਸਵੀਡਨ ਨੇ 2028 ਤੱਕ ਆਪਣੇ ਫੌਜੀ ਬਜਟ ਵਿੱਚ 64 ਫੀਸਦੀ ਤੱਕ ਵਾਧਾ ਕਰਨ ਦੀ ਗੱਲ ਕੀਤੀ ਹੈ। ਸਵੀਡਨ ਹਰ ਸਾਲ 12 ਅਰਬ ਡਾਲਰ ਸੁਰੱਖਿਆ ਦੇ ਨਾਂ 'ਤੇ ਖਰਚੇਗਾ। ਸਵੀਡਨ ਵਿੱਚ ਵੀ ਸੱਜ ਪਿਛਾਖੜੀ ਧਿਰ ਸੱਤ੍ਹਾ 'ਤੇ ਕਾਬਜ ਹੋ ਚੁੱਕੀ ਹੈ। ਇਸਨੇ ਯੂਕਰੇਨ ਨੂੰ 28.7 ਕਰੋੜ ਡਾਲਰ ਫੌਜੀ ਸਹਾਇਤਾ ਦੇਣ ਦੀ ਹਾਮੀ ਭਰੀ ਹੈ। ਪਿਛਲੇ ਸਮੇਂ ਸਵੀਡਨ ਦੀਆਂ ਫੌਜੀ ਸੁਰੱਖਿਆ ਨਾਲ਼ ਸਬੰਧਤ ਕੰਪਨੀਆਂ ਨੇ ਆਪਣੀ ਕਮਾਈ ਵਿੱਚ 13.6 ਫੀਸਦੀ ਦਾ ਵਾਧਾ ਕੀਤਾ। ਯਾਦ ਰਹੇ ਕੇ ਸਵੀਡਨ ਅਲਫਰਡ ਨੋਬਲ ਦਾ ਦੇਸ਼ ਹੈ ਜਿਸਦੇ ਨਾਂ 'ਤੇ ਨੋਬਲ ਇਨਾਮ ਰੱਖਿਆ ਗਿਆ ਹੈ ਜੋ ਸਰਮਾਏਦਾਰਾ ਪ੍ਰਬੰਧ ਦੀ ਉਮਰ ਲੰਮੇਰੀ ਕਰਨ ਵਾਲ਼ਿਆਂ ਨੂੰ ਦਿੱਤਾ ਜਾਂਦਾ ਹੈ। ਅਲਫਰਡ ਨੋਬਲ ਨੇ ਆਪਣੀ ਦੌਲਤ ਹਥਿਆਰਾਂ ਦੇ ਕੰਮ ਤੋਂ ਹੀ ਇਕੱਠੀ ਕੀਤੀ ਤੇ ਜਦੋਂ ਉਹ ਮਰਿਆ ਤਾਂ ਉਸ ਵੇਲੇ ਉਸ ਦੇ 90 ਦੇ ਕਰੀਬ ਹਥਿਆਰਾਂ ਨਾਲ਼ ਸਬੰਧਤ ਕਾਰਖਾਨੇ ਚੱਲ ਰਹੇ ਸਨ। ਸਵੀਡਨ ਨੇ ਫਿਨਲੈਂਡ ਦੇ ਨਾਲ਼ ਮਿਲ਼ ਕੇ ਨਾਟੋ ਦਾ ਅੰਗ ਬਣਨ ਲਈ ਅਰਜੀ ਦਿੱਤੀ ਹੈ। ਸਵੀਡਨ ਫਿਨਲੈਂਡ ਨਾਲ਼ ਮਿਲ਼ ਕੇ ਉੱਤਰੀ ਫਰੰਟ ਬਣਾਉਣਾ ਚਾਹੁੰਦਾ ਹੈ ਤਾਂ ਕਿ ਨਾਟੋ, ਰੂਸ ਦੇ ਖਿਲਾਫ ਖੜ੍ਹ ਸਕੇ।

ਇਸੇ ਤਰ੍ਹਾਂ ਹੀ ਜਰਮਨੀ ਨੇ ਆਪਣੇ ਫੌਜੀ ਖਰਚੇ ਵਧਾਉਣ ਦੀ ਵਕਾਲਤ ਕੀਤੀ ਹੈ। ਇਹ ਆਪਣਾ ਬਜਟ 50 ਅਰਬ ਯੂਰੋ (ਯੂਰਪੀ ਸੰਘ ਦੀ ਮੁਦਰਾ) ਵਧਾ ਸਕਦਾ ਹੈ। ਜਰਮਨੀ ਵੱਲੋਂ ਨਵੇਂ 35 ਲੜਾਕੂ ਜਹਾਜ ਲੈਣ ਦਾ ਫੈਸਲਾ ਕੀਤਾ ਗਿਆ ਹੈ। ਜਦ ਕਿ ਇਸ ਨੇ ਆਪਣੇ ਸਿਹਤ ਬਜਟ ਵਿੱਚ 42 ਅਰਬ ਯੂਰੋ ਦੀ ਕਮੀ ਲਿਆਂਦੀ ਹੈ। ਬਾਕੀ ਯੂਰਪੀ ਮੁਲਕਾਂ ਦੇ ਮੁਕਾਬਲੇ ਜਰਮਨੀ ਦੀ ਆਰਥਿਕਤਾ ਠੀਕ ਹਾਲਤ ਵਿੱਚ ਹੈ। ਯੂਰਪ ਵਿੱਚ ਰੂਸ ਖਿਲਾਫ ਆਪਣਾ ਅਧਾਰ ਮਜਬੂਤ ਰੱਖਣ ਲਈ ਇਸਨੂੰ ਇੱਕ ਤਕੜੀ ਫੌਜ ਦੀ ਜ਼ਰੂਰਤ ਹੈ ।

ਸੰਯੁਕਤ ਰਾਜ ਅਮਰੀਕਾ ਨੇ ਵੀ ਪਹਿਲੀ ਵਾਰ ਆਪਣੇ ਬਜਟ ਵਿੱਚ 'ਫੌਜੀ ਸਹਾਇਤਾ' ਦੀ ਇੱਕ ਵਿਵਸਥਾ ਰੱਖੀ ਹੈ। ਅਮਰੀਕਾ ਦੀ ਸੈਨੇਟ ਨੇ ਰਿਕਾਰਡ 85.8 ਕਰੋੜ ਡਾਲਰ ਦੀ ਫੌਜੀ ਸਹਾਇਤਾ ਦਾ ਬਿੱਲ ਪਾਸ ਕੀਤਾ ਹੈ। ਇਸ ਦੇ ਨਾਲ਼ ਹੀ ਫੌਜੀਆਂ ਦੀ ਤਨਖਾਹ ਵਿੱਚ 4.6 ਫੀਸਦੀ ਦਾ ਵਾਧਾ ਕੀਤਾ ਗਿਆ ਹੈ । ਸਾਮਰਾਜੀ ਚੀਨ ਨੂੰ ਨੱਥ ਪਾਉਣ ਲਈ ਅਮਰੀਕਾ ਨੇ ਤਾਈਵਾਨ ਨੂੰ ਅਰਬਾਂ ਡਾਲਰਾਂ ਦੀ ਫੌਜੀ ਸਹਾਇਤਾ ਦੇਣ ਦਾ ਅਹਿਦ ਕੀਤਾ ਹੈ। ਅਮਰੀਕਾ ਨੇ 2017 ਤੋਂ 20 ਅਰਬ ਅਮਰੀਕੀ ਡਾਲਰ ਦੇ ਹਥਿਆਰ ਤਾਈਵਾਨ ਨੂੰ ਵੇਚੇ ਹਨ। ਇੱਕ ਹੋਰ ਖਬਰ ਅਨੁਸਾਰ ਅਮਰੀਕਾ ਹੁਣ ਤੱਕ ਯੂਕਰੇਨ ਨੂੰ 19 ਅਰਬ ਡਾਲਰ ਦੀ ਫੌਜੀ ਸਹਾਇਤਾ ਦੇ ਚੁੱਕਾ ਹੈ। ਇਸ ਤਰੀਕੇ ਨਾਲ਼ ਅਮਰੀਕਾ ਨੇ ਯੂਕਰੇਨ ਵਿੱਚ ਰੂਸ ਅਤੇ ਤਾਈਵਾਨ ਵਿੱਚ ਚੀਨ ਨੂੰ ਘੇਰ ਕੇ ਕਮਜੋਰ ਕਰਨ ਦੀ ਵਿਉਂਤ ਨੇਪਰੇ ਚਾੜ੍ਹਨ ਦੇ ਪ੍ਰਬੰਧ ਕਰ ਲਏ ਹਨ। ਅਮਰੀਕਾ ਨੇ 2012 ਤੋਂ ਲੈ ਕੇ 2021 ਤੱਕ ਫੌਜ ਨਾਲ਼ ਸਬੰਧਤ ਖੋਜ ਤੇ ਵਿਕਾਸ 24 ਫੀਸਦੀ ਤੱਕ ਵਾਧਾ ਕੀਤਾ ਹੈ।

ਇਸ ਤੋਂ ਇਲਾਵਾ ਰੂਸ ਨੇ ਆਪਣੇ ਫੌਜੀ ਖਰਚਿਆਂ ਨੂੰ 2.9 ਫੀਸਦੀ ਦੀ ਦਰ ਨਾਲ 65.9 ਬਿਲੀਅਨ ਅਮਰੀਕੀ ਡਾਲਰ ਤੱਕ ਵਧਾਇਆ ਹੈ। ਫੌਜੀ ਖਰਚੇ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 4.1 ਫੀਸਦੀ ਹੋ ਗਏ ਹਨ। ਯੂਕਰੇਨ ਨੇ ਵੀ 2014 ਵਿੱਚ ਰੂਸ ਦੇ ਕਰੀਮੀਆ ਟਾਪੂ 'ਤੇ ਕਬਜੇ ਤੋਂ ਬਾਅਦ ਆਪਣੇ ਸੁਰੱਖਿਆ ਬਜਟ ਵਿੱਚ 72 ਫੀਸਦੀ ਦਾ ਵਾਧਾ ਕੀਤਾ ਹੈ। ਚੀਨ ਨੇ ਵੀ ਆਪਣੇ ਫੌਜੀ ਖਰਚਿਆਂ ਵਿੱਚ 2020 ਮੁਕਾਬਲੇ 2021 ਵਿੱਚ 4.7 ਫੀਸਦੀ ਦਾ ਵਾਧਾ ਕੀਤਾ ਹੈ। ਇਸ ਨਾਲ਼ ਇਸਦਾ ਸੁਰੱਖਿਆ 'ਤੇ ਖਰਚਾ 293 ਅਰਬ ਅਮਰੀਕੀ ਡਾਲਰ ਪਹੁੰਚ ਜਾਂਦਾ ਹੈ। ਅਸਟ੍ਰੇਲੀਆ ਦਾ ਸੁਰੱਖਿਆ ਬਜਟ 4 ਫੀਸਦੀ ਦੀ ਦਰ 'ਤੇ 31.8 ਅਰਬ ਤੱਕ ਜਾ ਚੁੱਕਾ ਹੈ। ਇਸੇ ਤਰ੍ਹਾਂ ਇਰਾਨ ਨੇ ਵੀ ਲਗਾਤਾਰ ਚਾਰ ਸਾਲਾਂ ਵਿੱਚ ਸੁਰੱਖਿਆ ਖਰਚਿਆਂ ਨੂੰ ਵਧਾ ਕੇ 24.6 ਅਰਬ ਡਾਲਰ 'ਤੇ ਲੈ ਆਂਦਾ ਹੈ। ਹੋਰ ਤੇ ਹੋਰ ਨਾਈਜੀਰੀਆ ਵਰਗੇ ਗਰੀਬ ਮੁਲਕ ਨੇ ਵੀ 2021 ਵਿੱਚ ਆਪਣੇ ਫੌਜੀ ਖਰਚਿਆਂ ਨੂੰ 56% ਦੀ ਦਰ 'ਤੇ ਵਧਾ ਦਿੱਤਾ ਹੈ। ਸਭ ਤੋਂ ਵੱਧ ਰਿਕਾਰਡ ਤੋੜ ਖਰਚ ਮੱਧ ਪੂਰਬੀ ਦੇਸ਼ ਕਤਰ ਨੇ ਕੀਤਾ ਹੈ। ਇਸਨੇ 2010 ਦੇ ਮੁਕਾਬਲੇ ਆਪਣੇ ਫੌਜੀ ਖਰਚੇ ਵਿੱਚ 434 ਫੀਸਦੀ ਦਾ ਵਾਧਾ ਕੀਤਾ ਹੈ। ਇਸ ਤਰ੍ਹਾਂ ਭਾਰਤ ਨੇ ਵੀ 2012 ਤੋਂ ਬਾਅਦ 33 ਫੀਸਦੀ ਦੇ ਵਾਧੇ ਨਾਲ਼ ਆਪਣੇ ਫੌਜੀ ਖਰਚਿਆਂ ਨੂੰ 76.6 ਅਰਬ ਡਾਲਰ ਕਰਕੇ ਦੁਨੀਆ ਭਰ ਵਿੱਚ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ।

ਇਸ ਤੋਂ ਸਪਸ਼ਟ ਹੈ ਕਿ ਵਿਕਸਿਤ ਮੁਲਕਾਂ ਦੇ ਡਿੱਗਦੇ ਹੋਏ ਮੁਨਾਫੇ ਕਰਕੇ ਆਮ ਲੋਕਾਈ ਨੂੰ ਨਿਹੱਕੀਆਂ ਜੰਗਾਂ ਵਿਚ ਝੋਕਿਆ ਜਾ ਰਿਹਾ ਹੈ। ਇਹ ਮਨੁੱਖਤਾ ਨੂੰ ਇੱਕ ਹੋਰ ਵੱਡੀ ਤਬਾਹੀ ਦੇ ਸਨਮੁਖ ਕਰਵਾਉਣ ਦੀ ਤਿਆਰੀ ਹੈ।

## ਬੰਦੀ ਸਿੰਘਾਂ ਦੇ ਮਸਲੇ

ਚੁੱਕੇ ਹਨ, ਨੂੰ ਰਿਹਾਅ ਕਰਨ ਤੋਂ ਇਨਕਾਰ ਕਰਦੀਆਂ ਆਈਆਂ ਹਨ। ਜਦੋਂਕਿ ਦੂਜੇ ਪਾਸੇ ਪਿਛਲੇ ਕੁਝ ਹੀ ਸਮੇਂ ਦੌਰਾਨ ਰਾਜੀਵ ਗਾਂਧੀ ਕਤਲ ਕਾਂਡ ਦੇ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਤੋਂ ਇਲਾਵਾ ਗੁਜਰਾਤ ਦੰਗਿਆਂ ਦੇ ਬਹੁ-ਚਰਚਿਤ ਬਿਲਕਿਸ ਬਾਨੋ ਜਬਰ-ਜਨਾਹ ਤੇ ਕਤਲ ਮਾਮਲੇ ਦੇ ਦੋਸ਼ੀਆਂ ਦੀ ਚੰਗੇ ਚਾਲ-ਚਲਣ ਦੇ ਆਧਾਰ 'ਤੇ ਰਿਹਾਈ ਅਤੇ ਆਪਣੀਆਂ ਸਾਧਵੀਆਂ ਨਾਲ ਜਬਰ-ਜਨਾਹ ਸਮੇਤ ਡੇਰਾ ਪ੍ਰਬੰਧਕ ਅਤੇ ਇਕ ਪੱਤਰਕਾਰ ਦੇ ਕਤਲ ਵਰਗੇ ਸੰਗੀਨ ਅਪਰਾਧਾਂ 'ਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਪਿਛਲੇ 14 ਮਹੀਨਿਆਂ ਦੌਰਾਨ 4 ਵਾਰ ਪੈਰੋਲ 'ਤੇ ਰਿਹਾਈ ਹੋ ਚੁੱਕੀ ਹੈ। ਸਰਕਾਰਾਂ ਦੀ ਇੱਛਾ-ਸ਼ਕਤੀ ਵਿੱਚ ਵਿਤਕਰੇਬਾਜ਼ੀ ਦੀ ਇਕ ਹੋਰ ਮਿਸਾਲ ਹੈ ਕਿ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ 'ਚ ਉਮਰ ਕੈਦ ਵਰਗੇ ਸਜ਼ਾਯਾਫ਼ਤਾ ਬਹੁਤ ਸਾਰੇ ਸਾਬਕਾ ਪੁਲਿਸ ਅਧਿਕਾਰੀਆਂ/ਮੁਲਾਜ਼ਮਾਂ ਨੂੰ ਮਹਿਜ 4-4 ਸਾਲ ਦੀ ਸਜ਼ਾ ਭੁਗਤਣ ਤੋਂ ਬਾਅਦ ਵੀ ਪੰਜਾਬ ਦੇ ਰਾਜਪਾਲ ਵਲੋਂ ਧਾਰਾ 161 ਤਹਿਤ ਸਜ਼ਾ ਮੁਆਫ਼ੀ ਦਿੱਤੀ ਗਈ ਹੈ। ਕੀ ਇਸ ਨਾਲ ਦੇਸ਼ 'ਚ ਸਿੱਖਾਂ ਅੰਦਰ ਅਲਹਿਦਗੀ ਜਾਂ ਬੇਗ਼ਾਨਗੀ ਦਾ ਅਹਿਸਾਸ ਪ੍ਰਬਲ ਨਹੀਂ ਹੋਵੇਗਾ ? ਜਿੱਥੋਂ ਤੱਕ ਸਵਾਲ ਹੈ 'ਬੰਦੀ ਸਿੰਘਾਂ' ਦੀ ਰਿਹਾਈ ਨਾਲ ਅਮਨ-ਕਾਨੂੰਨ ਨੂੰ ਖ਼ਤਰੇ ਦਾ ਤਾਂ ਜੇਕਰ ਰਾਜੀਵ ਗਾਂਧੀ 'ਤੇ ਕਾਤਲਾਨਾ ਹਮਲਾ ਕਰਨ ਵਾਲਾ ਕਰਮਜੀਤ ਸਿੰਘ ਸੁਨਾਮ, ਹਰਚੰਦ ਸਿੰਘ ਲੌਂਗੋਵਾਲ ਕਤਲ ਕਾਂਡ 'ਚ ਗਿਆਨ ਸਿੰਘ ਲੀਲ ਕਲਾਂ, ਸੀਨੀਅਰ ਕਾਂਗਰਸੀ ਆਗੂ ਲਲਿਤ ਮਾਕਨ ਕਤਲ ਮਾਮਲੇ ਵਿਚ ਰਣਜੀਤ ਸਿੰਘ ਕੁੱਕੀ ਅਤੇ ਭਾਈ ਦਲਜੀਤ ਸਿੰਘ ਬਿੱਟੂ ਸਮੇਤ ਅਨੇਕਾਂ ਚੋਟੀ ਦੇ ਸਾਬਕਾ ਖਾੜਕੂ ਸਜ਼ਾਵਾਂ ਭੁਗਤਣ ਤੋਂ ਬਾਅਦ ਰਿਹਾਅ ਹੋ ਕੇ ਸਮਾਜ ਵਿਚ ਇਕ ਨਵੀਂ ਅਤੇ ਅਮਨ ਦੀ ਜ਼ਿੰਦਗੀ ਜੀਅ ਰਹੇ ਹਨ ਤਾਂ ਬਾਕੀ 'ਬੰਦੀ ਸਿੰਘਾਂ' ਨੂੰ ਨਵੇਂ ਸਿਰਿਓਂ ਆਮ ਜ਼ਿੰਦਗੀ ਜਿਊਣ ਦਾ ਮੌਕਾ ਕਿਉਂ ਨਹੀਂ ਦਿੱਤਾ ਜਾ ਸਕਦਾ ?

### ਜ਼ਿੰਦਗੀ ਦਾ ਮਾਨਵੀ ਪੱਖ

'ਬੰਦੀ ਸਿੰਘਾਂ' ਜਾਂ ਸਿਆਸੀ ਸਿੱਖ ਕੈਦੀਆਂ ਨੂੰ 'ਅੱਤਵਾਦੀ' ਆਖ ਕੇ ਹੀ ਉਨ੍ਹਾਂ ਦੇ ਮਾਨਵੀ ਪੱਖ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ। ਸਿਆਸੀ ਸੰਕਟ 'ਚੋਂ ਉਪਜੀ ਹਥਿਆਰਬੰਦ ਲਹਿਰ ਵਿੱਚ ਮਜਬੂਰੀਵੱਸ ਸ਼ਾਮਿਲ ਰਹੇ ਇਹ ਕੈਦੀ ਬਦਲੇ ਵਿੱਚ ਆਪਣਾ ਸਭ ਕੁਝ ਗੁਆ ਚੁੱਕੇ ਹਨ। ਉਮਰਾਂ ਜੇਲ੍ਹਾਂ 'ਚ ਬੀਤ ਗਈਆਂ। ਪਰਿਵਾਰ ਖੇਰੂੰ-ਖੇਰੂੰ ਹੋ ਗਏ। ਸਮੇਂ ਦਾ ਇਕ ਚੱਕਰ ਗੇੜ ਕੱਟ ਚੁੱਕਾ ਹੈ। ਪਰ ਕੀ ਉਨ੍ਹਾਂ ਨੇ ਕਾਨੂੰਨੀ ਸਜ਼ਾ ਤੋਂ ਇਲਾਵਾ ਜਿਹੜੀਆਂ ਮਾਨਸਿਕ ਸਜ਼ਾਵਾਂ ਭੋਗੀਆਂ ਹਨ, ਉਹ ਕੁਦਰਤ ਦੇ ਇਨਸਾਫ਼ ਦੇ ਖ਼ਿਲਾਫ਼ ਨਹੀਂ ? ਕੀ ਇਹ ਕਾਨੂੰਨ ਦੇ ਤਰਾਜ਼ੂ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਬਹੁਤ ਵੱਡੀ ਨਾ-ਇਨਸਾਫ਼ੀ ਨਹੀਂ ?

ਭਾਰਤ ਦੀਆਂ ਜੇਲ੍ਹਾਂ 'ਚ ਨਜ਼ਰਬੰਦ ਨਾ-ਸਿਰਫ਼ 'ਬੰਦੀ ਸਿੰਘਾਂ', ਬਲਕਿ ਹਰੇਕ ਤਰ੍ਹਾਂ ਦੇ ਸਿਆਸੀ ਕੈਦੀਆਂ ਨੂੰ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਸਮਾਜ 'ਚ ਆਮ ਜ਼ਿੰਦਗੀ ਜਿਊਣ ਦਾ ਇਕ ਮੌਕਾ ਜ਼ਰੂਰ ਮਿਲਣਾ ਚਾਹੀਦਾ ਹੈ। ਉਨ੍ਹਾਂ ਦੇ ਮਨੁੱਖੀ ਅਧਿਕਾਰ ਵੀ ਮੰਗ ਕਰਦੇ ਹਨ ਕਿ ਉਮਰਾਂ ਦੇ ਅੰਤਲੇ ਪੜਾਅ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਕੱਟਣ ਦੀ ਥਾਂ ਉਹ ਆਪਣੇ ਪਰਿਵਾਰਾਂ ਵਿੱਚ ਰਹਿ ਕੇ ਰਹਿੰਦੀ ਜ਼ਿੰਦਗੀ ਗੁਜ਼ਾਰ ਸਕਣ। ਸਿਆਸੀ ਕੈਦੀਆਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਸਮੇਂ ਸਿਰ ਰਿਹਾਈ ਲਈ ਸਾਰੇ ਸੂਬਿਆਂ ਦੇ ਸਾਂਝੇ ਪੈਮਾਨੇ ਵਾਲਾ ਇਕ ਕੌਮੀ ਨਿਆਂਇਕ ਕਮਿਸ਼ਨ ਬਣਨਾ ਚਾਹੀਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਦਹਾਕਿਆਂ ਤੋਂ ਜੇਲ੍ਹਾਂ 'ਚ ਡੱਕੇ 'ਬੰਦੀ ਸਿੰਘਾਂ' ਨੂੰ ਰਿਹਾਅ ਕਰ ਕੇ, ਸਿੱਖਾਂ ਅੰਦਰਲੇ ਅਲਹਿਦਗੀ ਅਤੇ ਬੇਇਨਸਾਫ਼ੀ ਦੀ ਪੈਦਾ ਹੋ ਰਹੀ ਭਾਵਨਾ ਨੂੰ ਦੂਰ ਕਰਦਿਆਂ, ਦੇਸ਼ ਦੀ ਪ੍ਰਗਤੀ ਤੇ ਮਜ਼ਬੂਤੀ ਵਿੱਚ ਬਰਾਬਰ ਦੇ ਹਿੱਸੇਦਾਰ ਬਣਾਉਣ ਦਾ ਮੌਕਾ ਮੌਜੂਦਾ ਕੇਂਦਰੀ ਸਰਕਾਰ ਨੂੰ ਗੁਆਉਣਾ ਨਹੀਂ ਚਾਹੀਦਾ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com